ਕੌਮਾਂਤਰੀ www.amritsartimes.live
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 23 | Issue 227| 13 May to 19 May 2026 | Ph.: (510) 240-5949 | Email: asrtimes@gmail.com

ਪੰਜਾਬ ਆਪਣੇ ਆਪ ਦਾ ਖ਼ੁਦ ਪਹਿਰੇਦਾਰ !

ਅੰਮ੍ਰਿਤਸਰ ਟਾਈਮਜ਼ ਬਿਊਰੋ

ਪੰਜਾਬ 'ਚ ਇਸ ਸਮੇਂ ਜਿਥੇ ਖੇਤਾਂ ਵਿੱਚ ਕਣਕ ਦੀ ਫ਼ਸਲ ਦੀ ਵਾਢੀ ਹੋ ਚੁੱਕੀ ਹੈ, ਵੱਡੀ ਗਿਣਤੀ ਥਾਂਵਾਂ 'ਤੇ ਫ਼ਸਲ ਮੰਡੀਆਂ ਵਿੱਚ ਵਿਕ ਗਈ ਹੈ। ਉਥੇ ਕੁਝ ਸਿਆਸੀ ਪਾਰਟੀਆਂ ਦੇ ਆਗੂ ਆਪਣੇ ਨਿੱਜੀ ਅਤੇ ਸਿਆਸੀ ਮੁਫ਼ਾਦਾਂ ਲਈ 'ਕਣਕ' ਦੀ ਫ਼ਸਲ ਵਾਂਗੂੰ ਪੰਜਾਬ ਵਿੱਚ 'ਦਹਿਸ਼ਤ' ਦੀ ਫ਼ਸਲ ਕੱਟਣ ਦੇ ਰਾਹ ਪੈ ਗਏ ਲੱਗਦੇ ਹਨ। ਕਣਕ ਦੀ ਫ਼ਸਲ ਦੀ ਕਟਾਈ ਤੋਂ ਬਾਅਦ ਜਿਵੇਂ ਪੰਜਾਬ ਦੇ ਖੇਤ ਸੁੰਨੇ ਪਏ ਹਨ, ਉਵੇਂ ਹੀ ਪੰਜਾਬ ਦੇ ਸਿਆਸਤਦਾਨਾਂ ਦੇ ਦਿਲ ਵੀ ਸੁੰਨੇ ਪਏ ਹਨ, ਇਸੇ ਕਾਰਨ ਉਹਨਾਂ ਨੂੰ ਪੰਜਾਬੀਆਂ ਦਾ ਮੌਜੂਦਾ ਹਾਲ ਵੇਖ ਕੇ ਕੋਈ ਦਰਦ ਨਹੀਂ ਹੁੰਦਾ। ਵੈਸੇ ਤਾਂ ਪੰਜਾਬ ਮੁੱਢ ਤੋਂ ਹੀ ਸਿਆਸਤ ਦਾ ਮੈਦਾਨ ਰਿਹਾ ਹੈ ਪਰ ਹੁਣ ਇਸ ਮੈਦਾਨ ਦੇ ਵਿੱਚ ਨਾ ਤਾਂ ਕੋਈ ਨੈਤਿਕ ਨਜ਼ਰੀਆ ਹੈ ਤੇ ਨਾ ਹੀ ਕੋਈ ਸਿਆਸੀ ਪੱਧਰ 'ਤੇ ਮਾਪਦੰਡ। ਸ਼ਬਦੀ ਵਾਰ, ਤੇ ਉਹ ਵੀ ਹੱਦੋਂ ਵੱਧ ਗਿਰਾਵਟ ਵਾਲੇ ਬੋਲੇ ਜਾ ਰਹੇ ਨੇ ਤੇ ਸਮਝਿਆ ਜਾ ਰਿਹੈ ਕਿ ਵੱਧ ਬੋਲਣ ਵਾਲਾ ਸ਼ਾਇਦ ਵੱਧ ਸੰਜੀਦਾ ਨੇਤਾ ਹੋਵੇਗਾ ਤੇ ਉਹ ਪੰਜਾਬ ਦਾ ਹਮਾਇਤੀ ਹੋਵੇਗਾ। ਖ਼ੈਰ ਇਹ ਸੋਚ ਸਿਰਫ਼ ਸਿਆਸਤ ਦੇ ਦਾਇਰੇ ਦੇ ਵਿੱਚ ਹੀ ਹੈ, ਪਰ ਲੋਕ ਇੱਕ ਸੰਜੀਦਾ ਸਮਝਦਾਰ ਤੇ ਦੂਰ ਅੰਦੇਸ਼ੀ ਦੇ ਹੱਥ ਹੀ ਪੰਜਾਬ ਦੀ ਵਾਗਡੋਰ ਦੇਣਾ ਚਾਹੁੰਦੇ ਨੇ।

ਪੰਜਾਬ ਵਿੱਚ ਅੱਜ-ਕੱਲ੍ਹ ਜਿਸ ਤਰ੍ਹਾਂ ਦੇ ਹਾਲਾਤ ਬਣਦੇ ਜਾ ਰਹੇ ਹਨ ਜਾਂ ਬਣਾਏ ਜਾ ਰਹੇ ਨੇ, ਉਸ ਤੋਂ ਇਹ ਲੱਗਦਾ ਹੈ ਕਿ ਨੇਤਾਵਾਂ ਦੇ ਨਜ਼ਰੀਏ ਤੋਂ ਪੰਜਾਬ ਸ਼ਾਇਦ ਕੱਠਪੁਤਲੀ ਹੈ ਤੇ ਉਹ ਸੋਚਦੇ ਨੇ ਕਿ ਸਾਡੇ ਇਸ਼ਾਰਿਆਂ ਦੇ ਉੱਤੇ ਪੰਜਾਬ ਨੱਚੇਗਾ।

ਇਸ ਦੀ ਇੱਕ ਉਦਾਹਰਨ ਇਹ ਹੈ ਕਿ ਬੰਗਾਲ ਦੀ ਜਿੱਤ ਤੋਂ ਬਾਅਦ ਭਾਜਪਾ ਦੇ ਕੁਝ ਨੁਮਾਇੰਦਿਆਂ ਨੇ ਮਲਕੜੇ ਜਿਹੇ ਕਹਿ ਦਿੱਤਾ ਕਿ ਹੁਣ ਪੰਜਾਬ ਜਿੱਤਣ ਦੀ ਵਾਰੀ ਹੈ। ਮੁੱਖ ਮੰਤਰੀ ਪੰਜਾਬ ਨੇ ਅਜੇ ਲੰਘੇ ਦਿਨੀਂ ਕਿਹਾ ਸੀ ਕਿ ਪੰਜਾਬ ਕੋਈ ਟਰੱਕ ਨਹੀਂ, ਜਿਹੜਾ ਹਰ ਕੋਈ ਚਲਾ ਲਵੇਗਾ। ਪਹਿਲੀ ਗੱਲ ਕਿ ਟਰੱਕ ਚਲਾਉਣਾ ਕਿਸੇ ਮਹਾਤੜ ਬੰਦੇ ਦਾ ਕੰਮ ਨਹੀਂ ਹੈ ਤੇ ਦੂਜੀ ਗੱਲ ਰਹੀ ਪੰਜਾਬ ਨੂੰ ਚਲਾਉਣ ਦੀ ਤਾਂ ਉਹ ਤਾਂ ਆਮ ਘਰਾਂ ਦੇ ਖਾਸ ਬਣੇ ਵੀ ਚਲਾਉਣ ਵਿੱਚ ਅਸਮਰਥ ਹੋ ਗਏ ਨੇ। ਤੇ ਲੋਕੀਂ ਮੂੰਹੋ ਮੂੰਹ ਉਹਨਾਂ ਨੂੰ ਸੱਤਾ ਤੋਂ ਉਤਾਰਨ ਦੀਆਂ ਗੱਲਾਂ ਕਰ ਰਹੇ ਨੇ। ਲੋਕ ਤਾਂ ਇਹ ਵੀ ਕਹਿ ਰਹੇ ਨੇ ਕਿ ਕੱਟੜ ਇਮਾਨਦਾਰੀ ਦਾ ਚੋਲਾ ਪਾ ਕੇ ਆਈ ਆਮ ਆਦਮੀ ਪਾਰਟੀ 9-9 ਮੰਜ਼ਿਲਾਂ ਤੋਂ ਪੈਸਿਆਂ ਨਾਲ ਭਰੇ ਬੈਗ ਸੁੱਟਦੀ ਵੇਖੀ ਗਈ ਹੈ। ਤੁਲਸੀ ਦਾਸ ਜੀ ਦਾ ਸ਼ਬਦ ਹੈ ਕਿ 'ਰਘੁਕੁਲ ਰੀਤ ਸਦਾ ਚਲੀ ਆਇ, ਪ੍ਰਾਣ ਜਾਇ ਪਰ ਵਚਨ ਨਾ ਜਾਇ' ਨੂੰ ਮੰਚਾਂ 'ਤੇ ਦੁਹਰਾਉਣ ਵਾਲੇ ਤਕਰੀਰਾਂ ਦੇ ਵਿੱਚ ਹੀ ਇਮਾਨਦਾਰ ਨੇ ਤੇ ਵਫ਼ਦਾਰ ਨੇ।

ਲੰਘੇ ਦਿਨਾਂ ਦੇ ਵਿੱਚ ਪੰਜਾਬ 'ਚ ਛੋਟੇ-ਛੋਟੇ ਧਮਾਕਿਆਂ ਦੀਆਂ ਖ਼ਬਰਾਂ ਆਈਆਂ। ਇਹਨਾਂ ਵਿਚੋਂ ਇੱਕ ਧਮਾਕਾ ਤਾਂ ਸ਼ਾਇਦ ਕੁਦਰਤੀ ਸੀ ਜਾਂ ਅਣਗਹਿਲੀ ਕਹਿ ਲਵੋ ਪਰ ਫੇਰ ਵੀ ਮੁੱਖ ਮੰਤਰੀ ਨੇ ਇਸ ਨੂੰ ਵੱਡਾ ਮੁੱਦਾ ਬਣਾਇਆ। ਅਖੇ ਇਹ ਸਭ ਕੁਝ ਭਾਜਪਾ ਕਰਵਾ ਰਹੀ ਹੈ। ਜਿੱਥੋਂ ਤੱਕ ਭਾਜਪਾ ਦੀ ਗੱਲ ਹੈ ਤਾਂ ਪੰਜਾਬ ਦੇ ਵਿੱਚ ਭਾਜਪਾ ਦੀ ਸਥਿਤੀ ਨਾ ਪੰਜਾਂ 'ਚੋਂ ਹੈ ਨਾ ਪੰਜਾਹਾਂ 'ਚੋਂ ਹੈ ਪਰ ਮੁੱਖ ਮੰਤਰੀ ਸਾਹਿਬ ਏਸ ਤਰ੍ਹਾਂ ਬਿਆਨ ਦੇ ਰਹੇ ਨੇ ਜਿਵੇਂ ਉਹਨਾਂ ਦਾ ਮੁਕਾਬਲਾ ਸਿੱਧਾ ਭਾਜਪਾ ਨਾਲ ਹੀ ਹੈ। ਜਦੋਂਕਿ ਭਾਜਪਾ ਪੰਜਾਬ ਵਿੱਚ ਚੌਥੀ ਧਿਰ ਹੈ ਪਰ ਭਗਵੰਤ ਮਾਨ ਸਾਹਿਬ ਉਹਨੂੰ ਮੈਦਾਨ ਦੇ ਵਿੱਚ ਵੱਡੀ ਧਿਰ ਬਣਾ ਰਹੇ ਨੇ। ਰਹੀ ਗੱਲ ਭਾਜਪਾ ਦੀ ਤਾਂ ਉਹ ਪੰਜਾਬ ਨੂੰ ਦੂਜੇ ਰਾਜਾਂ ਵਰਗੇ ਸਾਂਚੇ ਵਿੱਚ ਨਾਪ ਤੋਲ ਕੇ ਵੇਖ ਰਹੀ ਹੈ। ਭਾਜਪਾ ਦਾ ਏਜੰਡਾ ਹੈ ਕਿ ਵੰਡ ਪਾ ਕੇ ਜਾਂ ਪਾੜ ਪਾ ਕੇ ਜਿੱਤਣਾ ਪਰ ਉਹਨਾਂ ਦੀ ਇਹ ਗਿਣੀ ਮਿੱਥੀ ਚਾਲ ਜ਼ਰੂਰੀ ਤਾਂ ਨਹੀਂ ਕਿ ਪੰਜਾਬ 'ਤੇ ਲਾਗੂ ਹੋਵੇ। ਇਸ ਸਮੇਂ ਪੰਜਾਬ ਦੇ ਵਿੱਚ ਰਾਜਨੀਤਿਕ ਨੁਮਾਇੰਦਿਆਂ ਦੇ ਵੱਲੋਂ ਅਲੱਗ ਅਲੱਗ ਮੁੱਦੇ ਉਠਾ ਕੇ ਲੋਕਾਂ ਵਿੱਚ ਡਰ ਦਾ ਮਾਹੌਲ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਪੰਜਾਬ ਦੀ ਜਨਤਾ 'ਤੇ ਬਹੁਤਾ ਅਸਰ ਸਿਆਸਤਦਾਨ ਪਾਉਣ ਵਿੱਚ ਅਸਫ਼ਲ ਰਹੇ ਕਿਉਂਕਿ ਲੋਕ ਹੁਣ ਤੱਥ ਦੇ ਆਧਾਰ 'ਤੇ ਗੱਲ ਕਰਦੇ ਨੇ ਤੇ ਸਿਆਸਤਦਾਨਾਂ ਦੇ ਜਵਾਬ ਤੱਥਾਂ ਤੋਂ ਕੋਹਾਂ ਦੂਰ ਨੇ। ਤਾਂ ਹੀ ਤਾਂ ਸਿਆਣੇ ਕਹਿੰਦੇ ਨੇ ਕਿ ਖਾਲੀ ਗਾਗਰ ਜ਼ਿਆਦਾ ਖੜਕਦੀ ਹੈ ਤੇ ਖਾਲੀ ਗਾਗਰ ਵਾਲਾ ਹਾਲ ਪੰਜਾਬ ਦੇ ਸਿਆਸਤਦਾਨਾਂ ਦਾ ਹੈ। ਮੌਕਾਪ੍ਰਸਤ ਸਿਆਸਤਦਾਨ ਇੱਕ ਪਾਰਟੀ ਤੋਂ ਦੂਜੀ ਪਾਰਟੀ ਦੇ ਵਿੱਚ ਇਸ ਤਰ੍ਹਾਂ ਜਾ ਵੜਦੇ ਨੇ ਜਿਵੇਂ ਡੱਡੂ ਛੜੱਪਾ ਮਾਰਦਾ ਹੈ ਛੱਪੜ ਵਿੱਚ। ਲੰਘੇ ਦਿਨੀਂ ਬੜੀ ਚਰਚਾ ਦੇ ਵਿੱਚ ਰਹੇ ਆਮ ਆਦਮੀ ਪਾਰਟੀ ਦੇ ਰਾਘਵ ਚੱਢਾ ਤੇ ਉਸ ਦੇ ਨਾਲ ਛੇ ਹੋਰ ਰਾਜ ਸਭਾ ਮੈਂਬਰ। ਕਿੰਨੀ ਮੰਦਭਾਗੀ ਗੱਲ ਹੈ ਵੈਸੇ ਇਹ ਵਰਤਾਰਾ ਕੋਈ ਹੈਰਾਨ ਕਰਨ ਵਾਲਾ ਨਹੀਂ ਹੈ। ਲੋਕਾਂ ਨੂੰ ਸਾਫ਼ ਪਤਾ ਹੈ ਕਿ ਹੁਣ ਜਮਹੂਰੀਅਤ ਪੈਸੇ ਦੇ ਜ਼ੋਰ ਨਾਲ ਚੱਲਦੀ ਹੈ। ਸ਼ਰਾਬ ਦੀਆਂ ਬੋਤਲਾਂ ਬਦਲੇ ਵੋਟਾਂ ਮਿਲਦੀਆਂ ਹਨ ਤੇ ਅਹੁਦੇ ਦੇ ਲਾਲਚਵੱਸ ਦਲ ਬਦਲੀ ਕੀਤੀ ਜਾਂਦੀ ਹੈ। ਹੈਰਾਨੀ ਤਾਂ ਉਦੋਂ ਹੋਈ ਜਦੋਂ ਇਹਨਾਂ ਸੱਤਾਂ ਦੇ ਭਾਜਪਾ ਵਿੱਚ ਜਾਣ 'ਤੇ ਕਿਸੇ ਆਗੂ ਨੇ ਕਿਹਾ ਕਿ ਡੁੱਬਦੇ ਜਹਾਜ਼ ਦੇ ਵਿਚੋਂ ਨਿਕਲ ਕੇ ਜਿਹੜੇ ਸਾਡੀ ਪਾਰਟੀ ਵਿੱਚ ਆ ਗਏ ਨੇ, ਉਹਨਾਂ ਦਾ ਸਵਾਗਤ ਹੈ। ਕਿੰਨਾ ਨਾਸਮਝ ਉਹ ਆਗੂ ਹੋਵੇਗਾ ਜਿਸ ਨੂੰ ਇਹ ਨਹੀਂ ਪਤਾ ਕਿ ਡੁੱਬਦੇ ਜਹਾਜ਼ ਵਿਚੋਂ ਸਭ ਤੋਂ ਪਹਿਲਾਂ ਚੂਹੇ ਭੱਜਦੇ ਨੇ, ਕੈਪਟਨ ਨਹੀਂ। ਤੇ ਜੰਗ ਦੇ ਮੈਦਾਨ ਦੇ ਵਿੱਚ ਨਿੱਤਰੇ ਸਿਪਾਹੀ ਕਦੇ ਦੁਸ਼ਮਣ ਦੇ ਪਾਲੇ ਵਿੱਚ ਨਹੀਂ ਜਾਂਦੇ। ਭਾਵੇਂ ਕਿ 2027 ਦੇ ਵਿੱਚ ਪੰਜਾਬ ਵਿਧਾਨ ਸਭਾ ਚੋਣਾਂ ਹੋਣਗੀਆਂ ਪਰ ਆਮ ਲੋਕ ਇਹ ਸੋਚਣ ਲੱਗ ਪਏ ਨੇ ਕਿ ਹੁਣ ਲੋਕਾਂ ਦੇ ਆਧਾਰ 'ਤੇ ਚੋਣਾਂ ਨਹੀਂ ਲੜੀਆਂ ਜਾਂਦੀਆਂ ਸਗੋਂ ਹੁਣ ਤਾਂ ਪੈਸਾ, ਤਾਕਤ ਤੇ ਕੇਂਦਰੀ ਏਜੰਸੀਆਂ ਦੇ ਸਹਾਰੇ ਚੋਣਾਂ ਲੜੀਆਂ ਜਾਂਦੀਆਂ ਨੇ।

ਪੰਜਾਬ ਵਿੱਚ ਨਸ਼ੇ, ਗੈਂਗਸਟਰਵਾਦ ਅਤੇ ਅੱਤਵਾਦ ਨੂੰ ਕਾਬੂ ਕਰਨ ਦੇ ਨਾਂਅ 'ਤੇ ਜੋ ਉਥਲ ਪੁਥਲ ਵਾਲਾ ਤੇ ਦਹਿਸ਼ਤ ਵਾਲਾ ਮਾਹੌਲ ਸਿਰਜਿਆ ਜਾ ਰਿਹਾ ਹੈ, ਇਸ ਦੀ ਕਲਪਨਾ ਵੀ ਆਮ ਪੰਜਾਬੀਆਂ ਨੇ ਨਹੀਂ ਸੀ ਕੀਤੀ। ਖਾਸ ਕਰਕੇ ਭਗਵੰਤ ਮਾਨ ਸਰਕਾਰ ਤੋਂ ਤਾਂ ਬਿਲਕੁਲ ਵੀ ਨਹੀਂ। ਇੱਕ ਪਾਸੇ ਪੰਜਾਬ ਦੀ 'ਆਪ' ਸਰਕਾਰ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਦੇ ਦਾਅਵੇ ਕਰ ਰਹੀ ਹੈ, ਪਰ ਦੂਜੇ ਪਾਸੇ ਪੰਜਾਬ ਪੁਲਿਸ ਵੱਲੋਂ ਸਿੱਖ ਨੌਜਵਾਨਾਂ ਦੀ ਕੀਤੀ ਜਾ ਰਹੀ ਫ਼ੜੋ-ਫ਼ੜੀ ਆਮ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਸਿਰਜ ਰਹੀ ਹੈ। ਪੰਜਾਬ ਦੇ ਮੌਜੂਦਾ ਹਾਲਾਤਾਂ ਦੀ ਅਸਲੀ ਤਸਵੀਰ ਇਹ ਹੈ ਕਿ ਮਹਿੰਗਾਈ, ਫ਼ਿਰਕੂ ਰਾਜਨੀਤੀ, ਬੇਰੁਜ਼ਗਾਰੀ, ਨਸ਼ੇ, ਲੋਕਾਂ ਨਾਲ ਹੋ ਰਹੀਆਂ ਧੱਕੇਸ਼ਾਹੀਆਂ, ਵੱਡੀਆਂ ਮੱਛੀਆਂ ਨੂੰ ਬਚਾਉਣ ਦੇ ਲਈ ਸਰਕਾਰਾਂ ਵੱਲੋਂ ਕੀਤੇ ਜਾਂਦੇ ਹੀਲੇ ਵਸੀਲੇ, ਗੈਂਗਸਟਰਾਂ ਨੂੰ ਸਰਕਾਰੀ ਥਾਪੜੇ, ਹਵਾ ਦੇ ਵਿੱਚ ਲੀਡਰਾਂ ਦੇ ਉੱਡਦੇ ਪੰਜ ਪੰਜ ਸੌ ਦੇ ਨੋਟ, ਈ.ਡੀ. ਦੀਆਂ ਰੇਡਾਂ, ਨੇਤਾਵਾਂ ਵੱਲੋਂ ਧਾਰਮਿਕ ਡੇਰਿਆਂ ਦੀਆਂ ਪਰਿਕਰਮਾ ਤੇ ਮੁਲਾਜ਼ਮਾਂ ਦੇ ਹਿੱਸੇ ਡਾਗਾਂ ਸੋਟੇ, ਤਨਖਾਹਾਂ ਨਾ ਮਿਲਣ ਕਰਕੇ ਥਾਂ ਥਾਂ ਲੱਗਦੇ ਧਰਨੇ, ਵਿਦਿਆਰਥੀਆਂ ਦੀਆਂ ਵੱਧਦੀਆਂ ਫ਼ੀਸਾਂ, ਹਿੰਦੂ-ਸਿੱਖ-ਮੁਸਲਮਾਨ ਮਾਹੌਲ ਬਣਾਉਣ ਦੀਆਂ ਕੋਸ਼ਿਸ਼ਾਂ, ਮੰਤਰੀਆਂ ਦੇ ਕਾਫ਼ਿਲਿਆਂ ਦੇ ਵਿੱਚ ਬੇਬੱਸ ਫ਼ਸੇ ਮਰੀਜ਼ਾਂ ਦੀਆਂ ਮਜ਼ਬੂਰੀਆਂ, ਇੱਕ ਪੰਥ ਦੇ ਵਿਚੋਂ ਕਈ ਕਈ ਨਿਕਲਦੇ ਪੰਥਕ ਧੜੇ ਪੰਜਾਬ ਦੀ ਸਥਿਤੀ ਨੂੰ ਬੜੇ ਵੱਖਰੇ ਤਰੀਕੇ ਦੇ ਨਾਲ ਬਿਆਨ ਕਰ ਰਹੇ ਹਨ।

ਇੰਟਰਨੈਟ ਦੀ ਸਹੂਲਤ ਕਾਰਨ ਦੁਨੀਆ ਇੱਕ ਗਲੋਬਲ ਪਿੰਡ ਦਾ ਰੂਪ ਬਣਦੀ ਜਾ ਰਹੀ ਹੈ ਅਤੇ ਇਸ ਸਮੇਂ ਇੰਟਰਨੈਟ ਅਤੇ ਸੋਸ਼ਲ ਮੀਡੀਆ ਰਾਹੀਂ ਹਰ ਖ਼ਬਰ ਮਿੰਟਾਂ ਸਕਿੰਟਾਂ ਵਿੱਚ ਪੂਰੀ ਦੁਨੀਆ ਵਿੱਚ ਪਹੁੰਚ ਜਾਂਦੀ ਹੈ ਤੇ ਉਸ ਦੇ ਪਿੱਛੇ ਸੱਚਾਈ ਕੀ ਹੈ? ਇਹ ਵੀ ਲੋਕਾਂ ਨੂੰ ਕੁਝ ਕੁ ਮਿੰਟਾਂ ਦੇ ਵਿੱਚ ਪਤਾ ਚੱਲ ਜਾਂਦਾ ਹੈ ਅਤੇ ਪੰਜਾਬ ਦੇ ਲੋਕ ਵੀ ਹੁਣ ਸਿਆਸਤ ਦੀ ਰਮਜ਼ ਨੂੰ ਸਮਝ ਰਹੇ ਹਨ। ਹੁਣ ਆਮ ਲੋਕ ਪਹਿਲਾਂ ਹੀ ਅੰਦਾਜ਼ਾ ਲਗਾ ਲੈਂਦੇ ਹਨ ਕਿ ਇਸ ਮਾਮਲੇ ਬਾਰੇ ਪੰਜਾਬ ਦੇ ਮੁੱਖ ਮੰਤਰੀ ਕੀ ਕਹਿਣਗੇ? ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੀ ਕਹਿਣਗੇ? ਵਿਰੋਧੀ ਆਗੂ ਕੀ ਕਹਿਣਗੇ? ਮੁੱਕਦੀ ਗੱਲ, ਵਕਤ, ਇੱਜ਼ਤ ਤੇ ਇਤਬਾਰ ਅਜਿਹੇ ਪਰਿੰਦੇ ਨੇ ਜੋ ਇੱਕ ਵਾਰ ਉੱਡ ਜਾਣ ਮੁੜਕੇ ਹੱਥ ਨਹੀਂ ਆਉਂਦੇ। ਇਹ ਗੱਲ ਸਿਆਸਤਦਾਨ ਚੰਗੀ ਤਰ੍ਹਾਂ ਸਮਝ ਲੈਣ ਤਾਂ ਵਧੀਆ ਗੱਲ ਹੈ ਤੇ ਇਸ ਸਮੇਂ ਸਮੂਹ ਪੰਜਾਬੀਆਂ ਨੂੰ ਚਾਹੀਦਾ ਹੈ ਕਿ ਉਹ ਆਪਸੀ ਭਾਈਚਾਰਕ ਸਾਂਝ ਨੂੰ ਕਾਇਮ ਰੱਖਣ ਅਤੇ ਕਿਸੇ ਦੇ ਵੀ ਬਹਿਕਾਵੇ ਵਿੱਚ ਨਾ ਆਉਣ। ਸਿਆਸੀ ਆਗੂਆਂ ਨੇ ਤਾਂ ਵੋਟਾਂ ਲੈਣ ਲਈ ਅਜੇ ਬਹੁਤ ਕੁਝ ਕਰਨਾ ਹੈ ਪਰ ਪੰਜਾਬੀਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਪੰਜਾਬ ਦੇ ਮਾਹੌਲ ਨੂੰ ਸਿਆਸਤਦਾਨਾਂ ਦੀ ਮਾੜੀ ਸੋਚ ਮੁਤਾਬਿਕ ਨਾ ਢਲਣ ਦਿੱਤਾ ਜਾਵੇ।

ਅਮਰੀਕਾ ਨੂੰ ਇਰਾਨ ਨਾਲ ਜੰਗ ਪੈ ਰਹੀ ਹੈ ਬੇਹੱਦ ਮਹਿੰਗੀ, ਖ਼ਰਚਾ 1 ਟ੍ਰਿਲੀਅਨ ਡਾਲਰ ਨੇੜੇ ਪੁੱਜਾ

ਵਾਸ਼ਿੰਗਟਨ/ਏ.ਟੀ.ਨਿਊਜ਼: ਇਰਾਨ ਨਾਲ ਜਾਰੀ ਫੌਜੀ ਮੁਹਿੰਮ ਅਮਰੀਕਾ ਲਈ ਆਰਥਿਕ ਤੌਰ 'ਤੇ ਇੱਕ ਵੱਡੀ ਚੁਣੌਤੀ ਬਣਦੀ ਜਾ ਰਹੀ ਹੈ। ਪੈਂਟਾਗਨ ਦੇ ਅਧਿਕਾਰੀਆਂ ਅਤੇ ਆਰਥਿਕ ਮਾਹਿਰਾਂ ਅਨੁਸਾਰ ਇਸ ਜੰਗ 'ਤੇ ਹੋਣ ਵਾਲਾ ਖਰਚਾ ਸ਼ੁਰੂਆਤੀ ਅੰਦਾਜ਼ਿਆਂ ਨੂੰ ਕਿਤੇ ਪਿੱਛੇ ਛੱਡ ਚੁੱਕਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਹ 1 ਟ੍ਰਿਲੀਅਨ ਡਾਲਰ (ਲਗਭਗ 83 ਲੱਖ ਕਰੋੜ ਰੁਪਏ) ਦੇ ਅੰਕੜੇ ਨੂੰ ਛੂਹ ਸਕਦਾ ਹੈ।

ਪੈਂਟਾਗਨ ਦੇ ਬਜਟ ਅਧਿਕਾਰੀ ਜੇ ਹਰਸਟ ਨੇ ਅਮਰੀਕੀ ਸੰਸਦ (ਕਾਂਗਰਸ) ਨੂੰ ਸੂਚਿਤ ਕੀਤਾ ਹੈ ਕਿ ਇਰਾਨ ਵਿਰੁੱਧ ਜੰਗ 'ਤੇ ਹੁਣ ਤੱਕ ਲਗਭਗ 29 ਬਿਲੀਅਨ ਡਾਲਰ ਖਰਚ ਕੀਤੇ ਜਾ ਚੁੱਕੇ ਹਨ। ਜ਼ਿਕਰਯੋਗ ਹੈ ਕਿ ਮਹਿਜ਼ ਦੋ ਹਫ਼ਤੇ ਪਹਿਲਾਂ ਇਹ ਅੰਦਾਜ਼ਾ 25 ਬਿਲੀਅਨ ਡਾਲਰ ਲਗਾਇਆ ਗਿਆ ਸੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜੰਗ ਦੇ ਮੈਦਾਨ ਵਿੱਚ ਹਥਿਆਰਾਂ ਦੀ ਮੁਰੰਮਤ, ਖਰਾਬ ਹੋਏ ਸਾਜ਼ੋ-ਸਾਮਾਨ ਨੂੰ ਬਦਲਣ ਅਤੇ ਫੌਜੀ ਕਾਰਵਾਈਆਂ ਦੇ ਵਧਦੇ ਖਰਚਿਆਂ ਕਾਰਨ ਇਹ ਅੰਕੜਾ ਲਗਾਤਾਰ ਵਧ ਰਿਹਾ ਹੈ।

ਰੋਜ਼ਾਨਾ 2 ਬਿਲੀਅਨ ਡਾਲਰ ਦਾ ਖਰਚਾ

ਹਾਰਵਰਡ ਕੈਨੇਡੀ ਸਕੂਲ ਦੀ ਜੰਗ ਬਜਟ ਮਾਹਿਰ ਲਿੰਡਾ ਬਿਲਮਸ ਨੇ ਇੱਕ ਹੈਰਾਨ ਕਰਨ ਵਾਲਾ ਖੁਲਾਸਾ ਕਰਦਿਆਂ ਕਿਹਾ ਹੈ ਕਿ ਅਮਰੀਕਾ ਇਸ ਜੰਗ 'ਤੇ ਰੋਜ਼ਾਨਾ ਲਗਭਗ 2 ਬਿਲੀਅਨ ਡਾਲਰ ਖਰਚ ਕਰ ਰਿਹਾ ਹੈ। ਉਨ੍ਹਾਂ ਅਨੁਸਾਰ ਹੁਣ ਤੱਕ ਸਾਹਮਣੇ ਆਏ ਅੰਕੜੇ ਤਾਂ ਸਿਰਫ਼ ਸ਼ੁਰੂਆਤ ਮਾਤਰ ਹਨ। ਜੇਕਰ ਲੰਬੇ ਸਮੇਂ ਦੇ ਖਰਚਿਆਂ, ਫੌਜੀਆਂ ਦੀ ਦੇਖਭਾਲ ਅਤੇ ਰੱਖਿਆ ਵਿਸਤਾਰ ਨੂੰ ਜੋੜਿਆ ਜਾਵੇ, ਤਾਂ ਇਹ ਅੰਕੜਾ 1 ਟ੍ਰਿਲੀਅਨ ਡਾਲਰ ਤੱਕ ਪਹੁੰਚਣਾ ਨਿਸ਼ਚਿਤ ਹੈ।

ਇਕ ਰਿਪੋਰਟ ਅਨੁਸਾਰ ਜੰਗ ਦੇ ਸ਼ੁਰੂਆਤੀ ਦਿਨਾਂ ਵਿੱਚ ਹੀ ਅਮਰੀਕਾ ਨੇ 16 ਬਿਲੀਅਨ ਡਾਲਰ ਖਰਚ ਕਰ ਦਿੱਤੇ ਸਨ। ਇਸ ਦਾ ਮੁੱਖ ਕਾਰਨ ਮਹਿੰਗੀਆਂ ਮਿਜ਼ਾਈਲ ਪ੍ਰਣਾਲੀਆਂ ਦੀ ਤੇਜ਼ੀ ਨਾਲ ਹੋਈ ਵਰਤੋਂ ਅਤੇ ਉੱਚ ਖਰਚੇ ਸਨ। ਇਸ ਤੋਂ ਇਲਾਵਾ ਖੇਤਰ ਵਿੱਚ ਅਮਰੀਕੀ ਫੌਜੀ ਸਥਾਨਾਂ ਨੂੰ ਹੋਏ ਨੁਕਸਾਨ ਦਾ ਅਜੇ ਤੱਕ ਕੋਈ ਸਹੀ ਅੰਦਾਜ਼ਾ ਨਹੀਂ ਲਗਾਇਆ ਜਾ ਸਕਿਆ, ਜਿਸ ਨਾਲ ਖਰਚਾ ਹੋਰ ਵਧੇਗਾ।

ਮਾਹਿਰਾਂ ਨੇ ਵੀ ਚੇਤਾਵਨੀ ਦਿੱਤੀ ਹੈ ਕਿ ਰੱਖਿਆ ਖਰਚਿਆਂ ਵਿੱਚ ਇਸ ਬੇਤਹਾਸ਼ਾ ਵਾਧੇ ਅਤੇ ਉਧਾਰ ਲੈਣ ਦੀ ਵਧਦੀ ਲਾਗਤ ਕਾਰਨ ਅਮਰੀਕਾ ਦੇ ਰਾਸ਼ਟਰੀ ਕਰਜ਼ੇ ਵਿੱਚ ਭਾਰੀ ਵਾਧਾ ਹੋਵੇਗਾ। ਵਰਤਮਾਨ ਵਿੱਚ ਅਮਰੀਕਾ ਦਾ ਰਾਸ਼ਟਰੀ ਕਰਜ਼ਾ ਪਹਿਲਾਂ ਹੀ ਲਗਭਗ 31 ਟ੍ਰਿਲੀਅਨ ਡਾਲਰ ਦੇ ਕਰੀਬ ਹੈ। ਜੇਕਰ ਜੰਗ ਲੰਬੀ ਖਿੱਚਦੀ ਹੈ ਤਾਂ ਇਹ ਅਮਰੀਕੀ ਅਰਥਚਾਰੇ ਲਈ ਇੱਕ ਗੰਭੀਰ ਸੰਕਟ ਪੈਦਾ ਕਰ ਸਕਦੀ ਹੈ।

ਸਰਬੱਤ ਦਾ ਭਲਾ

SCOPE

Sikh Community Organized for Political Engagement.

2026 PRIMARY ELECTION

★ — JUNE 2ND — ★

★ ★ ★ ENDORSEMENTS ★ ★ ★

Dr. Aisha Wahab
Congress Dist 14

- Affordable Housing
- Improve jobs and wages
- Take on monopolies
- Public Safety of all
- Defend Democracy

Rob Bonta
Attorney General

Anna Cabellero
For California State Treasurer

Ursula Jones Dickson
Alameda County Distt Attorney

- Reduce backlog of cases
- Putting victims at the center of work
- Prosecute cases fairly
- Community collaboration

Scott Sakakihara
State Senate Dist 10th

- Make California More Affordable
- Protect Our Most Vulnerable
- Show Nation that California Stands for Real Public Safety
- Innovation That Works for California

Liz Ortega
State Assembly Dist 20

- Affordable Housing
- Expanding Jobs
- Working to End Homelessness
- Community and School Safety

Elisa Márquez
Alameda County Supervisor

- Build a strong budget
- Invest in public safety
- Safe Neighborhoods
- Create new jobs

Mark Salinas
Mayor of Hayward

- Build a strong budget
- Invest in public safety
- Safe Neighborhoods
- Create new jobs

These are proven leaders in our community, and we respectfully ask all of you to vote and support these outstanding candidates for the betterment of our communities. SCOPE is not a registered PAC, nor do we collect any funds directly.

★ ★ ★ bayareascope@gmail.com ★ ★ ★

ਲੋਕਤੰਤਰ ਦਾ ਮੇਲਾ ਤੇ ਖੇਲਾ

ਚੁਣੇ ਹੋਏ ਨੁਮਾਇੰਦਿਆਂ ਨੂੰ ਵਾਪਸ ਬੁਲਾਉਣ ਦਾ ਵੋਟਰਾਂ ਨੂੰ ਹੋਵੇ ਹੱਕ

ਪੰਜਾਬ ਨੂੰ ਕਰਨੀ ਚਾਹੀਦੀ ਹੈ ਪੂਰੇ ਮੁਲਕ ਦੀ ਅਗਵਾਈ

ਵੋਟਰ ਜਿਹੜੇ ਉਮੀਦਵਾਰਾਂ ਨੂੰ ਵਿਧਾਇਕ ਜਾਂ ਸਾਂਸਦ ਚੁਣਦੇ ਹਨ ਤਾਂ ਅਕਸਰ ਉਹ ਵਿਧਾਇਕ ਜਾਂ ਸਾਂਸਦ ਆਪਣੇ ਨਿੱਜੀ ਫ਼ਾਇਦੇ ਲਈ ਪਾਰਟੀ ਬਦਲ ਲੈਂਦੇ ਹਨ ਜਾਂ ਵੋਟਰਾਂ ਦੀਆਂ ਉਮੀਦਾਂ 'ਤੇ ਖਰਾ ਨਹੀਂ ਉੱਤਰਦੇ ਅਤੇ ਲੋਕ ਵਿਰੋਧੀ ਫ਼ੈਸਲੇ ਲੈਂਦੇ ਹਨ ਜਾਂ ਜਿੱਤਣ ਤੋਂ ਬਾਅਦ ਆਮ ਲੋਕਾਂ ਤੋਂ ਦੂਰੀ ਬਣਾ ਲੈਂਦੇ ਹਨ, ਜਿਸ ਕਾਰਨ ਪੰਜਾਬ ਸਮੇਤ ਭਾਰਤ ਦੇ ਲੋਕ ਹੁਣ ਮੰਗ ਕਰਨ ਲੱਗ ਪਏ ਹਨ ਕਿ ਚੁਣੇ ਹੋਏ ਨੁਮਾਇੰਦੇ ਵਾਪਸ ਬੁਲਾਉਣ ਦਾ ਹੱਕ ਵੀ ਵੋਟਰਾਂ ਕੋਲ ਜ਼ਰੂਰ ਹੋਣਾ ਚਾਹੀਦਾ ਹੈ। ਆਮ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਇਸ ਮੰਗ ਨੂੰ ਵੱਡੀ 'ਲੋਕ ਲਹਿਰ' ਬਣਾਉਣ ਤਾਂ ਕਿ ਕੇਂਦਰ ਸਰਕਾਰ ਲੋਕਾਂ ਦੀ ਇਹ ਮੰਗ ਮੰਨਣ ਲਈ ਮਜਬੂਰ ਹੋ ਜਾਵੇ।

ਜਗਮੋਹਨ ਸਿੰਘ 'ਲੱਕੀ'

ਭਾਰਤ ਵਿੱਚ ਪਿਛਲੇ ਦਿਨਾਂ ਦੌਰਾਨ ਲੋਕਤੰਤਰ ਦਾ 'ਮੇਲਾ' ਵੀ ਹੋਇਆ ਹੈ ਅਤੇ 'ਖੇਲਾ' ਵੀ। ਪੰਜ ਸੂਬਿਆਂ ਪੱਛਮੀ ਬੰਗਾਲ, ਅਸਾਮ, ਪੁੱਡੂਚੇਰੀ , ਤਾਮਿਲਨਾਡੂ ਅਤੇ ਕੇਰਲਮ ਵਿੱਚ ਵਿਧਾਨ ਸਭਾ ਚੋਣਾਂ ਹੋਣ ਤੋਂ ਬਾਅਦ ਆਏ ਨਤੀਜੇ ਜਿੱਥੇ ਹੈਰਾਨੀਜਨਕ ਰਹੇ, ਉਥੇ ਆਮ ਆਦਮੀ ਪਾਰਟੀ ਦੇ ਸੱਤ ਰਾਜ ਸਭਾ ਮੈਂਬਰਾਂ ਰਾਘਵ ਚੱਢਾ, ਪਦਮਸ਼੍ਰੀ ਰਾਜਿੰਦਰ ਗੁਪਤਾ, ਪਦਮਸ਼੍ਰੀ ਵਿਕਰਮਜੀਤ ਸਿੰਘ ਸਾਹਨੀ, ਐਲ.ਪੀ.ਯੂ. ਦੇ ਚਾਂਸਲਰ ਅਸ਼ੋਕ ਮਿੱਤਲ, ਸਾਬਕਾ ਕ੍ਰਿਕਟਰ ਹਰਭਜਨ ਸਿੰਘ, ਸੰਦੀਪ ਪਾਠਕ ਅਤੇ ਸਵਾਤੀ ਮਾਲੀਵਾਲ ਦਾ ਪਾਰਟੀ ਛੱਡ ਕੇ ਭਾਜਪਾ ਵਿੱਚ ਜਾਣਾ ਉਸ ਤੋਂ ਵੀ ਵੱਡਾ ਹੈਰਾਨੀਜਨਕ ਘਟਨਾਕ੍ਰਮ ਰਿਹਾ। ਇਹਨਾਂ ਸੱਤ ਰਾਜ ਸਭਾ ਮੈਂਬਰਾਂ ਵਿੱਚੋਂ 6 ਰਾਜ ਸਭਾ ਮੈਂਬਰ ਪੰਜਾਬ ਨਾਲ ਸਬੰਧਿਤ ਹਨ, ਜਦੋਂਕਿ ਪੰਜਾਬ ਵਿਧਾਨ ਸਭਾ ਵਿੱਚ ਭਾਜਪਾ ਦੇ ਵਿਧਾਇਕਾਂ ਦੀ ਗਿਣਤੀ ਇਸ ਸਮੇਂ ਸਿਰਫ਼ ਦੋ ਹੈ। ਸਿਰਫ਼ ਦੋ ਵਿਧਾਇਕਾਂ ਦੇ ਸਹਾਰੇ ਰਾਜ ਸਭਾ ਦੇ 6 ਮੈਂਬਰ ਚੁਣੇ ਜਾਣਾ ਕਿਸੇ ਵੀ ਤਰ੍ਹਾਂ ਸੰਭਵ ਨਹੀਂ ਹੈ ਪਰ ਭਾਰਤ ਵਿੱਚ ਸਭ ਕੁਝ ਸੰਭਵ ਹੈ। ਭਾਜਪਾ ਆਗੂ ਵਾਰ- ਵਾਰ ਦਾਅਵਾ ਵੀ ਕਰਦੇ ਹਨ ਕਿ "ਜਬ ਤੱਕ ਮੋਦੀ ਹੈ, ਹਰ ਕਾਮ ਮੁਮਕਿਨ ਹੈ।" ਭਾਜਪਾ ਦੇ ਪੰਜਾਬ ਤੋਂ 6 ਰਾਜ ਸਭਾ ਮੈਂਬਰ ਭਾਜਪਾ ਵਿਧਾਇਕਾਂ ਵੱਲੋਂ ਨਹੀਂ ਚੁਣੇ ਗਏ ਸਗੋਂ ਇਹ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਵੱਲੋਂ ਚੁਣੇ ਗਏ ਸਨ ਜਿਹਨਾਂ ਨੇ ਹੁਣ ਪਾਰਟੀ ਬਦਲ ਲਈ ਹੈ। ਜਿਸ ਕਾਰਨ ਪੰਜਾਬ ਵਿਧਾਨ ਸਭਾ ਵਿੱਚ ਸਿਰਫ਼ ਦੋ ਵਿਧਾਇਕਾਂ ਵਾਲੀ ਭਾਜਪਾ ਦੇ ਰਾਜ ਸਭਾ ਵਿੱਚ ਪੰਜਾਬ ਤੋਂ ਮੈਂਬਰਾਂ ਦੀ ਗਿਣਤੀ 6 ਹੋ ਗਈ ਹੈ। ਲੋਕਤੰਤਰ ਵਿੱਚ ਇਹ ਸਥਿਤੀ ਅਜੀਬ ਕਹੀ ਜਾ ਸਕਦੀ ਹੈ ਪਰ ਵਿਡੰਬਣਾ ਇਹ ਹੈ ਕਿ ਇਸ ਵਰਤਾਰੇ ਵਿਰੁੱਧ ਅਜੇ ਤੱਕ ਕੋਈ ਕਾਰਵਾਈ ਨਹੀਂ ਹੋ ਸਕੀ ਅਤੇ ਭਾਰਤੀ ਸੰਵਿਧਾਨਿਕ ਸੰਸਥਾਵਾਂ ਇਸ ਸਾਰੇ ਵਰਤਾਰੇ ਨੂੰ ਮੂਕ ਦਰਸ਼ਕ ਬਣ ਕੇ ਵੇਖ ਰਹੀਆਂ ਹਨ। ਇਸ ਦਲ ਬਦਲੀ ਨੂੰ ਵੀ ਭਾਰਤੀ ਲੋਕਤੰਤਰ ਨਾਲ 'ਖੇਲਾ' ਹੀ ਕਿਹਾ ਜਾ ਰਿਹਾ ਹੈ। ਇਸ ਘਟਨਾਕ੍ਰਮ ਦੇ ਨਾਲ ਹੀ ਪਾਰਟੀ ਬਦਲਣ ਵਾਲੇ ਰਾਜ ਸਭਾ ਮੈਂਬਰਾਂ ਦੀ ਮੈਂਬਰਸ਼ਿਪ ਰੱਦ ਕਰਨ ਦੀ ਮੰਗ ਉਠ ਪਈ ਹੈ ਅਤੇ ਨਾਲ ਹੀ ਇਹ ਵੀ ਮੰਗ ਹੋਣ ਲੱਗ ਪਈ ਹੈ ਕਿ ਚੁਣੇ ਹੋਏ ਨੁਮਾਇੰਦਿਆਂ, ਚਾਹੇ ਉਹ ਵਿਧਾਇਕ ਹੋਣ ਜਾਂ ਸਾਂਸਦ, ਨੂੰ ਵਾਪਸ ਬੁਲਾਉਣ ਦਾ ਅਧਿਕਾਰ ਵੋਟਰਾਂ ਨੂੰ ਜ਼ਰੂਰ ਹੋਵੇ।



ਭਾਰਤ ਨੂੰ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਕਿਹਾ ਜਾਂਦਾ ਹੈ। ਲੋਕਤੰਤਰ ਦੀ ਸੰਘੀ ਪ੍ਰਣਾਲੀ ਨੂੰ ਭਾਰਤ ਵਿੱਚ ਲਾਗੂ ਕੀਤਾ ਗਿਆ ਹੈ। ਲੋਕਤੰਤਰ ਵਿੱਚ ਲੋਕਾਂ ਦੀ, ਲੋਕਾਂ ਦੇ ਲਈ ਅਤੇ ਲੋਕਾਂ ਵੱਲੋਂ ਹੀ ਸਰਕਾਰ ਹੁੰਦੀ ਹੈ। ਹਰ ਵਾਰ ਦੀਆਂ ਚੋਣਾਂ ਦੌਰਾਨ ਉਮੀਦਵਾਰਾਂ ਅਤੇ ਸਿਆਸੀ ਪਾਰਟੀਆਂ ਵੱਲੋਂ ਵੋਟਰਾਂ ਨਾਲ ਵੱਡੇ ਵੱਡੇ ਵਾਅਦੇ ਕੀਤੇ ਜਾਂਦੇ ਹਨ ਪਰ ਚੋਣਾਂ ਜਿੱਤਣ ਤੋਂ ਬਾਅਦ ਅਕਸਰ ਪਾਰਟੀਆਂ ਨੂੰ ਵੋਟਰਾਂ ਨਾਲ ਕੀਤੇ ਗਏ ਵਾਅਦੇ ਭੁੱਲ ਜਾਂਦੇ ਹਨ ਜਾਂ ਚੋਣ ਜਿੱਤ ਚੁੱਕੀ ਸਿਆਸੀ ਪਾਰਟੀ ਵੱਲੋਂ ਇਹਨਾਂ ਵਾਅਦਿਆਂ ਨੂੰ ਠੰਡੇ ਬਸਤੇ ਵਿੱਚ ਪਾ ਕੇ ਅਗਲੀਆਂ ਚੋਣਾਂ ਲਈ ਸੰਭਾਲ ਲਿਆ ਜਾਂਦਾ ਹੈ। ਇਸ ਤੋਂ ਇਲਾਵਾ ਅਕਸਰ ਚੁਣੇ ਗਏ ਸੰਸਦ ਮੈਂਬਰ ਤੇ ਵਿਧਾਇਕ ਜਿੱਤਣ ਤੋਂ ਬਾਅਦ ਆਪਣੀ ਸਿਆਸੀ ਪਾਰਟੀ ਹੀ ਬਦਲ ਲੈਂਦੇ ਹਨ ਤੇ ਅਕਸਰ ਉਸ ਸਿਆਸੀ ਪਾਰਟੀ ਨੂੰ ਆਪਣਾ ਸਮਰਥਨ ਦੇ ਦਿੰਦੇ ਹਨ, ਜਾਂ ਉਸ ਸਿਆਸੀ ਪਾਰਟੀ ਵਿੱਚ ਸ਼ਾਮਲ ਹੋ ਜਾਂਦੇ ਹਨ, ਜਿਸ ਪਾਰਟੀ ਵਿਰੁੱਧ ਹੀ ਉਹ ਚੋਣ ਜਿੱਤ ਕੇ ਆਏ ਹੁੰਦੇ ਹਨ। ਜਿਸ ਕਰਕੇ ਅਜਿਹੇ ਸੰਸਦ ਮੈਂਬਰਾਂ ਤੇ ਵਿਧਾਇਕਾਂ ਨੂੰ ਵੋਟਾਂ ਪਾਉਣ ਵਾਲੇ ਵੋਟਰਾਂ ਦੇ ਪੱਲੇ ਸਿਰਫ਼ ਪਛਤਾਵੇ ਤੋਂ ਹੋਰ ਕੁਝ ਨਹੀਂ ਹੁੰਦਾ। ਵੋਟਰਾਂ ਵੱਲੋਂ ਵੋਟਾਂ ਪਾ ਕੇ ਚੁਣੇ ਹੋਏ ਨੁਮਾਇੰਦੇ ਅਕਸਰ ਵੋਟਰਾਂ ਦੀ ਕਸੌਟੀ 'ਤੇ ਖਰੇ ਨਹੀਂ ਉੱਤਰਦੇ ਜਾਂ ਫਿਰ ਆਮ ਲੋਕਾਂ ਤੋਂ ਦੂਰ ਦੂਰ ਰਹਿਣ ਲੱਗਦੇ ਹਨ ਤੇ ਚੋਣ ਜਿੱਤਣ ਤੋਂ ਬਾਅਦ ਪੰਜ ਸਾਲ ਲਈ ਗਾਇਬ ਹੋ ਜਾਂਦੇ ਹਨ। ਵੋਟਰਾਂ ਦਾ ਇਹ ਵੀ ਕਹਿਣਾ ਹੈ ਕਿ ਅਕਸਰ ਵੋਟਾਂ ਰਾਹੀਂ ਚੁਣੇ ਹੋਏ ਨੁਮਾਇੰਦੇ ਲੋਕ ਪੱਖੀ ਫੈਸਲਿਆਂ ਵਿੱਚ ਹਿੱਸੇਦਾਰੀ ਪਾਉਣ ਦੀ ਥਾਂ ਲੋਕ ਵਿਰੋਧੀ ਫੈਸਲੇ ਲੈਂਦੇ ਹਨ ਜਾਂ ਸਰਕਾਰ ਵੱਲੋਂ ਲਈ ਗਏ ਕਿਸੇ ਲੋਕ ਵਿਰੋਧੀ ਫੈਸਲੇ ਦਾ ਵਿਰੋਧ ਕਰਨ ਦੀ ਥਾਂ ਸਰਕਾਰ ਦਾ ਸਮਰਥਨ ਕਰ ਦਿੰਦੇ ਹਨ। ਅਜਿਹੀ ਹੀ ਹਾਲਤ ਨੂੰ ਵੇਖਦਿਆਂ ਹੁਣ ਚੁਣੇ ਹੋਏ ਨੁਮਾਇੰਦਿਆਂ ਨੂੰ ਵੋਟਰਾਂ ਵੱਲੋਂ ਵਾਪਸ ਬੁਲਾਉਣ ਦੀ ਮੰਗ ਵੀ ਉੱਠਣ ਲੱਗੀ ਹੈ।

ਅਕਸਰ ਵੇਖਣ ਵਿੱਚ ਆਇਆ ਹੈ ਕਿ ਚੋਣਾਂ ਜਿੱਤਣ ਤੋਂ ਬਾਅਦ ਸਿਆਸੀ ਪਾਰਟੀਆਂ ਅਤੇ ਸੰਸਦ ਮੈਂਬਰਾਂ ਨੂੰ ਚੋਣਾਂ ਦੌਰਾਨ ਵੋਟਰਾਂ ਨਾਲ ਕੀਤੇ ਵਾਅਦੇ ਭੁੱਲ ਜਾਂਦੇ ਹਨ। ਜਿਸ ਕਰਕੇ ਅਜਿਹੇ ਆਗੂਆਂ ਨੂੰ ਵੋਟਾਂ ਪਾ ਕੇ ਜਿਤਾਉਣ ਵਾਲੇ ਵੋਟਰ ਆਪਣੇ ਆਪ ਨੂੰ ਠੱਗਿਆ ਜਿਹਾ ਮਹਿਸੂਸ ਕਰਦੇ ਹਨ, ਇਸੇ ਕਾਰਨ ਹੁਣ ਵੋਟਰਾਂ ਵੱਲੋਂ ਚੁਣੇ ਹੋਏ ਨੁਮਾਇੰਦਿਆਂ ਨੂੰ ਵਾਪਸ ਬੁਲਾਉਣ ਦਾ ਹੱਕ ਵੋਟਰਾਂ ਨੂੰ ਦੇਣ ਦੀ ਮੰਗ ਉੱਠਣ ਲੱਗੀ ਹੈ। ਇਸ ਮੰਗ ਨੂੰ ਸੰਵਿਧਾਨ ਰਾਹੀਂ ਵੋਟਰਾਂ ਨੂੰ ਦਿੱਤਾ ਜਾ ਸਕਦਾ ਹੈ। ਇਹ ਤਾਂ ਸਭ ਨੂੰ ਪਤਾ ਹੈ ਕਿ ਭਾਰਤੀ ਸੰਵਿਧਾਨ ਵਿੱਚ ਲੋੜ ਮੁਤਾਬਿਕ ਸਮੇਂ ਦੀਆਂ ਸਰਕਾਰਾਂ ਵੱਲੋਂ ਕਈ ਵਾਰ ਸੋਧ ਕੀਤੀ ਜਾ ਚੁੱਕੀ ਹੈ। ਜੇ ਇਸ ਮੰਗ ਨੂੰ ਪੂਰਾ ਕਰਨ ਲਈ ਸੰਵਿਧਾਨ ਵਿੱਚ ਸੋਧ ਕਰਨ ਦੀ ਲੋੜ ਪੈਂਦੀ ਹੈ ਤਾਂ ਸਮੇਂ ਦੀ ਸਰਕਾਰ ਇਹ ਸੋਧ ਕਰ ਵੀ ਸਕਦੀ ਹੈ। ਪੰਜਾਬ ਦੇ ਲੋਕ ਕ੍ਰਾਂਤੀਕਾਰੀ ਮੰਨੇ ਜਾਂਦੇ ਹਨ ਅਤੇ ਪਿਛਲੇ ਸਮੇਂ ਦੌਰਾਨ ਅਨੇਕਾਂ ਵਾਰ ਪੰਜਾਬ ਦੇ ਲੋਕਾਂ ਨੇ ਹੀ ਪੂਰੇ ਦੇਸ਼ ਦੀ ਅਗਵਾਈ ਕੀਤੀ ਹੈ। ਇਸ ਲਈ ਹੁਣ ਪੰਜਾਬ ਦੇ ਲੋਕਾਂ ਨੂੰ ਹੀ 'ਚੁਣੇ ਹੋਏ ਨੁਮਾਇੰਦੇ ਵਾਪਸ ਬੁਲਾਉਣ' ਦਾ ਹੱਕ ਲੈਣ ਲਈ ਵੀ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਕਿ ਵੋਟਰਾਂ ਨੂੰ ਸੰਵਿਧਾਨ ਰਾਹੀਂ ਇਹ ਹੱਕ ਮਿਲ ਸਕੇ। ਇਸ ਸਬੰਧੀ ਸਿਆਸੀ ਪਾਰਟੀਆਂ ਨੂੰ ਵੀ ਵੋਟਰਾਂ ਨੂੰ ਸਹਿਯੋਗ ਦੇਣਾ ਚਾਹੀਦਾ ਹੈ। ਹੁਣ ਇਹ ਤਾਂ ਆਉਣ ਵਾਲਾ ਸਮਾਂ ਦੱਸੇਗਾ ਕਿ ਭਾਰਤ ਵਿੱਚ ਕੇਂਦਰ ਸਰਕਾਰ ਵੋਟਰਾਂ ਨੂੰ ਚੁਣੇ ਹੋਏ ਨੁਮਾਇੰਦਿਆਂ ਨੂੰ ਵਾਪਸ ਬੁਲਾਉਣ ਦਾ ਹੱਕ ਦੇਣ ਲਈ ਕੁਝ ਕਰਦੀ ਵੀ ਹੈ ਜਾਂ ਨਹੀਂ।

ਅਮਰੀਕਾ ਦੀ ਆਰਥਿਕਤਾ ਵਿੱਚ ਆਉਣ ਲੱਗਿਆ ਸੁਧਾਰ

ਅਮਰੀਕਾ 'ਚ ਇੱਕ ਮਹੀਨੇ ਦੌਰਾਨ 65,000 ਲੋਕਾਂ ਨੂੰ ਮਿਲੀਆਂ ਨੌਕਰੀਆਂ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਵਿੱਚ ਆਰਥਿਕ ਚੁਣੌਤੀਆਂ ਅਤੇ ਖਾੜੀ ਖੇਤਰ ਵਿੱਚ ਵਧਦੇ ਤਣਾਅ ਦੇ ਬਾਵਜੂਦ ਰੁਜ਼ਗਾਰ ਦੇ ਮੋਰਚੇ 'ਤੇ ਸਥਿਰਤਾ ਦੇ ਸੰਕੇਤ ਮਿਲ ਰਹੇ ਹਨ। ਅਮਰੀਕੀ ਕਿਰਤ ਵਿਭਾਗ ਵੱਲੋਂ ਜਾਰੀ ਹੋਣ ਵਾਲੀ ਤਾਜ਼ਾ ਰਿਪੋਰਟ ਅਨੁਸਾਰ ਅਪ੍ਰੈਲ ਮਹੀਨੇ ਵਿੱਚ ਕੰਪਨੀਆਂ, ਗ਼ੈਰ-ਮੁਨਾਫ਼ਾ ਸੰਸਥਾਵਾਂ ਅਤੇ ਸਰਕਾਰੀ ਏਜੰਸੀਆਂ ਵੱਲੋਂ ਲਗਭਗ 65,000 ਨਵੀਆਂ ਨੌਕਰੀਆਂ ਜੋੜੀਆਂ ਗਈਆਂ। ਹਾਲਾਂਕਿ ਇਹ ਅੰਕੜਾ ਮਾਰਚ ਦੀ 1,78,000 ਦੇ ਮੁਕਾਬਲੇ ਘੱਟ ਹੈ, ਪਰ ਮਾਹਿਰਾਂ ਅਨੁਸਾਰ ਮੌਜੂਦਾ ਹਾਲਾਤ ਵਿੱਚ ਇਹ ਇੱਕ ਮਜ਼ਬੂਤ ਅੰਕੜਾ ਮੰਨਿਆ ਜਾ ਰਿਹਾ ਹੈ।

ਸਰੋਤਾਂ ਅਨੁਸਾਰ, 28 ਫਰਵਰੀ ਨੂੰ ਅਮਰੀਕਾ ਅਤੇ ਇਜ਼ਰਾਇਲ ਦੇ ਹਮਲਿਆਂ ਤੋਂ ਬਾਅਦ ਇਰਾਨ ਨੇ ਹੋਰਮੁਜ਼ ਜਲਡਮਰੂ ਨੂੰ ਬੰਦ ਕਰ ਦਿੱਤਾ ਸੀ, ਜਿਸ ਰਾਹੀਂ ਦੁਨੀਆ ਦਾ ਪੰਜਵਾਂ ਹਿੱਸਾ ਤੇਲ ਅਤੇ ਕੁਦਰਤੀ ਗੈਸ ਲੰਘਦੀ ਹੈ। ਇਸ ਰੁਕਾਵਟ ਕਾਰਨ ਊਰਜਾ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋਇਆ ਹੈ ਅਤੇ ਕਈ ਅਰਥ ਸ਼ਾਸਤਰੀਆਂ ਨੇ ਆਰਥਿਕ ਵਿਕਾਸ ਦੇ ਅਨੁਮਾਨਾਂ ਨੂੰ ਘਟਾ ਦਿੱਤਾ ਹੈ, ਪਰ ਇਸ ਦਾ ਨਕਾਰਾਤਮਕ ਅਸਰ ਅਜੇ ਤੱਕ ਅਮਰੀਕੀ ਨੌਕਰੀਆਂ ਦੇ ਬਾਜ਼ਾਰ 'ਤੇ ਨਹੀਂ ਦਿਖਿਆ। ਅਪ੍ਰੈਲ ਮਹੀਨੇ ਵਿੱਚ ਬੇਰੁਜ਼ਗਾਰੀ ਦਰ 4.3 ਫ਼ੀਸਦੀ 'ਤੇ ਬਰਕਰਾਰ ਰਹਿਣ ਦੀ ਉਮੀਦ ਹੈ।

ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਮੀਗ੍ਰੇਸ਼ਨ 'ਤੇ ਕੀਤੀ ਗਈ ਸਖ਼ਤੀ ਅਤੇ 'ਬੇਬੀ ਬੂਮਰ' ਪੀੜ੍ਹੀ ਦੀ ਵੱਡੀ ਪੱਧਰ 'ਤੇ ਹੋ ਰਹੀ ਸੇਵਾਮੁਕਤੀ ਕਾਰਨ ਹੁਣ ਰੁਜ਼ਗਾਰ ਲਈ ਮੁਕਾਬਲਾ ਘਟਿਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਹੁਣ ਬੇਰੁਜ਼ਗਾਰੀ ਦਰ ਨੂੰ ਵਧਣ ਤੋਂ ਰੋਕਣ ਲਈ ਪਹਿਲਾਂ ਜਿੰਨੀਆਂ ਜ਼ਿਆਦਾ ਨੌਕਰੀਆਂ ਪੈਦਾ ਕਰਨ ਦੀ ਲੋੜ ਨਹੀਂ ਰਹੀ। ਅਮਰੀਕੀ ਅਰਥਚਾਰੇ ਨੂੰ ਰਾਸ਼ਟਰਪਤੀ ਟਰੰਪ ਦੇ ਪਿਛਲੇ ਸਾਲ ਦੇ ਟੈਕਸ ਕਟੌਤੀ ਕਾਨੂੰਨ ਤਹਿਤ ਮਿਲਣ ਵਾਲੇ ਟੈਕਸ ਰਿਫੰਡ ਚੈੱਕਾਂ ਤੋਂ ਵੱਡਾ ਹੁਲਾਰਾ ਮਿਲ ਰਿਹਾ ਹੈ, ਜਿਸ ਨਾਲ ਲੋਕ ਖੁੱਲ੍ਹ ਕੇ ਖਰਚ ਕਰ ਰਹੇ ਹਨ ਅਤੇ ਕੰਪਨੀਆਂ ਨਵੇਂ ਕਾਮੇ ਰੱਖ ਰਹੀਆਂ ਹਨ। ਉਦਯੋਗਾਂ ਦੀ ਗੱਲ ਕਰੀਏ ਤਾਂ ਹੈਲਥਕੇਅਰ ਖੇਤਰ ਰੁਜ਼ਗਾਰ ਦੇ ਮਾਮਲੇ ਵਿੱਚ ਸਭ ਤੋਂ ਅੱਗੇ ਰਿਹਾ ਹੈ, ਜਿਸ ਨੇ ਪਿਛਲੇ ਇੱਕ ਸਾਲ ਵਿੱਚ 3,60,000 ਨੌਕਰੀਆਂ ਜੋੜੀਆਂ ਹਨ, ਜਦੋਂ ਕਿ ਹੋਰਨਾਂ ਰੁਜ਼ਗਾਰਦਾਤਾਵਾਂ ਨੇ ਮਿਲ ਕੇ ਲਗਭਗ 1,20,000 ਨੌਕਰੀਆਂ ਦੀ ਕਟੌਤੀ ਕੀਤੀ ਹੈ।

ਜ਼ਿਕਰਯੋਗ ਹੈ ਕਿ ਸਾਲ 2025 ਅਮਰੀਕੀ ਰੁਜ਼ਗਾਰ ਲਈ ਕਾਫ਼ੀ ਮੰਦਾ ਰਿਹਾ ਸੀ, ਜਦੋਂ ਉੱਚ ਵਿਆਜ ਦਰਾਂ ਅਤੇ ਆਰਥਿਕ ਨੀਤੀਆਂ ਦੀ ਅਨਿਸ਼ਚਿਤਤਾ ਕਾਰਨ ਪ੍ਰਤੀ ਮਹੀਨਾ ਔਸਤਨ ਸਿਰਫ਼ 9,700 ਨੌਕਰੀਆਂ ਹੀ ਪੈਦਾ ਹੋਈਆਂ ਸਨ। ਹੁਣ 2026 ਦੇ ਸ਼ੁਰੂਆਤੀ ਮਹੀਨਿਆਂ ਵਿੱਚ ਰੁਜ਼ਗਾਰ ਬਾਜ਼ਾਰ ਵਿੱਚ ਸੁਧਾਰ ਦੇ ਰੁਕ-ਰੁਕ ਕੇ ਸੰਕੇਤ ਮਿਲ ਰਹੇ ਹਨ।

ਅਮਰੀਕਾ ਨਾਲ ਮਜ਼ਬੂਤ ਹੋਏ ਭਾਰਤ ਦੇ ਵਪਾਰਕ ਰਿਸ਼ਤੇ

ਭਾਰਤੀ ਕੰਪਨੀਆਂ ਨੇ ਅਮਰੀਕਾ 'ਚ ਕੀਤਾ ਅਰਬਾਂ ਡਾਲਰ ਦਾ ਨਿਵੇਸ਼

ਵਾਸ਼ਿੰਗਟਨ/ਏ.ਟੀ.ਨਿਊਜ਼: ਭਾਰਤੀ ਕੰਪਨੀਆਂ ਨੇ ਅਮਰੀਕਾ 'ਚ ਰਿਕਾਰਡ 20.5 ਅਰਬ ਡਾਲਰ (1.70 ਲੱਖ ਕਰੋੜ ਰੁਪਏ) ਦੇ ਨਿਵੇਸ਼ ਦਾ ਐਲਾਨ ਕੀਤਾ ਹੈ। ਅਮਰੀਕੀ ਦੂਤਘਰ ਮੁਤਾਬਕ ਇਹ ਨਿਵੇਸ਼ ਫਾਰਮਾਸਿਊਟੀਕਲ, ਐਡਵਾਂਸ ਮੈਨੂਫੈਕਚਰਿੰਗ, ਊਰਜਾ ਇਨਫਰਾਸਟ੍ਰਕਚਰ ਅਤੇ ਨਵੀਆਂ ਤਕਨੀਕਾਂ ਵਰਗੇ ਖੇਤਰਾਂ 'ਚ ਕੀਤਾ ਜਾਵੇਗਾ। ਇੱਕ ਰਿਪੋਰਟ ਮੁਤਾਬਕ ਇਹ ਐਲਾਨ ਅਮਰੀਕਾ ਦੇ ਮੈਰੀਲੈਂਡ 'ਚ ਆਯੋਜਿਤ ਇੱਕ ਨਿਵੇਸ਼ ਸੰਮੇਲਨ ਦੌਰਾਨ ਕੀਤਾ ਗਿਆ। ਮਾਹਿਰਾਂ ਦਾ ਮੰਨਣਾ ਹੈ ਕਿ ਇਸ ਨਾਲ ਭਾਰਤ ਅਤੇ ਅਮਰੀਕਾ ਵਿਚਾਲੇ ਆਰਥਿਕ ਸਾਂਝੇਦਾਰੀ ਹੋਰ ਮਜ਼ਬੂਤ ਹੋਵੇਗੀ।

ਫਾਰਮਾ ਸੈਕਟਰ ਸਭ ਤੋਂ ਅੱਗੇ

ਕੁੱਲ ਨਿਵੇਸ਼ 'ਚ ਸਭ ਤੋਂ ਵੱਡਾ ਹਿੱਸਾ ਭਾਰਤੀ ਫਾਰਮਾ ਕੰਪਨੀਆਂ ਦਾ ਹੈ। ਰਿਪੋਰਟ ਅਨੁਸਾਰ ਕਰੀਬ 19.1 ਅਰਬ ਡਾਲਰ ਦਾ ਨਿਵੇਸ਼ ਸਿਰਫ ਫਾਰਮਾਸਿਊਟੀਕਲ ਸੈਕਟਰ 'ਚ ਕੀਤਾ ਜਾਵੇਗਾ। ਇਸ 'ਚ ਸਭ ਤੋਂ ਵੱਡਾ ਸੌਦਾ ਸਨ ਫਾਰਮਾਸਿਊਟੀਕਲ ਇੰਡਸਟਰੀਜ਼ ਲਿਮਟਿਡ ਵੱਲੋਂ ਨਿਊ ਜਰਸੀ ਸਥਿਤ ਆਰਗਨਾਨ ਐਂਡ ਕੰਪਨੀ ਦੇ 11.75 ਅਰਬ ਡਾਲਰ ਦੀ ਐਕਵਾਇਰਮੈਂਟ ਦਾ ਹੈ।

ਇਸ ਤੋਂ ਇਲਾਵਾ ਆਰੋਬਿੰਦੋ ਫਾਰਮਾ ਲਿਮਟਿਡ, ਬਾਇਓਕਾਨ ਗਰੁੱਪ, ਸਿਪਲਾ ਲਿਮਟਿਡ, ਡਾ. ਰੈੱਡੀਜ਼ ਲੈਬਾਰਟਰੀਜ਼ ਲਿਮਟਿਡ, ਲਿਊਪਿਨ ਲਿਮਟਿਡ ਅਤੇ ਜ਼ਾਈਡਸ ਲਾਈਫਸਾਇੰਸਿਜ਼ ਲਿਮਟਿਡ ਵਰਗੀਆਂ ਕੰਪਨੀਆਂ ਵੀ ਵੱਡੇ ਨਿਵੇਸ਼ ਦੀ ਯੋਜਨਾ 'ਚ ਸ਼ਾਮਲ ਹਨ।

ਦਵਾਈਆਂ ਦੀ ਸਪਲਾਈ ਮਜ਼ਬੂਤ ਕਰਨ 'ਤੇ ਫੋਕਸ

ਅਮਰੀਕੀ ਦੂਤਘਰ ਅਨੁਸਾਰ ਇਹ ਨਿਵੇਸ਼ ਅਮਰੀਕਾ 'ਚ ਦਵਾਈਆਂ ਦੀ ਸਪਲਾਈ ਮਜ਼ਬੂਤ ਕਰਨ, ਡਰੱਗ ਸ਼ਾਰਟੇਜ ਘੱਟ ਕਰਨ ਅਤੇ ਹੈਲਥਕੇਅਰ ਸਪਲਾਈ ਚੇਨ ਨੂੰ ਵਧੇਰੇ ਸੁਰੱਖਿਅਤ ਬਣਾਉਣ 'ਚ ਮਦਦ ਕਰਨਗੇ। ਨਵੀਆਂ ਮੈਨੂਫੈਕਚਰਿੰਗ ਯੂਨਿਟਸ, ਰਿਸਰਚ ਐਂਡ ਡਿਵੈਲਪਮੈਂਟ ਸੈਂਟਰ ਅਤੇ ਗ੍ਰੀਨਫੀਲਡ ਪ੍ਰਾਜੈਕਟਸ ਜ਼ਰੀਏ ਦੋਵਾਂ ਦੇਸ਼ਾਂ 'ਚ ਰੋਜ਼ਗਾਰ ਦੇ ਨਵੇਂ ਮੌਕੇ ਵੀ ਪੈਦਾ ਹੋਣਗੇ।

ਸਟੀਲ ਅਤੇ ਮੈਨੂਫੈਕਚਰਿੰਗ ਸੈਕਟਰ 'ਚ ਵੀ ਵਿਸਤਾਰ

ਭਾਰਤੀ ਉਦਯੋਗ ਸਮੂਹ ਜੇ. ਐੱਸ. ਡਬਲਯੂ. ਸਟੀਲ ਨੇ ਅਮਰੀਕਾ ਦੇ ਓਹਾਯੋ ਅਤੇ ਟੈਕਸਾਸ ਸਥਿਤ ਪਲਾਂਟਾਂ 'ਚ 255 ਮਿਲੀਅਨ ਡਾਲਰ ਦੇ ਆਧੁਨਿਕੀਕਰਨ ਪ੍ਰਾਜੈਕਟ ਸ਼ੁਰੂ ਕਰਨ ਦੀ ਪੁਸ਼ਟੀ ਕੀਤੀ ਹੈ। ਉੱਥੇ ਹੀ ਅਹਿਮਦਾਬਾਦ ਸਥਿਤ ਅਡਿਊਦਯ ਗਰੁੱਪ ਅਮਰੀਕਾ 'ਚ 5 ਵੱਖ-ਵੱਖ ਸਾਈਟਸ 'ਤੇ 900 ਮਿਲੀਅਨ ਡਾਲਰ ਤੋਂ ਵੱਧ ਦਾ ਨਿਵੇਸ਼ ਕਰੇਗਾ।

(ਬਾਕੀ ਸਫ਼ਾ 27 'ਤੇ)

ਅਮਰੀਕਾ ਦੀ ਅਦਾਲਤ ਨੇ ਟਰੰਪ ਦੇ ਟੈਰਿਫ਼ਾਂ ਨੂੰ ਗ਼ੈਰਕਾਨੂੰਨੀ ਐਲਾਨਿਆ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਦੀ ਇੱਕ ਸੰਘੀ ਅਦਾਲਤ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਲਗਾਏ ਗਏ ਨਵੇਂ ਗਲੋਬਲ ਟੈਰਿਫ਼ਾਂ ਵਿਰੁੱਧ ਫ਼ੈਸਲਾ ਸੁਣਾਇਆ ਹੈ। ਨਿਊਯਾਰਕ ਸਥਿਤ ਅੰਤਰਰਾਸ਼ਟਰੀ ਵਪਾਰ ਅਦਾਲਤ ਦੇ ਤਿੰਨ ਜੱਜਾਂ ਦੇ ਬੈਂਚ ਨੇ ਛੋਟੇ ਕਾਰੋਬਾਰਾਂ ਦੀ ਪਟੀਸ਼ਨ 'ਤੇ ਸੁਣਵਾਈ ਤੋਂ ਬਾਅਦ 10 ਪ੍ਰਤੀਸ਼ਤ ਗਲੋਬਲ ਟੈਰਿਫ਼ਾਂ ਨੂੰ ਗ਼ੈਰ-ਕਾਨੂੰਨੀ ਕਰਾਰ ਦਿੱਤਾ। ਅਦਾਲਤ ਨੇ ਦੋ-ਇੱਕ ਬਹੁਮਤ ਨਾਲ ਫ਼ੈਸਲਾ ਸੁਣਾਇਆ ਕਿ ਟਰੰਪ ਨੇ ਕਾਨੂੰਨ ਦੁਆਰਾ ਰਾਸ਼ਟਰਪਤੀ ਨੂੰ ਦਿੱਤੇ ਗਏ ਟੈਰਿਫ਼ ਅਧਿਕਾਰ ਨੂੰ ਪਾਰ ਕਰ ਲਿਆ ਹੈ। ਬਹੁਮਤ ਨੇ ਫ਼ੈਸਲਾ ਸੁਣਾਇਆ ਕਿ ਟੈਰਿਫ਼ ਅਵੈਧ ਅਤੇ ਕਾਨੂੰਨ ਦੁਆਰਾ ਅਣਅਧਿਕਾਰਤ ਸਨ।

ਬੈਂਚ ਦੇ ਤੀਜੇ ਜੱਜ ਨੇ ਕਿਹਾ ਕਿ ਕਾਨੂੰਨ ਰਾਸ਼ਟਰਪਤੀ ਨੂੰ ਟੈਰਿਫ਼ ਲਗਾਉਣ ਵਿੱਚ ਕਾਫ਼ੀ ਖੁੱਲ੍ਹ ਦਿੰਦਾ ਹੈ। ਜੇਕਰ ਪ੍ਰਸ਼ਾਸਨ ਇਸ ਫ਼ੈਸਲੇ ਖ਼ਿਲਾਫ਼ ਅਪੀਲ ਕਰਦਾ ਹੈ, ਜਿਵੇਂ ਕਿ

(ਬਾਕੀ ਸਫ਼ਾ 26 'ਤੇ)

ਅਮਰੀਕਾ ਨੇ ਡਾਕਟਰਾਂ ਦੀਆਂ ਇਮੀਗ੍ਰੇਸ਼ਨ ਅਰਜ਼ੀਆਂ 'ਤੇ ਲੱਗੀ ਰੋਕ ਨੂੰ ਹਟਾਇਆ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਵਿੱਚ ਡਾਕਟਰਾਂ ਦੀ ਭਾਰੀ ਕਿੱਲਤ ਨੂੰ ਦੇਖਦੇ ਹੋਏ ਟਰੰਪ ਪ੍ਰਸ਼ਾਸਨ ਨੇ ਇੱਕ ਅਹਿਮ ਫੈਸਲਾ ਲਿਆ ਹੈ। ਨਵੇਂ ਫੈਸਲੇ ਤਹਿਤ ਡਾਕਟਰਾਂ ਦੀਆਂ ਇਮੀਗ੍ਰੇਸ਼ਨ ਅਰਜ਼ੀਆਂ 'ਤੇ ਲੱਗੀ ਰੋਕ ਨੂੰ ਅੰਸ਼ਕ ਤੌਰ 'ਤੇ ਹਟਾ ਦਿੱਤਾ ਗਿਆ ਹੈ। ਇਸ ਕਦਮ ਨਾਲ ਹੁਣ ਡਾਕਟਰਾਂ ਦੇ ਵੀਜ਼ਾ ਅਤੇ ਗ੍ਰੀਨ ਕਾਰਡ ਮਾਮਲਿਆਂ ਦੀ ਮੁੜ ਸਮੀਖਿਆ ਸ਼ੁਰੂ ਹੋ ਸਕੇਗੀ, ਹਾਲਾਂਕਿ ਇਨ੍ਹਾਂ ਅਰਜ਼ੀਆਂ ਨੂੰ ਅੰਤਿਮ ਮਨਜ਼ੂਰੀ ਮਿਲੇਗੀ ਜਾਂ ਨਹੀਂ, ਇਸ ਬਾਰੇ ਅਜੇ ਵੀ ਅਨਿਸ਼ਚਿਤਤਾ ਬਣੀ ਹੋਈ ਹੈ। ਅਮਰੀਕਾ ਵਿੱਚ ਡਾਕਟਰਾਂ, ਮੈਡੀਕਲ ਸੰਗਠਨਾਂ ਅਤੇ ਇਮੀਗ੍ਰੇਸ਼ਨ ਵਕੀਲਾਂ ਵੱਲੋਂ ਪਿਛਲੇ ਕਈ ਮਹੀਨਿਆਂ ਤੋਂ ਇਸ ਰੋਕ ਨੂੰ ਹਟਾਉਣ ਦੀ ਮੰਗ ਕੀਤੀ ਜਾ ਰਹੀ ਸੀ। ਦੇਸ਼ ਵਿੱਚ ਡਾਕਟਰਾਂ ਦੀ ਭਾਰੀ ਕਮੀ ਹੈ ਅਤੇ 'ਨੈਸ਼ਨਲ ਲਾਇਬ੍ਰੇਰੀ ਆਫ ਮੈਡੀਸਨ' ਅਨੁਸਾਰ ਵੱਡੀ ਗਿਣਤੀ ਵਿੱਚ ਵਿਦੇਸ਼ੀ ਸਿਖਲਾਈ ਪ੍ਰਾਪਤ ਡਾਕਟਰ ਅਮਰੀਕਾ ਦੇ ਉਨ੍ਹਾਂ ਪੇਂਡੂ ਅਤੇ ਪੱਛੜੇ ਇਲਾਕਿਆਂ ਵਿੱਚ ਕੰਮ ਕਰਦੇ ਹਨ ਜਿੱਥੇ ਸਿਹਤ ਸਹੂਲਤਾਂ ਦੀ ਘਾਟ ਹੈ। ਕਈ ਇਲਾਕਿਆਂ ਵਿੱਚ ਹਾਲਤ ਇਹ ਹੈ ਕਿ ਮਰੀਜ਼ਾਂ ਨੂੰ ਮਾਹਿਰ ਡਾਕਟਰਾਂ ਨੂੰ ਮਿਲਣ ਲਈ ਚਾਰ ਤੋਂ ਪੰਜ ਮਹੀਨੇ ਤੱਕ

(ਬਾਕੀ ਸਫ਼ਾ 26 'ਤੇ)

ਅਮਰੀਕਾ ਵੱਲੋਂ ਗ਼ੈਰ ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦੀ ਤਿਆਰੀ

ਪ੍ਰਵਾਸੀਆਂ ਨਾਲ ਹਮਦਰਦੀ ਰੱਖਣ ਵਾਲੇ ਜੱਜਾਂ ਨੂੰ ਅਹੁਦਿਆਂ ਤੋਂ ਹਟਾਇਆ ਜਾਵੇਗਾ

ਵਾਸ਼ਿੰਗਟਨ/ਏ.ਟੀ.ਨਿਊਜ਼: ਪ੍ਰਵਾਸੀਆਂ ਖ਼ਿਲਾਫ਼ ਅਮਰੀਕਾ ਦੀ ਕਾਰਵਾਈ ਇੱਕ ਵਾਰ ਫ਼ਿਰ ਤੋਂ ਤੇਜ਼ੀ ਫੜ ਸਕਦੀ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਦੇਸ਼ ਵਿੱਚੋਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਬਾਹਰ ਕੱਢਣ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਹੁਣ ਇਮੀਗ੍ਰੇਸ਼ਨ ਅਦਾਲਤਾਂ 'ਤੇ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਅਮਰੀਕੀ ਨਿਆਂ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਉਹ ਅਜਿਹੇ ਇਮੀਗ੍ਰੇਸ਼ਨ ਜੱਜਾਂ ਨੂੰ ਅਹੁਦਿਆਂ ਤੋਂ ਤੁਰੰਤ ਹਟਾ ਦੇਵੇਗਾ ਜੋ ਫੈਸਲੇ ਲੈਣ ਵਿੱਚ ਦੇਰੀ ਕਰ ਰਹੇ ਹਨ ਜਾਂ ਪ੍ਰਸ਼ਾਸਨ ਦੀਆਂ ਸਖ਼ਤ ਨੀਤੀਆਂ ਮੁਤਾਬਕ ਕੰਮ ਨਹੀਂ ਕਰ ਰਹੇ।

ਅਮਰੀਕਾ ਦੇ ਕਾਰਜਕਾਰੀ ਅਟਾਰਨੀ ਜਨਰਲ ਟੌਡ ਬਲਾਂਚੇ ਨੇ ਹਾਲ ਹੀ ਵਿੱਚ ਦਿੱਤੇ ਬਿਆਨ ਵਿੱਚ ਕਿਹਾ ਕਿ ਜਿਹੜੇ ਜੱਜ ਕੇਸਾਂ ਨੂੰ ਬਿਨਾਂ ਵਜ੍ਹਾ ਲਟਕਾ ਰਹੇ ਹਨ ਜਾਂ ਜਿਨ੍ਹਾਂ ਕੋਲ ਪੁਰਾਣੇ ਕੇਸ ਬਹੁਤ ਜ਼ਿਆਦਾ ਹਨ, ਉਨ੍ਹਾਂ ਦੀ ਥਾਂ ਨਵੇਂ ਜੱਜਾਂ ਦੀ ਨਿਯੁਕਤੀ ਕੀਤੀ ਜਾਵੇਗੀ। ਪ੍ਰਸ਼ਾਸਨ ਦਾ ਮੰਨਣਾ ਹੈ ਕਿ ਕੁਝ ਜੱਜ 'ਹਮਦਰਦੀ' ਦਿਖਾ ਕੇ ਫੈਸਲਿਆਂ ਵਿੱਚ ਦੇਰੀ ਕਰਦੇ ਹਨ, ਜੋ ਕਿ ਕਾਨੂੰਨ ਦੀ ਸਹੀ ਪਾਲਣਾ ਨਹੀਂ ਹੈ। ਟਰੰਪ ਪ੍ਰਸ਼ਾਸਨ ਦਾ ਟੀਚਾ ਅਦਾਲਤਾਂ ਵਿੱਚ ਲਟਕ ਰਹੇ 37 ਲੱਖ ਕੇਸਾਂ ਦਾ ਜਲਦੀ ਨਿਪਟਾਰਾ ਕਰਨਾ ਹੈ ਤਾਂ ਜੋ ਦੇਸ਼ ਨਿਕਾਲੇ ਦੀ ਮੁਹਿੰਮ ਨੂੰ ਰਫ਼ਤਾਰ ਦਿੱਤੀ ਜਾ ਸਕੇ।

ਰਿਪੋਰਟਾਂ ਅਨੁਸਾਰ ਟਰੰਪ ਦਾ ਦੂਜਾ ਕਾਰਜਕਾਲ ਸ਼ੁਰੂ ਹੋਣ ਤੋਂ ਬਾਅਦ ਕਰੀਬ 100 ਇਮੀਗ੍ਰੇਸ਼ਨ ਜੱਜਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ।

(ਬਾਕੀ ਸਫ਼ਾ 26 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਨਿਊਜ਼ੀਲੈਂਡ ਵਿੱਚ 'ਹਾਕਾ' ਵਿਵਾਦ

ਨਸਲਵਾਦੀ 'ਚੀ ਵਿਲਸਨ' ਨੇ ਸਿੱਖ ਭਾਈਚਾਰੇ ਕੋਲੋਂ ਮੰਗੀ ਮੁਆਫ਼ੀ

ਜਲਦੀ ਹੋਵੇਗੀ ਦੋਹਾਂ ਭਾਈਚਾਰਿਆਂ ਵਿੱਚ ਮੀਟਿੰਗ

ਨਿਊਜ਼ੀਲੈਂਡ ਦੀ ਧਰਤੀ ਤੋਂ ਸਿੱਖ ਭਾਈਚਾਰੇ ਲਈ ਇੱਕ ਵੱਡੀ ਨੈਤਿਕ ਅਤੇ ਸੱਭਿਆਚਾਰਕ ਜਿੱਤ ਦੀ ਖ਼ਬਰ ਸਾਹਮਣੇ ਆਈ ਹੈ। 'ਤੇ ਪਾਤੀ ਮਾਓਰੀ' ਦੇ ਸਾਬਕਾ ਪ੍ਰਧਾਨ ਚੀ ਵਿਲਸਨ ਵੱਲੋਂ ਸਿੱਖ ਭਾਈਚਾਰੇ ਤੋਂ ਮੰਗੀ ਗਈ ਬਿਨਾਂ ਸ਼ਰਤ ਮੁਆਫ਼ੀ ਸਿਰਫ਼ ਇੱਕ ਵਿਅਕਤੀ ਦਾ ਪਸ਼ਚਾਤਾਪ ਨਹੀਂ ਹੈ, ਸਗੋਂ ਇਹ ਸਿੱਖ ਪੰਥ ਦੀ ਉਸ ਉੱਚੀ-ਸੁੱਚੀ ਨੈਤਿਕਤਾ ਅਤੇ 'ਸਰਬੱਤ ਦੇ ਭਲੇ' ਵਾਲੀ ਸੋਚ ਦੀ ਜਿੱਤ ਹੈ, ਜਿਸ ਅੱਗੇ ਨਸਲਵਾਦੀ ਪ੍ਰਵਿਰਤੀਆਂ ਨੂੰ ਹਮੇਸ਼ਾ ਝੁਕਣਾ ਪਿਆ ਹੈ।

ਇਹ ਵਿਵਾਦ ਉਦੋਂ ਸ਼ੁਰੂ ਹੋਇਆ ਜਦੋਂ ਇੱਕ 'ਹਾਕਾ' ਪ੍ਰਦਰਸ਼ਨ ਦੌਰਾਨ ਹਿੰਸਕ ਲਹਿਜੇ ਅਤੇ ਪ੍ਰਦਰਸ਼ਨ ਦੀ ਵਰਤੋਂ ਕੀਤੀ ਗਈ। ਹਾਲਾਂਕਿ ਪ੍ਰਦਰਸ਼ਨਕਾਰੀਆਂ ਦਾ ਮੰਨਣਾ ਸੀ ਕਿ ਉਨ੍ਹਾਂ ਦਾ ਮਕਸਦ ਸਿਆਸੀ ਸੀ—ਉਹ ਐਮਪੀ ਪਰਮਜੀਤ ਪਰਮਾਰ ਦੇ ਸਟੈਂਡ ਦਾ ਵਿਰੋਧ ਕਰ ਰਹੇ ਸਨ।

ਡਾ. ਪਰਮਜੀਤ ਪਰਮਾਰ ਪਹਿਲਾਂ ਨੈਸ਼ਨਲ ਪਾਰਟੀ ਦੀ ਸਾਂਸਦ ਰਹੀ ਚੁੱਕੀ ਹੈ। ਮੌਜੂਦਾ ਸਮੇਂ ਵਿੱਚ ਉਹ ਐਕਟ ਪਾਰਟੀ ਨਾਲ ਜੁੜੀ ਹੋਈ ਹੈ। ਵਿਰੋਧ ਦਾ ਇੱਕ ਕਾਰਨ ਉਸ ਦੀ ਮੌਜੂਦਾ ਪਾਰਟੀ ਦੀਆਂ ਨੀਤੀਆਂ ਹਨ, ਜਿਨ੍ਹਾਂ ਨੂੰ ਕੁਝ ਵਰਗਾਂ ਵੱਲੋਂ ਮਾਓਰੀ ਭਾਈਚਾਰੇ ਦੇ ਹੱਕਾਂ (ਜਿਵੇਂ ਕਿ 'ਟਰੀਟੀ ਆਫ ਵੇਤਾਂਗੀ') ਦੇ ਵਿਰੁੱਧ ਦੇਖਿਆ ਜਾਂਦਾ ਹੈ।

ਮੁੱਖ ਵਿਵਾਦ ਟਰੀਟੀ ਪ੍ਰਿੰਸੀਪਲਜ਼ ਬਿੱਲ ਨੂੰ ਲੈ ਕੇ ਹੈ। ਡਾ. ਪਰਮਾਰ ਦੀ ਪਾਰਟੀ ਐਕਟ ਇਸ ਬਿੱਲ ਦੀ ਹਮਾਇਤ ਕਰ ਰਹੀ ਹੈ, ਜਦੋਂ ਕਿ ਮਾਓਰੀ ਭਾਈਚਾਰਾ ਅਤੇ ਉਨ੍ਹਾਂ ਦੀਆਂ ਪਾਰਟੀਆਂ (ਜਿਵੇਂ 'ਤੇ ਪਾਤੀ ਮਾਓਰੀ') ਇਸ ਨੂੰ ਆਪਣੇ ਹੱਕਾਂ 'ਤੇ ਹਮਲਾ ਮੰਨਦੀਆਂ ਹਨ। ਇਸੇ ਵਿਰੋਧ ਕਾਰਨ ਮਾਓਰੀ ਪ੍ਰਦਰਸ਼ਨਕਾਰੀਆਂ ਨੇ ਡਾ. ਪਰਮਾਰ ਨੂੰ ਨਿਸ਼ਾਨਾ ਬਣਾਇਆ।

ਪਰ ਸਿੱਖਾਂ ਦਾ ਮੰਨਣਾ ਹੈ ਕਿ ਜਿਸ ਤਰੀਕੇ ਨਾਲ ਉਹਨਾਂ ਨਗਰ ਕੀਰਤਨ ਵਿਰੁੱਧ ਹੰਗਾਮਾ ਖੜਾ ਕੀਤਾ ਗਿਆ, ਉਸ ਨੇ ਸਮੁੱਚੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਸੱਟ ਮਾਰੀ ਸੀ। ਉਹ ਨਿਊਜ਼ੀਲੈਂਡ ਵਰਗੇ ਬਹੁ-ਸੱਭਿਆਚਾਰਕ ਸਮਾਜ ਦੇ ਮੱਥੇ 'ਤੇ ਕਲੰਕ ਸੀ ਪਰ ਸਿੱਖਾਂ ਨੇ ਇਸ ਦਾ ਜਵਾਬ ਪੱਥਰ ਨਾਲ ਨਹੀਂ, ਸਗੋਂ ਸੰਵਾਦ ਅਤੇ ਦ੍ਰਿੜਤਾ ਨਾਲ ਦਿੱਤਾ।

ਕੌਂਸਲ ਆਫ਼ ਸਿੱਖ ਅਫੇਅਰਜ਼ ਦੇ ਜਨਰਲ ਸਕੱਤਰ ਗੁਰਤੇਜ ਸਿੰਘ ਦਾ ਪ੍ਰਤੀਕਰਮ ਇਸ ਮਾਮਲੇ ਵਿੱਚ ਕਾਬਿਲ-ਏ-ਤਾਰੀਫ਼ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਮੁੱਦਾ ਸਿਆਸੀ ਚੁਣੌਤੀ ਦਾ ਨਹੀਂ, ਸਗੋਂ ਉਸ 'ਨਸਲੀ ਰੰਗਤ' ਦਾ ਸੀ ਜੋ ਪ੍ਰਦਰਸ਼ਨ ਵਿੱਚ ਦਿਖਾਈ ਦਿੱਤੀ। ਕੌਂਸਲ ਆਫ਼ ਸਿੱਖ ਅਫੇਅਰਜ਼ ਦੇ ਜਨਰਲ ਸਕੱਤਰ ਗੁਰਤੇਜ ਸਿੰਘ ਨੇ ਕਿਹਾ, 'ਸਾਨੂੰ ਕਿਸੇ ਸਿਆਸਤਦਾਨ ਨੂੰ ਚੁਣੌਤੀ ਦੇਣ 'ਤੇ ਕੋਈ ਇਤਰਾਜ਼ ਨਹੀਂ ਸੀ। ਦੁੱਖ ਉਦੋਂ ਹੋਇਆ ਜਦੋਂ ਇਸ ਵਿਰੋਧ ਵਿੱਚ ਨਸਲੀ ਟਿੱਪਣੀਆਂ ਅਤੇ ਸੱਭਿਆਚਾਰਕ ਮਜ਼ਾਕ ਸ਼ਾਮਲ ਹੋ ਗਿਆ। ਚੀ ਵਿਲਸਨ ਨੇ ਬਹੁਤ ਉਦਾਰਤਾ ਦਿਖਾਈ ਹੈ ਅਤੇ ਹਰ ਕਦਮ 'ਤੇ ਮੁਆਫ਼ੀ ਮੰਗੀ ਹੈ।' ਭਾਈਚਾਰੇ ਨੇ ਇਸ ਮਾਮਲੇ ਨੂੰ ਟਕਰਾਅ ਦੀ ਬਜਾਏ ਸੰਵਾਦ ਰਾਹੀਂ ਹੱਲ ਕਰਨ ਦੀ ਕੋਸ਼ਿਸ਼ ਕੀਤੀ, ਜੋ ਕਿ ਇੱਕ ਪਰਿਪੱਕ ਸਮਾਜ ਦੀ ਨਿਸ਼ਾਨੀ ਹੈ।

ਇਸ ਵਿਵਾਦ ਨੂੰ ਸੁਲਝਾਉਣ ਲਈ ਦੋਵਾਂ ਧਿਰਾਂ ਵਿਚਕਾਰ ਰਚਨਾਤਮਕ ਗੱਲਬਾਤ ਹੋਈ ਹੈ। ਚੀ ਵਿਲਸਨ ਅਗਲੇ ਦੋ ਤੋਂ ਤਿੰਨ ਹਫ਼ਤਿਆਂ ਵਿੱਚ ਵਾਈਕਾਟੋ ਵਿੱਚ ਇੱਕ 'ਹੁਈ' (ਵਿਸ਼ੇਸ਼ ਮੀਟਿੰਗ) ਕਰਨ ਲਈ ਸਹਿਮਤ ਹੋ ਗਏ ਹਨ। ਇਸ ਮੀਟਿੰਗ ਦਾ ਮੁੱਖ ਉਦੇਸ਼ ਹੋਵੇਗਾ: ਕਿ ਆਪਸੀ ਗੱਲਬਾਤ ਰਾਹੀਂ ਗਲਤਫਹਿਮੀਆਂ ਦੂਰ ਕਰਨਾ। ਮਾਓਰੀ ਭਾਈਚਾਰੇ ਅਤੇ ਪ੍ਰਵਾਸੀ ਸਿੱਖ ਭਾਈਚਾਰੇ ਵਿਚਕਾਰ ਰਿਸ਼ਤੇ ਮਜ਼ਬੂਤ ਕਰਨਾ। ਇੱਕ-ਦੂਜੇ ਦੇ ਸੱਭਿਆਚਾਰ ਪ੍ਰਤੀ ਸਤਿਕਾਰ ਪੈਦਾ ਕਰਨਾ।

ਵਿਲਸਨ ਨੇ ਅਜੇ ਤੱਕ ਮੀਡੀਆ ਨੂੰ ਇਸ ਸਬੰਧੀ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਹੈ, ਪਰ ਸਿੱਖ ਭਾਈਚਾਰੇ ਨਾਲ ਉਨ੍ਹਾਂ ਦੇ ਸਹਿਯੋਗ ਨੂੰ ਇੱਕ ਵੱਡੀ ਪ੍ਰਾਪਤੀ ਵਜੋਂ ਦੇਖਿਆ ਜਾ ਰਿਹਾ ਹੈ।

ਇਹ ਘਟਨਾ ਸਾਨੂੰ ਯਾਦ ਦਿਵਾਉਂਦੀ ਹੈ ਕਿ ਸਾਡੀ ਸਰਬਤ ਦੇ ਭਲੇ ਦੀ ਸੋਚ ਸਾਡੀ ਤਾਕਤ ਹੈ। ਚੀ ਵਿਲਸਨ ਦੀ ਮੁਆਫ਼ੀ ਅਤੇ ਸਿੱਖ ਕੌਂਸਲ ਦੀ ਖੁੱਲ੍ਹੇ ਦਿਲ ਨਾਲ ਕੀਤੀ ਪਹਿਲ ਨੇ ਆਪਸੀ ਮੱਤਭੇਦਾਂ ਨੂੰ ਦੂਰ ਕਰਕੇ ਇੱਕ ਮਜ਼ਬੂਤ ਰਿਸ਼ਤਾ ਬਣਾਉਣ ਦੀ ਨੀਂਹ ਰੱਖੀ ਹੈ।

ਇਤਿਹਾਸ ਗਵਾਹ ਹੈ ਕਿ ਸਿੱਖਾਂ ਨੇ ਆਪਣੀ ਸੇਵਾ ਅਤੇ ਕੁਰਬਾਨੀ ਨਾਲ ਦੁਨੀਆ ਭਰ ਵਿੱਚ ਮਾਣ ਖੱਟਿਆ ਹੈ। ਚੀ ਵਿਲਸਨ ਦਾ ਮਾਫ਼ੀ ਮੰਗਣਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਨਫ਼ਰਤ ਦੀ ਜੰਗ ਵਿੱਚ ਅੰਤ ਜਿੱਤ ਨੈਤਿਕਤਾ ਦੀ ਹੀ ਹੁੰਦੀ ਹੈ। ਅਗਲੇ ਹਫ਼ਤਿਆਂ ਵਿੱਚ ਹੋਣ ਵਾਲੀ ਹੁਈ (ਵਿਸ਼ੇਸ਼ ਮੀਟਿੰਗ) ਇਹ ਸਾਬਤ ਕਰੇਗੀ ਕਿ ਸਿੱਖ ਭਾਈਚਾਰਾ ਨਾ ਸਿਰਫ਼ ਆਪਣੀ ਇੱਜ਼ਤ ਦੀ ਰਾਖੀ ਕਰਨਾ ਜਾਣਦਾ ਹੈ, ਸਗੋਂ ਦੂਜੇ ਭਾਈਚਾਰਿਆਂ ਨੂੰ ਨਾਲ ਲੈ ਕੇ ਚੱਲਣ ਦੀ ਸਮਰੱਥਾ ਵੀ ਰੱਖਦਾ ਹੈ।

ਇਹ ਘਟਨਾ ਉਨ੍ਹਾਂ ਸਾਰੀਆਂ ਤਾਕਤਾਂ ਲਈ ਇੱਕ ਸਬਕ ਹੈ ਜੋ ਪ੍ਰਵਾਸੀ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕਰਦੀਆਂ ਹਨ। ਸਿੱਖ ਪੰਥ ਦੀ ਇਹ ਜਿੱਤ ਆਪਸੀ ਸਤਿਕਾਰ, ਮਨੁੱਖਤਾ ਦੀ ਸੇਵਾ, ਸਰਬੱਤ ਦੇ ਭਲੇ ਦੇ ਮਾਰਗ ਨੂੰ ਅਪਨਾਉਣ ਕਾਰਣ ਹੋਈ ਹੈ।

ਦੱਖਣੀ ਆਕਲੈਂਡ ਵਿੱਚ ਸਿੱਖ ਭਾਈਚਾਰੇ ਨੇ ਹਜ਼ਾਰਾਂ ਲੋੜਵੰਦ ਪਰਿਵਾਰਾਂ ਨੂੰ ਵੰਡਿਆ ਮੁਫ਼ਤ ਰਾਸ਼ਨ

ਦੱਖਣੀ ਆਕਲੈਂਡ ਦੇ ਸਿੱਖ ਭਾਈਚਾਰੇ ਵੱਲੋਂ ਮਾਨਵਤਾ ਦੀ ਸੇਵਾ ਕਰਦਿਆਂ ਬੀਤੇ ਦਿਨੀਂ ਇੱਕ ਵਿਸ਼ਾਲ ਫੂਡ ਡਰਾਈਵ (ਮੁਫ਼ਤ ਭੋਜਨ ਵੰਡ) ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸੈਂਕੜੇ ਪਰਿਵਾਰਾਂ ਨੇ ਹਿੱਸਾ ਲਿਆ। ਸੁਪਰੀਮ ਸਿੱਖ ਸੁਸਾਇਟੀ ਵੱਲੋਂ ਚਲਾਈ ਗਈ ਇਸ ਮੁਹਿੰਮ ਤਹਿਤ ਟਾਕਾਨੀਨੀ ਗੁਰਦੁਆਰਾ ਸਾਹਿਬ ਵਿਖੇ ਇੱਕੋ ਦਿਨ ਵਿੱਚ 1160 ਰਾਸ਼ਨ ਦੇ ਪੈਕੇਟ ਵੰਡੇ ਗਏ।

ਸੁਪਰੀਮ ਸਿੱਖ ਸੁਸਾਇਟੀ ਦੇ ਬੁਲਾਰੇ ਦਲਜੀਤ ਸਿੰਘ ਨੇ ਦੱਸਿਆ ਕਿ ਇਹ ਪਿਛਲੇ ਦੋ ਮਹੀਨਿਆਂ ਵਿੱਚ ਦੂਜੀ ਵੱਡੀ ਮੁਹਿੰਮ ਸੀ। ਇਸ ਤੋਂ ਪਹਿਲਾਂ 18 ਅਪ੍ਰੈਲ ਨੂੰ ਵੀ 1000 ਤੋਂ ਵੱਧ ਪੈਕੇਟ ਵੰਡੇ ਗਏ ਸਨ। ਇਸ ਸੇਵਾ ਕਾਰਜ ਦੀ ਅਗਵਾਈ ਸੁਸਾਇਟੀ ਦੀ ਸਾਬਕਾ ਪ੍ਰਧਾਨ ਜਸਵੀਰ ਕੌਰ ਨੇ ਕੀਤੀ। ਰਾਸ਼ਨ ਦੇ ਪੈਕਟਾਂ ਵਿੱਚ ਸ਼ਾਮਲ ਮੁੱਖ ਵਸਤੂਆਂ ਦੁੱਧ, ਦੁੱਧ ਦਾ ਪਾਊਡਰ ਅਤੇ ਬ੍ਰੈੱਡ ਆਲੂ, ਪਿਆਜ਼, ਸੂਜੀ, ਪਾਸਤਾ ਅਤੇ ਨੂਡਲਜ਼, ਤਾਜ਼ਾ ਸਬਜ਼ੀਆਂ (ਸਲਾਦ ਪੱਤਾ, ਗਾਜਰ) ਅਤੇ ਫਲ (ਕੀਵੀ ਫਲ, ਸੇਬ) ਸਨ।

ਵਲੰਟੀਅਰ ਅਮਨਪ੍ਰੀਤ ਸਿੰਘ ਨੇ ਦੱਸਿਆ ਕਿ ਕੋਸ਼ਿਸ਼ ਇਹ ਹੈ ਕਿ ਮੁਸ਼ਕਿਲ ਸਮੇਂ ਵਿੱਚ ਹਰ ਪਰਿਵਾਰ, ਖ਼ਾਸ ਕਰਕੇ ਬੱਚਿਆਂ ਨੂੰ ਪੂਰਾ ਪੋਸ਼ਣ ਮਿਲ ਸਕੇ।

ਸਾਬਕਾ ਸਕੱਤਰ ਹਰਵਿੰਦਰ ਕੌਰ ਨੇ ਦੱਸਿਆ ਕਿ ਲਗਭਗ 15 ਬੀਬੀਆਂ ਨੇ ਇੱਕ ਹਫ਼ਤਾ ਲਗਾਤਾਰ ਮਿਹਨਤ ਕਰਕੇ ਇਹ ਸਾਰੇ ਪੈਕੇਟ ਤਿਆਰ ਕੀਤੇ ਸਨ। ਦਲਜੀਤ ਸਿੰਘ ਅਨੁਸਾਰ, ਇਹ ਸਾਰਾ ਕਾਰਜ ਸਿੱਖ ਧਰਮ ਦੇ ਸੇਵਾ ਦੇ ਸਿਧਾਂਤ 'ਤੇ ਅਧਾਰਿਤ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਮੁਹਿੰਮਾਂ ਨਾਲ ਵੱਖ-ਵੱਖ ਭਾਈਚਾਰਿਆਂ ਵਿਚਕਾਰ ਪਿਆਰ ਵਧਦਾ ਹੈ। ਉਨ੍ਹਾਂ ਇਹ ਵੀ ਸਾਂਝਾ ਕੀਤਾ ਕਿ ਕੋਵਿਡ ਦੌਰਾਨ ਕੀਤੀ ਗਈ ਸੇਵਾ ਤੋਂ ਬਾਅਦ ਗੁਰਦੁਆਰਾ ਸਾਹਿਬ ਪ੍ਰਤੀ ਸਥਾਨਕ ਲੋਕਾਂ ਦਾ ਨਜ਼ਰੀਆ ਬਦਲਿਆ ਹੈ ਅਤੇ ਇਲਾਕੇ ਵਿੱਚ ਨਸਲਵਾਦੀ ਘਟਨਾਵਾਂ ਵਿੱਚ ਕਮੀ ਆਈ ਹੈ।

ਇਸ ਮੌਕੇ ਰਾਸ਼ਨ ਲੈਣ ਪਹੁੰਚੇ ਲੋਕਾਂ ਨੇ ਸਿੱਖ ਭਾਈਚਾਰੇ ਦਾ ਤਹਿ ਦਿਲੋਂ ਧੰਨਵਾਦ ਕੀਤਾ:

ਜੈਮੀ (ਮਨੁਰੇਵਾ ਨਿਵਾਸੀ) ਨੇ ਕਿਹਾ ਕਿ 'ਮੈਂ ਪਹਿਲਾਂ ਕਦੇ ਗੁਰਦੁਆਰੇ ਦੇ ਗੇਟ ਅੰਦਰ ਨਹੀਂ ਸੀ ਆਇਆ, ਪਰ ਇੱਥੇ ਬਹੁਤ ਵਧੀਆ ਸਵਾਗਤ ਹੋਇਆ। ਅੱਜ ਦੇ ਸਮੇਂ ਵਿੱਚ ਗੁਜ਼ਾਰਾ ਕਰਨਾ ਔਖਾ ਹੈ, ਇਸ ਲਈ ਮੈਂ ਇੱਥੇ ਆਇਆ ਹਾਂ।'

ਆਲਮਾ (ਪਾਪਾਕੁਰਾ ਨਿਵਾਸੀ ਨੇ ਕਿਹਾ ਕਿ 'ਗੁਰਦੁਆਰਾ ਸਾਹਿਬ ਸਰਕਾਰ ਨਾਲੋਂ ਵੀ ਵੱਧ ਸਾਡੀ ਮਦਦ ਕਰ ਰਿਹਾ ਹੈ। ਮੈਂ ਉਮੀਦ ਕਰਦਾ ਹਾਂ ਕਿ ਸਭ ਨੂੰ ਜਲਦੀ ਰੁਜ਼ਗਾਰ ਮਿਲੇ ਤਾਂ ਜੋ ਜੀਵਨ ਸੌਖਾ ਹੋ ਸਕੇ।'

ਸੁਪਰੀਮ ਸਿੱਖ ਸੁਸਾਇਟੀ ਦੀ ਇਸ ਪਹਿਲਕਦਮੀ ਦੀ ਪੂਰੇ ਦੱਖਣੀ ਆਕਲੈਂਡ ਵਿੱਚ ਸ਼ਲਾਘਾ ਹੋ ਰਹੀ ਹੈ।

ਇੰਗਲੈਂਡ 'ਚ ਡਿਜੀਟਲ ਦਹਿਸ਼ਤ: ਬੱਚਿਆਂ ਨੂੰ ਬਲੈਕਮੇਲ ਕਰਨ ਵਾਲੇ ਗਿਰੋਹ ਸਰਗਰਮ

ਹਜ਼ਾਰਾਂ ਬੱਚਿਆਂ ਦੇ ਜਿਨਸੀ ਸ਼ੋਸ਼ਣ ਦਾ ਖ਼ੁਲਾਸਾ !

ਕੀ ਪੁਲਿਸ ਅਤੇ ਪ੍ਰਸ਼ਾਸਨ ਨੇ ਜਾਣਬੁੱਝ ਕੇ ਫੇਰੀ ਅੱਖ ?

ਅਜੋਕੇ ਦੌਰ ਵਿੱਚ ਜਿੱਥੇ ਤਕਨਾਲੋਜੀ ਨੇ ਸਾਡੀ ਜ਼ਿੰਦਗੀ ਨੂੰ ਸੁਖਾਲਾ ਬਣਾਇਆ ਹੈ, ਉੱਥੇ ਹੀ ਇਸ ਨੇ ਅਪਰਾਧ ਦੇ ਅਜਿਹੇ ਭਿਆਨਕ ਰੂਪਾਂ ਨੂੰ ਵੀ ਜਨਮ ਦਿੱਤਾ ਹੈ, ਜਿਨ੍ਹਾਂ ਦੀ ਕਲਪਨਾ ਕਰਨਾ ਵੀ ਰੂਹ ਕੰਬਾਊ ਹੈ। ਪਿਛਲੇ ਕੁਝ ਦਿਨਾਂ ਵਿੱਚ ਬਰਤਾਨੀਆ ਤੋਂ ਆਈਆਂ ਦੋ ਅਹਿਮ ਖ਼ਬਰਾਂ—'ਗਰੂਮਿੰਗ ਗੈਂਗਸ' ਦੀ ਰਾਸ਼ਟਰੀ ਜਾਂਚ ਅਤੇ ਸਕੂਲੀ ਬੱਚਿਆਂ ਦੀਆਂ ਫੋਟੋਆਂ ਨੂੰ 'ਆਰਟੀਫੀਸ਼ੀਅਲ ਇੰਟੈਲੀਜੈਂਸ' ਰਾਹੀਂ ਵਿਗਾੜ ਕੇ ਬਲੈਕਮੇਲ ਕਰਨ ਦੇ ਮਾਮਲੇ—ਪੂਰੀ ਦੁਨੀਆ ਦੇ ਮਾਪਿਆਂ ਅਤੇ ਪ੍ਰਸ਼ਾਸਨ ਲਈ ਇੱਕ ਗੰਭੀਰ ਚਿਤਾਵਨੀ ਹਨ। ਇੰਟਰਨੈੱਟ ਵਾਚ ਫਾਊਂਡੇਸ਼ਨ ਬ੍ਰਿਟੇਨ ਦੀ ਇੱਕ ਮੁੱਖ ਸੰਸਥਾ ਹੈ ਜੋ ਇੰਟਰਨੈੱਟ 'ਤੇ ਬੱਚਿਆਂ ਦੇ ਜਿਨਸੀ ਸ਼ੋਸ਼ਣ ਵਾਲੀ ਸਮੱਗਰੀ ਦੀ ਨਿਗਰਾਨੀ ਕਰਦੀ ਹੈ। ਇਸ ਸੰਸਥਾ ਨੇ ਸਭ ਤੋਂ ਪਹਿਲਾਂ ਚਿਤਾਵਨੀ ਦਿੱਤੀ ਕਿ ਅਪਰਾਧੀ ਏ.ਆਈ. ਦੀ ਵਰਤੋਂ ਕਰਕੇ ਸਕੂਲਾਂ ਦੀਆਂ ਵੈੱਬਸਾਈਟਾਂ ਤੋਂ ਫੋਟੋਆਂ ਚੋਰੀ ਕਰ ਰਹੇ ਹਨ ਤੇ ਏ.ਆਈ. ਟੂਲਸ ਦੀ ਮਦਦ ਨਾਲ ਉਨ੍ਹਾਂ ਨੂੰ ਅਸ਼ਲੀਲ ਤਸਵੀਰਾਂ ਵਿੱਚ ਬਦਲ ਰਹੇ ਹਨ। ਇਸ ਤੋਂ ਬਾਅਦ 'ਸੈਕਸਟੌਰਸ਼ਨ' ਯਾਨੀ ਤਸਵੀਰਾਂ ਵਾਇਰਲ ਕਰਨ ਦੀ ਧਮਕੀ ਦੇ ਕੇ ਪੈਸਿਆਂ ਦੀ ਉਗਰਾਹੀ ਕੀਤੀ ਜਾਂਦੀ ਹੈ। ਇਹ ਸਿਰਫ਼ ਆਰਥਿਕ ਅਪਰਾਧ ਨਹੀਂ ਹੈ, ਸਗੋਂ ਇਹ ਇੱਕ ਬੱਚੇ ਦੇ ਮਾਨਸਿਕ ਸੰਤੁਲਨ ਅਤੇ ਉਸ ਦੇ ਭਵਿੱਖ ਨੂੰ ਤਬਾਹ ਕਰਨ ਵਾਲਾ ਹਮਲਾ ਹੈ।

ਨੈਸ਼ਨਲ ਕ੍ਰਾਈਮ ਏਜੰਸੀ ਨੇ ਪੁਸ਼ਟੀ ਕੀਤੀ ਕਿ ਇਹ ਇੱਕ ਸੰਗਠਿਤ ਅਪਰਾਧ ਹੈ ਅਤੇ ਅਪਰਾਧੀ ਗਿਰੋਹ (ਖਾਸ ਕਰਕੇ ਪੱਛਮੀ ਅਫਰੀਕਾ ਅਤੇ ਨਾਈਜੀਰੀਆ ਤੋਂ) ਸਕੂਲਾਂ ਨੂੰ ਨਿਸ਼ਾਨਾ ਬਣਾ ਰਹੇ ਹਨ।

ਬਰਤਾਨੀਆ ਦੇ ਮਾਹਿਰਾਂ ਅਤੇ ਨੈਸ਼ਨਲ ਕ੍ਰਾਈਮ ਏਜੰਸੀ ਨੇ ਸਕੂਲਾਂ ਨੂੰ ਇੱਕ ਨਵੀਂ ਹਦਾਇਤ ਜਾਰੀ ਕਰਦਿਆਂ ਕਿਹਾ ਹੈ ਕਿ ਉਹ ਆਪਣੀਆਂ ਵੈੱਬਸਾਈਟਾਂ ਅਤੇ ਸੋਸ਼ਲ ਮੀਡੀਆ ਖਾਤਿਆਂ ਤੋਂ ਬੱਚਿਆਂ ਦੀਆਂ ਸਾਫ਼ ਦਿਖਣ ਵਾਲੀਆਂ ਫੋਟੋਆਂ ਹਟਾ ਦੇਣ। ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਅਪਰਾਧੀ ਇਨ੍ਹਾਂ ਫੋਟੋਆਂ ਦੀ ਦੁਰਵਰਤੋਂ ਕਰਕੇ ਬੱਚਿਆਂ ਨੂੰ ਬਲੈਕਮੇਲ ਕਰ ਰਹੇ ਹਨ।

ਰੌਬੀ ਮੂਰ (ਐਮ.ਪੀ.) ਕੰਜ਼ਰਵੇਟਿਵ ਪਾਰਟੀ ਨੇ ਬਰੈਡਫੋਰਡ ਸ਼ਹਿਰ ਬਾਰੇ ਇੱਕ ਵੱਡਾ 'ਡੋਜ਼ੀਅਰ' (ਦਸਤਾਵੇਜ਼) ਪੇਸ਼ ਕੀਤਾ, ਜਿਸ ਵਿੱਚ 1996 ਤੋਂ 2025 ਤੱਕ ਲਗਭਗ 8,000 ਬੱਚਿਆਂ ਦੇ ਸ਼ੋਸ਼ਣ ਦੇ ਖ਼ਤਰੇ ਵਿੱਚ ਹੋਣ ਦਾ ਦਾਅਵਾ ਕੀਤਾ ਗਿਆ। ਦਾ ਗਾਰਡੀਅਨ ਯੂ.ਕੇ. ਦੀ ਅਖ਼ਬਾਰ ਅਨੁਸਾਰ ਪਹਿਲਾ ਮਾਮਲਾ 'ਗਰੂਮਿੰਗ ਗੈਂਗਸ' ਨਾਲ ਸਬੰਧਿਤ ਹੈ, ਜਿਸ ਵਿੱਚ ਇਹ ਸਾਹਮਣੇ ਆਇਆ ਹੈ ਕਿ ਕਿਵੇਂ ਸੰਗਠਿਤ ਗਿਰੋਹਾਂ ਨੇ ਸਾਲਾਂ ਬੱਧੀ ਹਜ਼ਾਰਾਂ ਬੱਚਿਆਂ ਦਾ ਜਿਨਸੀ ਸ਼ੋਸ਼ਣ ਕੀਤਾ। ਇਸ ਤੋਂ ਵੀ ਵੱਧ ਅਫ਼ਸੋਸਨਾਕ ਗੱਲ ਇਹ ਹੈ ਕਿ ਪੁਲਿਸ ਅਤੇ ਸਥਾਨਕ ਪ੍ਰਸ਼ਾਸਨ ਵਰਗੀਆਂ ਸੰਸਥਾਵਾਂ ਨੇ ਸ਼ਾਇਦ ਇਨ੍ਹਾਂ ਮਾਮਲਿਆਂ ਨੂੰ ਦਬਾਉਣ ਜਾਂ ਅਣਗੌਲਿਆਂ ਕਰਨ ਦੀ ਕੋਸ਼ਿਸ਼ ਕੀਤੀ। ਦੋਸ਼ ਲੱਗ ਰਹੇ ਹਨ ਕਿ ਅਧਿਕਾਰੀ 'ਸਿਆਸੀ ਸ਼ਿਸ਼ਟਾਚਾਰ' ਜਾਂ ਆਪਣੀ ਸਾਖ ਬਚਾਉਣ ਦੇ ਚੱਕਰ ਵਿੱਚ ਕਾਰਵਾਈ ਕਰਨ ਤੋਂ ਡਰਦੇ ਰਹੇ।

ਸੰਸਥਾਗਤ ਨਾਕਾਮੀ: ਤਿੰਨ ਸਾਲਾ ਰਾਸ਼ਟਰੀ ਜਾਂਚ ਇਸੇ ਗੱਲ 'ਤੇ ਕੇਂਦਰਿਤ ਹੈ ਕਿ ਕਿਵੇਂ 'ਗਰੂਮਿੰਗ ਗੈਂਗਸ' ਸਾਲਾਂ ਬੱਧੀ ਖੁੱਲ੍ਹੇਆਮ ਘੁੰਮਦੇ ਰਹੇ ਜਦਕਿ ਪੀੜਤ ਬੱਚਿਆਂ ਦੀਆਂ ਸ਼ਿਕਾਇਤਾਂ ਨੂੰ ਅਕਸਰ ਝੂਠਾ ਜਾਂ ਗੈਰ-ਜ਼ਰੂਰੀ ਕਹਿ ਕੇ ਖਾਰਜ ਕਰ ਦਿੱਤਾ ਗਿਆ।

ਸੁਰੱਖਿਆ ਮੰਤਰੀ ਜੇਸ ਫਿਲਿਪਸ ਨੇ ਖ਼ੁਦ ਮੰਨਿਆ ਹੈ ਕਿ ਬਰਮਿੰਘਮ ਅਤੇ ਬਰੈਡਫੋਰਡ ਵਰਗੇ ਸ਼ਹਿਰਾਂ ਵਿੱਚ ਮਾਮਲੇ ਦਬਾਉਣ ਦੇ ਦੋਸ਼ਾਂ ਦੀ ਡੂੰਘੀ ਜਾਂਚ ਹੋਣੀ ਚਾਹੀਦੀ ਹੈ ਮਾਹਿਰਾਂ ਦਾ ਕਹਿਣਾ ਹੈ ਕਿ ਕਿਸੇ ਵੀ ਸੱਭਿਅਕ ਸਮਾਜ ਲਈ ਇਸ ਤੋਂ ਵੱਡੀ ਨਾਕਾਮੀ ਹੋਰ ਕੀ ਹੋ ਸਕਦੀ ਹੈ ਕਿ ਉਸ ਦੇ ਬੱਚੇ ਆਪਣੇ ਹੀ ਸਿਸਟਮ ਦੇ ਹੁੰਦਿਆਂ ਸੁਰੱਖਿਅਤ ਨਾ ਰਹਿਣ। ਬਰਤਾਨੀਆ ਸਰਕਾਰ ਵੱਲੋਂ ਇਸ ਦੀ ਤਿੰਨ ਸਾਲਾ ਕਾਨੂੰਨੀ ਜਾਂਚ ਦਾ ਫੈਸਲਾ ਦੇਰੀ ਨਾਲ ਲਿਆ ਗਿਆ ਪਰ ਇੱਕ ਜ਼ਰੂਰੀ ਕਦਮ ਹੈ।

ਬਰਤਾਨੀਆ ਦੇ ਮਾਹਿਰਾਂ ਵੱਲੋਂ ਸਕੂਲਾਂ ਨੂੰ ਬੱਚਿਆਂ ਦੀਆਂ ਸਾਫ਼ ਫੋਟੋਆਂ ਵੈੱਬਸਾਈਟਾਂ ਤੋਂ ਹਟਾਉਣ ਦੀ ਦਿੱਤੀ ਗਈ ਸਲਾਹ ਇਹ ਸੋਚਣ ਲਈ ਮਜਬੂਰ ਕਰਦੀ ਹੈ ਕਿ ਕੀ ਅਸੀਂ ਆਪਣੀ 'ਆਨਲਾਈਨ ਦਿੱਖ' ਦੇ ਚੱਕਰ ਵਿੱਚ ਆਪਣੇ ਬੱਚਿਆਂ ਦੀ ਸੁਰੱਖਿਆ ਨੂੰ ਦਾਅ 'ਤੇ ਲਾ ਰਹੇ ਹਾਂ?

ਮਾਹਿਰਾਂ ਅਨੁਸਾਰ ਸਕੂਲ ਅਜਿਹੀਆਂ ਫੋਟੋਆਂ ਦੀ ਵਰਤੋਂ ਕਰਨ ਜਿਨ੍ਹਾਂ ਵਿੱਚ ਬੱਚਿਆਂ ਦੇ ਚਿਹਰੇ ਸਪੱਸ਼ਟ ਨਾ ਹੋਣ।

ਫੋਟੋਆਂ ਦੇ ਨਾਲ ਬੱਚਿਆਂ ਦੇ ਪੂਰੇ ਨਾਮ ਨਾ ਲਿਖੇ ਜਾਣ।

ਸੋਸ਼ਲ ਮੀਡੀਆ ਪ੍ਰੋਫਾਈਲਾਂ 'ਤੇ ਸਖ਼ਤ ਪ੍ਰਾਈਵੇਸੀ ਸੈਟਿੰਗਾਂ ਲਗਾਈਆਂ ਜਾਣ। ਇਹ ਸਿਰਫ਼ ਸਰਕਾਰਾਂ ਜਾਂ ਸਕੂਲਾਂ ਦੀ ਜ਼ਿੰਮੇਵਾਰੀ ਨਹੀਂ ਹੈ। ਮਾਪਿਆਂ ਨੂੰ ਵੀ ਆਪਣੇ ਬੱਚਿਆਂ ਨਾਲ ਸੰਵਾਦ ਵਧਾਉਣਾ ਹੋਵੇਗਾ (ਬਾਕੀ ਸਫ਼ਾ 26 'ਤੇ)

ਫ਼ਿਨਟ੍ਰੈਕ ਦੀ ਰਿਪੋਰਟ ਵਿੱਚ ਹੋਏ ਵੱਡੇ ਖ਼ੁਲਾਸੇ

ਕੈਨੇਡਾ ਵਿੱਚ ਪੜ੍ਹਨ ਗਏ ਨੌਜਵਾਨਾਂ ਨੂੰ ਗੈਂਗਸਟਰ ਫ਼ਸਾ ਰਹੇ ਨੇ ਜ਼ੁਰਮ ਦੀ ਦਲਦਲ 'ਚ

ਵਿਦਿਆਰਥੀਆਂ ਨੂੰ ਗੈਂਗਸਟਰ ਗਿਰੋਹਾਂ ਨੇ ਬਣਾਇਆ ਫ਼ਿਰੌਤੀ ਦਾ ਹਥਿਆਰ

ਵਿਦਿਆਰਥੀਆਂ ਦੇ ਖਾਤਿਆਂ ਰਾਹੀਂ ਘੁੰਮ ਰਿਹਾ ਫ਼ਿਰੌਤੀ ਦਾ ਪੈਸਾ

ਓਟਾਵਾ/ਏ.ਟੀ.ਨਿਊਜ਼: ਕੈਨੇਡਾ ਵਿੱਚ ਦੱਖਣੀ ਏਸ਼ੀਆਈ ਮੂਲ ਦੇ ਲੋਕਾਂ ਅਤੇ ਕਾਰੋਬਾਰੀਆਂ ਤੋਂ ਫ਼ਿਰੌਤੀ ਮੰਗਣ ਦੇ ਮਾਮਲਿਆਂ ਵਿੱਚ ਇੱਕ ਚਿੰਤਾਜਨਕ ਰੁਝਾਨ ਸਾਹਮਣੇ ਆਇਆ ਹੈ। ਕੈਨੇਡਾ ਦੀ ਇੰਟੈਲੀਜੈਂਸ ਏਜੰਸੀ ਫ਼ਿਨਟ੍ਰੈਕ ਦੀ ਤਾਜ਼ਾ ਰਿਪੋਰਟ ਅਨੁਸਾਰ, ਅਪਰਾਧਿਕ ਗੈਂਗ ਸਟੱਡੀ ਪਰਮਿਟ 'ਤੇ ਆਏ ਕੌਮਾਂਤਰੀ ਵਿਦਿਆਰਥੀਆਂ ਨੂੰ ਫ਼ਿਰੌਤੀ ਦੀ ਰਕਮ ਇੱਧਰ-ਉੱਧਰ ਕਰਨ ਲਈ ਕਥਿਤ ਤੌਰ 'ਤੇ 'ਮਨੀ ਮਿਊਲ' ਵਜੋਂ ਵਰਤ ਰਹੇ ਹਨ।

10 ਸਾਲਾਂ ਵਿੱਚ 4 ਗੁਣਾ ਵਧੇ ਫ਼ਿਰੌਤੀ ਦੇ ਮਾਮਲੇ

ਰਿਪੋਰਟ ਵਿੱਚ ਦਿੱਤੇ ਗਏ ਅੰਕੜੇ ਕੈਨੇਡਾ ਵਿੱਚ ਵਿਗੜ ਰਹੀ ਸਥਿਤੀ ਦੀ ਗਵਾਹੀ ਭਰਦੇ ਹਨ:

ਸਾਲ 2013 ਵਿੱਚ ਫ਼ਿਰੌਤੀ ਦੇ ਕੇਸਾਂ ਦੀ ਗਿਣਤੀ 2,300 ਸੀ।

ਸਾਲ 2023 ਤੱਕ ਇਹ ਅੰਕੜਾ ਵੱਧ ਕੇ 14,000 ਤੱਕ ਪਹੁੰਚ ਗਿਆ ਹੈ।

ਪਿਛਲੇ ਇੱਕ ਦਹਾਕੇ ਵਿੱਚ ਫ਼ਿਰੌਤੀ ਦੀ ਦਰ ਪ੍ਰਤੀ ਇੱਕ ਲੱਖ ਵਿਅਕਤੀਆਂ ਪਿੱਛੇ 8 ਤੋਂ ਵੱਧ ਕੇ 32 ਹੋ ਗਈ ਹੈ।

ਵਿਦਿਆਰਥੀਆਂ ਦੀ ਸ਼ਮੂਲੀਅਤ ਕਿਵੇਂ ਹੋਈ ਬੇਨਕਾਬ ?

ਫ਼ਿਨਟ੍ਰੈਕ ਮੁਤਾਬਕ, ਬੈਂਕਾਂ ਵਿੱਚ ਹੋਣ ਵਾਲੇ ਸ਼ੱਕੀ ਲੈਣ-ਦੇਣ ਤੋਂ ਪਤਾ ਲੱਗਿਆ ਹੈ ਕਿ ਕਈ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਖਾਤਿਆਂ ਵਿੱਚ ਅਜਿਹੀ ਰਕਮ ਆ ਰਹੀ ਹੈ, ਜੋ ਉਨ੍ਹਾਂ ਦੇ ਐਲਾਨੇ ਗਏ ਵਿੱਤੀ ਸਟੇਟਸ ਨਾਲ ਮੇਲ ਨਹੀਂ ਖਾਂਦੀ।

ਕੀ ਹੁੰਦਾ ਹੈ 'ਮਨੀ ਮਿਊਲ' ?

ਇਹ ਉਹ ਵਿਅਕਤੀ ਹੁੰਦਾ ਹੈ ਜੋ ਅਪਰਾਧੀਆਂ ਲਈ ਗ਼ੈਰ-ਕਾਨੂੰਨੀ ਪੈਸਾ ਆਪਣੇ ਬੈਂਕ ਖਾਤੇ ਰਾਹੀਂ ਪ੍ਰਾਪਤ ਕਰਦਾ ਹੈ ਅਤੇ ਫ਼ਿਰ ਉਸ ਨੂੰ ਅੱਗੇ ਟ੍ਰਾਂਸਫ਼ਰ ਕਰਦਾ ਹੈ। ਗੈਂਗਸਟਰ ਵਿਦਿਆਰਥੀਆਂ ਨੂੰ ਇਸ ਮਨੀ ਲਾਂਡਰਿੰਗ ਦੀ ਪ੍ਰਕਿਰਿਆ ਵਿੱਚ ਇੱਕ ਕੜੀ ਵਜੋਂ ਵਰਤ ਰਹੇ ਹਨ।

ਬਿਸ਼ਨੋਈ ਅਤੇ ਬੰਬੀਹਾ ਗੈਂਗ ਦਾ ਨਾਮ ਆਇਆ ਸਾਹਮਣੇ

ਰਿਪੋਰਟ ਵਿੱਚ ਮੁੱਖ ਤੌਰ ਉੱਤੇ ਦੋ ਵੱਡੇ ਗਰੁੱਪਾਂ ਦਾ ਜ਼ਿਕਰ ਕੀਤਾ ਗਿਆ ਹੈ। ਬਿਸ਼ਨੋਈ ਗੈਂਗ ਨੂੰ ਕੈਨੇਡਾ ਸਰਕਾਰ ਨੇ 2025 ਵਿੱਚ ਦਹਿਸ਼ਤਗਰਦ ਸੰਗਠਨ ਐਲਾਨਿਆ ਹੈ। ਇਹ ਗੈਂਗ ਖਾਸ ਕਰਕੇ ਉਨ੍ਹਾਂ ਇਲਾਕਿਆਂ ਵਿੱਚ ਸਰਗਰਮ ਹੈ ਜਿੱਥੇ ਦੱਖਣੀ ਏਸ਼ੀਆਈ

ਭਾਈਚਾਰਾ ਵੱਡੀ ਗਿਣਤੀ ਵਿੱਚ ਰਹਿੰਦਾ ਹੈ। ਰਿਪੋਰਟ ਮੁਤਾਬਕ ਬੰਬੀਹਾ ਗਰੁੱਪ ਵੀ ਹੋਰ ਗੈਂਗਾਂ ਨਾਲ ਮਿਲ ਕੇ ਫ਼ਿਰੌਤੀ ਅਤੇ ਹਿੰਸਕ ਗਤੀਵਿਧੀਆਂ ਨੂੰ ਅੰਜਾਮ ਦੇ ਰਿਹਾ ਹੈ। ਅਪਰਾਧਿਕ ਗਰੁੱਪਾਂ (ਜਿਵੇਂ ਕਿ ਬਿਸ਼ਨੋਈ ਜਾਂ ਬੰਬੀਹਾ ਗੈਂਗ) ਦੀਆਂ ਜੜ੍ਹਾਂ ਭਾਰਤ ਅਤੇ ਪਾਕਿਸਤਾਨ ਵਿੱਚ ਹਨ। ਉਹ ਪੰਜਾਬੀ ਭਾਈਚਾਰੇ ਦੀਆਂ ਰਗਾਂ, ਉਨ੍ਹਾਂ ਦੀ ਭਾਸ਼ਾ ਅਤੇ ਰਹਿਣ-ਸਹਿਣ ਤੋਂ ਚੰਗੀ ਤਰ੍ਹਾਂ ਜਾਣੂ ਹਨ। ਇਸ ਸਾਂਝ ਕਰਕੇ ਉਨ੍ਹਾਂ ਲਈ ਸ਼ਿਕਾਰ ਲੱਭਣਾ ਅਤੇ ਉਨ੍ਹਾਂ ਨੂੰ ਡਰਾਉਣਾ ਸੌਖਾ ਹ�و ਜਾਂਦਾ ਹੈ। ਪੰਜਾਬੀ ਭਾਈਚਾਰਾ ਕੈਨੇਡਾ ਵਿੱਚ ਰੀਅਲ ਐਸਟੇਟ, ਟ੍ਰਾਂਸਪੋਰਟ, ਨਿਰਮਾਣ ਅਤੇ ਰਿਟੇਲ ਵਰਗੇ ਖੇਤਰਾਂ ਵਿੱਚ ਬਹੁਤ ਕਾਮਯਾਬ ਹੈ। ਗੈਂਗਸਟਰਾਂ ਨੂੰ ਪਤਾ ਹੈ ਕਿ ਇਨ੍ਹਾਂ ਕਾਰੋਬਾਰੀਆਂ ਕੋਲ ਪੈਸਾ ਹੈ, ਇਸ ਲਈ ਉਹ ਇਨ੍ਹਾਂ ਨੂੰ ਮੋਟੀ ਫ਼ਿਰੌਤੀ ਲਈ ਨਿਸ਼ਾਨਾ ਬਣਾਉਂਦੇ ਹਨ। ਬਹੁਤ ਸਾਰੇ ਕਾਰੋਬਾਰੀ ਆਪਣੀ ਮਸ਼ਹੂਰੀ ਲਈ ਜਨਤਕ ਬੋਰਡਾਂ 'ਤੇ ਆਪਣੇ ਫ਼ੋਨ ਨੰਬਰ ਅਤੇ ਪਤੇ ਦਿੰਦੇ ਹਨ। ਅਪਰਾਧੀ ਇਨ੍ਹਾਂ ਵੇਰਵਿਆਂ ਦੀ ਵਰਤੋਂ ਕਰਕੇ ਆਸਾਨੀ ਨਾਲ ਧਮਕੀਆਂ ਭਰੀਆਂ ਕਾਲਾਂ ਕਰਦੇ ਹਨ।

ਫ਼ਿਰੌਤੀ ਦੀ ਮੰਗ ਲੱਖਾਂ ਤੋਂ ਕਰੋੜਾਂ ਡਾਲਰਾਂ ਤੱਕ ਹੁੰਦੀ ਹੈ। ਮੰਗ ਨਾ ਮੰਨਣ 'ਤੇ ਘਰਾਂ ਜਾਂ ਦੁਕਾਨਾਂ 'ਤੇ ਗੋਲੀਬਾਰੀ ਅਤੇ ਅੱਗਜ਼ਨੀ ਵਰਗੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਜਾਂਦਾ ਹੈ।

ਪ੍ਰਵਾਸੀ ਪੰਜਾਬੀਆਂ ਵਿੱਚ ਗੈਗਸਟਰਾਂ ਦੀ ਦਹਿਸ਼ਤ ਪਾਈ ਜਾ ਰਹੀ ਹੈ। ਲੋਕਾਂ ਵਿੱਚ ਭਾਰੀ ਡਰ ਹੈ। ਕਈ ਕਾਰੋਬਾਰੀਆਂ ਨੇ ਆਪਣੇ ਬੋਰਡ ਹਟਾ ਦਿੱਤੇ ਹਨ ਅਤੇ ਸੋਸ਼ਲ ਮੀਡੀਆ ਤੋਂ ਆਪਣੀ ਜਾਣਕਾਰੀ ਮਿਟਾ ਦਿੱਤੀ ਹੈ। ਕੁਝ ਪਰਿਵਾਰ ਤਾਂ ਇੰਨੇ ਡਰੇ ਹੋਏ ਹਨ ਕਿ ਉਹ ਸੁਰੱਖਿਆ ਲਈ ਕੈਨੇਡਾ ਛੱਡਣ ਬਾਰੇ ਵੀ ਸੋਚ ਰਹੇ ਹਨ। ਪੰਜਾਬੀ ਭਾਈਚਾਰੇ ਦਾ ਮੰਨਣਾ ਹੈ ਕਿ ਕੈਨੇਡਾ ਦਾ ਕਾਨੂੰਨੀ ਸਿਸਟਮ ਬਹੁਤ ਨਰਮ ਹੈ। ਅਪਰਾਧੀ ਫ਼ੜੇ ਜਾਣ ਤੋਂ ਬਾਅਦ ਵੀ ਜਲਦੀ ਜ਼ਮਾਨਤ 'ਤੇ ਬਾਹਰ ਆ ਜਾਂਦੇ ਹਨ, ਜਿਸ ਨਾਲ ਉਨ੍ਹਾਂ ਦੇ ਹੌਸਲੇ ਹੋਰ ਬੁਲੰਦ ਹੁੰਦੇ ਹਨ। ਆਮ ਪੰਜਾਬੀ ਇਸ ਗੱਲੋਂ ਚਿੰਤਤ ਹਨ ਕਿ ਮੁੱਠੀ ਭਰ ਅਪਰਾਧੀਆਂ ਕਰਕੇ ਪੂਰੇ ਭਾਈਚਾਰੇ ਦਾ ਅਕਸ ਖਰਾਬ ਹੋ ਰਿਹਾ ਹੈ। ਖਾਸ ਕਰਕੇ ਕੌਮਾਂਤਰੀ ਵਿਦਿਆਰਥੀਆਂ ਦੇ ਨਾਮ ਨਾਲ ਜੁੜ ਰਹੀ ਇਸ ਨਕਾਰਾਤਮਕਤਾ ਕਾਰਨ ਮਿਹਨਤੀ ਵਿਦਿਆਰਥੀਆਂ ਨੂੰ ਵੀ ਸ਼ੱਕ ਦੀ ਨਿਗ੍ਹਾ ਨਾਲ ਦੇਖਿਆ ਜਾਣ ਲੱਗਾ ਹੈ। ਹੁਣ ਭਾਈਚਾਰਾ ਲਾਮਬੰਦ ਹੋ ਰਿਹਾ ਹੈ। ਵੱਖ-ਵੱਖ ਸ਼ਹਿਰਾਂ ਵਿੱਚ ਪੁਲਿਸ ਨਾਲ ਮਿਲ ਕੇ ਐਂਟੀ-ਐਕਸਟੌਰਸ਼ਨ (ਫ਼ਿਰੌਤੀ ਵਿਰੋਧੀ) ਟਾਸਕ ਫ਼ੋਰਸ ਬਣਾਉਣ ਦੀ ਮੰਗ ਕੀਤੀ ਜਾ ਰਹੀ ਹੈ ਤਾਂ ਜੋ ਅਪਰਾਧੀਆਂ ਨੂੰ ਸਖ਼ਤ ਸੁਨੇਹਾ ਦਿੱਤਾ ਜਾ ਸਕੇ। ਡਾਕਟਰ ਗੁਰਵਿੰਦਰ ਸਿੰਘ ਧਾਲੀਵਾਲ ਵੈਨਕੂਵਰ ਦਾ ਕਹਿਣਾ ਹੈ ਕਿ ਇਹ ਸਿਰਫ਼ ਇੱਕ ਭਾਈਚਾਰੇ ਦੀ ਸਮੱਸਿਆ ਨਹੀਂ, ਸਗੋਂ ਕੈਨੇਡਾ ਦੀ ਰਾਸ਼ਟਰੀ ਸੁਰੱਖਿਆ ਦਾ ਮੁੱਦਾ ਹੈ ਜਿਸ 'ਤੇ ਸਖ਼ਤ ਕਾਰਵਾਈ ਦੀ ਲੋੜ ਹੈ।

ਸਰਕਾਰ ਵੱਲੋਂ ਕੀਤੇ ਜਾ ਰਹੇ ਉਪਾਅ

ਫ਼ਿਨਟ੍ਰੈਕ ਨੇ ਇਸ ਨੈੱਟਵਰਕ ਨੂੰ ਤੋੜਨ ਲਈ ਕਈ ਕਦਮ ਚੁੱਕੇ ਹਨ। 300 ਤੋਂ ਵੱਧ ਸ਼ੱਕੀ ਵਿਅਕਤੀਆਂ ਦੀ ਪਛਾਣ ਕੀਤੀ ਗਈ ਹੈ। 63,000 ਤੋਂ ਵੱਧ ਵਿੱਤੀ ਲੈਣ-ਦੇਣਾਂ ਦੀ ਜਾਂਚ ਕੀਤੀ ਜਾ ਰਹੀ ਹੈ।

(ਬਾਕੀ ਸਫ਼ਾ 26 'ਤੇ)

ਕੈਨੇਡਾ ਪੁਲਿਸ ਵੱਲੋਂ ਜਬਰਨ ਵਸੂਲੀ ਕਰਨ ਵਾਲੇ 7 ਪੰਜਾਬੀ ਗੱਭਰੂਆਂ ਦੀਆਂ ਤਸਵੀਰਾਂ ਜਾਰੀ

1.5 ਕਰੋੜ ਦੇ ਇਨਾਮ ਦਾ ਐਲਾਨ



ਸਰੀ (ਕੈਨੇਡਾ): ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਇੱਕ ਸਨਸਨੀਖੇਜ਼ ਖ਼ਬਰ ਸਾਹਮਣੇ ਆਈ ਹੈ। ਸਰੀ ਸ਼ਹਿਰ ਵਿੱਚ ਭਾਰਤੀ ਮੂਲ ਦੇ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਜਬਰਨ ਵਸੂਲੀ ਦੇ ਰੈਕੇਟ ਖ਼ਿਲਾਫ਼ ਸਰੀ ਪੁਲਿਸ ਨੇ ਸਖ਼ਤ ਰੁਖ਼ ਅਖਤਿਆਰ ਕਰ ਲਿਆ ਹੈ। ਪੁਲਿਸ ਨੇ ਇਸ ਅਪਰਾਧਿਕ ਨੈੱਟਵਰਕ ਨਾਲ ਜੁੜੇ 7 ਪੰਜਾਬੀ ਨੌਜਵਾਨਾਂ ਦੀ ਪਛਾਣ ਜਨਤਕ ਕਰਦਿਆਂ ਉਨ੍ਹਾਂ 'ਤੇ 2,50,000 ਕੈਨੇਡੀਅਨ ਡਾਲਰ (ਲਗਭਗ 1.5 ਕਰੋੜ ਰੁਪਏ) ਦੇ ਵੱਡੇ ਇਨਾਮ ਦਾ ਐਲਾਨ ਕੀਤਾ ਹੈ।

ਪੁਲਿਸ ਵੱਲੋਂ ਜਾਰੀ ਕੀਤੀ ਗਈ ਸੂਚੀ ਵਿੱਚ ਹੰਸਪ੍ਰੀਤ ਸਿੰਘ, ਹਰਸ਼ਦੀਪ ਸਿੰਘ,ਹਰਜੋਤ ਸਿੰਘ,ਤਰਨਵੀਰ ਸਿੰਘ, ਦਯਾਜੀਤ ਬਿਲਿੰਗ, ਲਵਬੀਰ ਸਿੰਘ (ਡਿਪੋਰਟ ਕੀਤਾ ਜਾ ਚੁੱਕਾ ਹੈ) ਪ੍ਰਭਜੋਤ ਸਿੰਘ (ਡਿਪੋਰਟ ਕੀਤਾ ਜਾ ਚੁੱਕਾ ਹੈ) ਨੌਜਵਾਨਾਂ ਦੇ ਨਾਂਅ ਸ਼ਾਮਲ ਹਨ।

ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਨੌਜਵਾਨ ਕਾਰੋਬਾਰੀਆਂ ਨੂੰ ਫ਼ੋਨ ਅਤੇ ਸੋਸ਼ਲ ਮੀਡੀਆ ਰਾਹੀਂ ਧਮਕਾ ਕੇ ਮੋਟੀ ਰਕਮ ਦੀ ਮੰਗ ਕਰਦੇ ਸਨ। ਜੇਕਰ ਕੋਈ ਪੈਸੇ ਦੇਣ ਤੋਂ ਇਨਕਾਰ ਕਰਦਾ, ਤਾਂ ਇਹ ਉਨ੍ਹਾਂ ਦੇ ਘਰਾਂ ਜਾਂ ਦੁਕਾਨਾਂ 'ਤੇ ਗੋਲੀਬਾਰੀ ਕਰਨ ਅਤੇ ਅੱਗ ਲਾਉਣ ਵਰਗੀਆਂ ਖ਼ਤਰਨਾਕ ਵਾਰਦਾਤਾਂ ਨੂੰ ਅੰਜਾਮ ਦਿੰਦੇ ਸਨ। ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਵਿੱਚੋਂ ਕਈ ਨੌਜਵਾਨ ਸਟੱਡੀ ਵੀਜ਼ਾ ਜਾਂ ਵਰਕ ਪਰਮਿਟ 'ਤੇ ਕੈਨੇਡਾ ਗਏ ਸਨ, ਪਰ ਉੱਥੇ ਜਾ ਕੇ ਗੈਂਗਸਟਰ ਕਲਚਰ ਦੀ ਦਲਦਲ ਵਿੱਚ ਫ਼ਸ ਗਏ।

ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਗੈਰ-ਨਾਗਰਿਕਾਂ ਨੂੰ ਕੈਨੇਡਾ ਵਿੱਚ ਰਹਿਣ ਦਾ ਕੋਈ ਹੱਕ ਨਹੀਂ ਹੈ। ਅਸੀਂ ਇਨ੍ਹਾਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਵਚਨਬੱਧ ਹਾਂ।

ਹੁਣ ਤੱਕ ਦੀ ਕਾਰਵਾਈ

ਸਰੀ ਪੁਲਿਸ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਹੁਣ ਤੱਕ 3 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ, ਜਦਕਿ 2 ਨੂੰ ਪਹਿਲਾਂ ਹੀ ਭਾਰਤ ਡਿਪੋਰਟ ਕਰ ਦਿੱਤਾ ਗਿਆ ਹੈ। ਬਾਕੀ ਰਹਿੰਦੇ ਮੁਲਜ਼ਮਾਂ ਦੀ ਭਾਲ ਲਈ ਜਨਤਾ ਦੀ ਮਦਦ ਮੰਗੀ ਗਈ ਹੈ। ਪੁਲਿਸ ਦਾ ਮੰਨਣਾ ਹੈ ਕਿ ਇੰਨੀ ਵੱਡੀ ਇਨਾਮੀ ਰਾਸ਼ੀ ਦੇਣ ਨਾਲ ਲੋਕ ਇਨ੍ਹਾਂ ਅਪਰਾਧਿਕ ਨੈੱਟਵਰਕਾਂ ਬਾਰੇ ਖੁਫ਼ੀਆ ਜਾਣਕਾਰੀ ਦੇਣ ਲਈ ਅੱਗੇ ਆਉਣਗੇ।

ਕੈਨੇਡਾ ਜਾਣ ਦੇ ਚਾਹਵਾਨਾਂ ਲਈ ਵੱਡੀ ਰਾਹਤ

ਠੱਗੀ ਮਾਰਨ ਵਾਲੇ ਏਜੰਟਾਂ ਦੀ ਹੁਣ ਖ਼ੈਰ ਨਹੀਂ, ਸਰਕਾਰ ਦੇਵੇਗੀ ਮੁਆਵਜ਼ਾ

15 ਜੁਲਾਈ ਤੋਂ ਲਾਗੂ ਹੋਣਗੇ ਨਵੇਂ ਨਿਯਮ

ਓਟਾਵਾ/ਏ.ਟੀ.ਨਿਊਜ਼: ਕੈਨੇਡਾ ਜਾਣ ਦਾ ਸੁਪਨਾ ਦੇਖਣ ਵਾਲੇ ਭਾਰਤੀ ਨੌਜਵਾਨਾਂ, ਖ਼ਾਸ ਕਰਕੇ ਪੰਜਾਬੀਆਂ ਲਈ ਇੱਕ ਬਹੁਤ ਹੀ ਅਹਿਮ ਅਤੇ ਰਾਹਤ ਭਰੀ ਖ਼ਬਰ ਸਾਹਮਣੇ ਆਈ ਹੈ। ਕੈਨੇਡਾ ਸਰਕਾਰ ਨੇ ਇਮੀਗ੍ਰੇਸ਼ਨ ਦੇ ਨਾਂਅ 'ਤੇ ਹੋਣ ਵਾਲੀ ਲੁੱਟ-ਖਸੁੱਟ ਨੂੰ ਨੱਥ ਪਾਉਣ ਲਈ ਇੱਕ ਇਤਿਹਾਸਕ ਫੈਸਲਾ ਲਿਆ ਹੈ। ਹੁਣ ਜੇਕਰ ਕੋਈ ਲਾਇਸੰਸਸ਼ੁਦਾ ਏਜੰਟ ਕਿਸੇ ਵਿਦਿਆਰਥੀ ਜਾਂ ਕਾਮੇ ਨਾਲ ਧੋਖਾਧੜੀ ਕਰਦਾ ਹੈ, ਤਾਂ ਉਸ ਦਾ ਮੁਆਵਜ਼ਾ ਖ਼ੁਦ ਕੈਨੇਡਾ ਸਰਕਾਰ ਅਦਾ ਕਰੇਗੀ।

ਕੈਨੇਡਾ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਇਹ ਨਵੇਂ ਨਿਯਮ 15 ਜੁਲਾਈ ਤੋਂ ਪੂਰੀ ਤਰ੍ਹਾਂ ਲਾਗੂ ਹੋ ਜਾਣਗੇ। ਇਸ ਯੋਜਨਾ ਦਾ ਮੁੱਖ ਉਦੇਸ਼ ਉਨ੍ਹਾਂ ਪੀੜਤਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਹੈ ਜੋ ਗਲਤ ਇਮੀਗ੍ਰੇਸ਼ਨ ਕੰਸਲਟੈਂਟਸ ਦੇ ਹੱਥੇ ਚੜ੍ਹ ਕੇ ਆਪਣੀ ਮਿਹਨਤ ਦੀ ਕਮਾਈ ਗੁਆ ਚੁੱਕੇ ਹਨ।

ਠੱਗੀ ਦੇ ਸ਼ਿਕਾਰ ਲੋਕਾਂ ਨੂੰ ਸਰਕਾਰੀ ਫੰਡ ਵਿੱਚੋਂ ਪੈਸੇ ਵਾਪਸ ਮਿਲਣਗੇ। ਇਹ ਸਹੂਲਤ ਉਨ੍ਹਾਂ ਲੋਕਾਂ ਲਈ ਹੋਵੇਗੀ, ਜੋ 23 ਨਵੰਬਰ 2021 ਤੋਂ ਬਾਅਦ ਠੱਗੀ ਦਾ ਸ਼ਿਕਾਰ ਹੋਏ ਹਨ।

ਦੋਸ਼ੀ ਏਜੰਟਾਂ ਨੂੰ 9 ਕਰੋੜ ਰੁਪਏ (ਕੈਨੇਡੀਅਨ ਡਾਲਰਾਂ ਮੁਤਾਬਕ) ਤੱਕ ਦਾ ਜੁਰਮਾਨਾ ਅਤੇ 2 ਸਾਲ ਦੀ ਕੈਦ ਹੋ ਸਕਦੀ ਹੈ।

ਪੰਜਾਬ ਅਤੇ ਗੁਜਰਾਤ 'ਤੇ ਪਵੇਗਾ ਸਭ ਤੋਂ ਵੱਧ ਅਸਰ

ਰਿਪੋਰਟਾਂ ਮੁਤਾਬਕ ਕੈਨੇਡਾ ਵਿੱਚ ਫੜੇ ਗਏ ਲਗਭਗ 10,000 ਫਰਜ਼ੀ ਐਡਮਿਸ਼ਨ ਲੈਟਰਾਂ ਵਿੱਚੋਂ 80 ਫ਼ੀਸਦੀ ਮਾਮਲੇ ਇਕੱਲੇ ਪੰਜਾਬ ਅਤੇ ਗੁਜਰਾਤ ਨਾਲ ਸਬੰਧਿਤ ਸਨ। ਅਜਿਹੇ ਵਿੱਚ ਇਹ ਫੈਸਲਾ ਉਨ੍ਹਾਂ ਹਜ਼ਾਰਾਂ ਪਰਿਵਾਰਾਂ ਲਈ ਉਮੀਦ ਦੀ ਕਿਰਨ ਬਣਿਆ ਹੈ ਜੋ ਕਰਜ਼ੇ ਚੁੱਕ ਕੇ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਦੇ ਹਨ।

ਸਰਕਾਰ ਅਪ੍ਰੈਲ 2027 ਤੱਕ ਲਾਇਸੰਸਸ਼ੁਦਾ ਕੰਸਲਟੈਂਟਸ ਦੀ ਇੱਕ ਜਨਤਕ ਆਨਲਾਈਨ ਸੂਚੀ ਵੀ ਜਾਰੀ ਕਰੇਗੀ, ਜਿਸ ਰਾਹੀਂ ਕੋਈ ਵੀ ਵਿਅਕਤੀ ਏਜੰਟ ਦਾ ਪਿਛਲਾ ਰਿਕਾਰਡ ਅਤੇ ਉਸ ਵਿਰੁੱਧ ਹੋਈਆਂ ਸ਼ਿਕਾਇਤਾਂ ਦੀ ਜਾਂਚ ਕਰ ਸਕੇਗਾ।

ਜਿੱਥੇ ਠੱਗੀ ਵਿਰੁੱਧ ਸਖ਼ਤੀ ਹੋਈ ਹੈ, ਉੱਥੇ ਹੀ ਪੱਕੇ ਹੋਣ ਦੀ ਰਾਹ ਦੇਖ ਰਹੇ ਨੌਜਵਾਨਾਂ ਲਈ ਇੱਕ ਚਿੰਤਾਜਨਕ ਖ਼ਬਰ ਵੀ ਹੈ। ਕੈਨੇਡਾ ਸਰਕਾਰ ਨੇ ਆਪਣੀ ਤਰਜੀਹੀ ਲਿਸਟ ਵਿੱਚੋਂ ਫੂਡ ਅਤੇ ਸਰਵਿਸ ਸੈਕਟਰ ਨੂੰ ਹਟਾ ਦਿੱਤਾ ਹੈ।

ਹੁਣ ਸਬਵੇਅ, ਟਿਮ ਹੌਰਟਨਸ ਅਤੇ ਗੈਸ ਸਟੇਸ਼ਨਾਂ ਵਰਗੀਆਂ ਥਾਵਾਂ 'ਤੇ ਕੰਮ ਕਰਨ ਵਾਲੇ ਨੌਜਵਾਨਾਂ ਲਈ ਪੀ.ਆਰ. ਲੈਣੀ ਔਖੀ ਹੋ ਜਾਵੇਗੀ। ਹੁਣ ਸਰਕਾਰ ਸਿਰਫ਼ ਹੈਲਥਕੇਅਰ, ਕੰਸਟ੍ਰਕਸ਼ਨ (ਉਸਾਰੀ) ਅਤੇ ਸਾਇੰਸ ਵਰਗੇ ਖੇਤਰਾਂ ਵਿੱਚ ਮਾਹਿਰ ਲੋਕਾਂ ਨੂੰ ਹੀ ਪਹਿਲ ਦੇ ਰਹੀ ਹੈ।

ਕੈਨੇਡਾ ਦੀ ਇਮੀਗ੍ਰੇਸ਼ਨ ਏਜੰਸੀ 'ਆਈ.ਆਰ.ਸੀ.ਸੀ.' ਵੱਲੋਂ ਨਿਯਮਾਂ 'ਚ ਵੱਡੀ ਤਬਦੀਲੀ

ਹੁਣ ਵਰਕ ਜਾਂ ਸਟੱਡੀ ਪਰਮਿਟ ਖ਼ਤਮ ਹੋਣ ਤੋਂ ਬਾਅਦ ਵੀ ਕੈਨੇਡਾ ਰਹਿ ਸਕਣਗੇ ਵਿਦੇਸ਼ੀ ਨਾਗਰਿਕ

ਓਟਾਵਾ/ਏ.ਟੀ.ਨਿਊਜ਼: ਕੈਨੇਡਾ ਵਿੱਚ ਰਹਿ ਰਹੇ ਭਾਰਤੀਆਂ, ਖਾਸ ਕਰਕੇ ਪੰਜਾਬੀ ਭਾਈਚਾਰੇ ਲਈ ਇੱਕ ਬਹੁਤ ਹੀ ਰਾਹਤ ਭਰੀ ਖ਼ਬਰ ਸਾਹਮਣੇ ਆਈ ਹੈ। ਕੈਨੇਡਾ ਦੀ ਇਮੀਗ੍ਰੇਸ਼ਨ ਏਜੰਸੀ ਆਈ.ਆਰ.ਸੀ.ਸੀ. ਨੇ ਨਿਯਮਾਂ ਵਿੱਚ ਵੱਡੀ ਤਬਦੀਲੀ ਕਰਦਿਆਂ ਇਹ ਐਲਾਨ ਕੀਤਾ ਹੈ ਕਿ ਹੁਣ ਵਰਕ ਜਾਂ ਸਟੱਡੀ ਪਰਮਿਟ ਖ਼ਤਮ ਹੋਣ ਤੋਂ ਬਾਅਦ ਵਿਦੇਸ਼ੀ ਨਾਗਰਿਕਾਂ ਨੂੰ ਤੁਰੰਤ ਦੇਸ਼ ਛੱਡਣ ਦੀ ਲੋੜ ਨਹੀਂ ਹੋਵੇਗੀ। 1 ਮਈ, 2026 ਤੋਂ ਲਾਗੂ ਹੋਏ ਇਨ੍ਹਾਂ ਨਵੇਂ ਨਿਯਮਾਂ ਤਹਿਤ ਹੁਣ ਪ੍ਰਵਾਸੀਆਂ ਕੋਲ ਕੈਨੇਡਾ ਵਿੱਚ ਰਹਿਣ ਲਈ ਇੱਕ ਨਵਾਂ ਵਿਕਲਪ ਮੌਜੂਦ ਹੋਵੇਗਾ।

90 ਦਿਨਾਂ ਦੇ ਅੰਦਰ 'ਵਿਜ਼ਿਟਰ' ਬਣਨ ਦਾ ਮੌਕਾ

ਨਵੇਂ ਨਿਯਮਾਂ ਅਨੁਸਾਰ, ਜੇਕਰ ਕਿਸੇ ਵਿਅਕਤੀ ਦਾ ਸਟੱਡੀ ਜਾਂ ਵਰਕ ਪਰਮਿਟ ਖ਼ਤਮ ਹੋ ਜਾਂਦਾ ਹੈ, ਤਾਂ ਉਹ 90 ਦਿਨਾਂ ਦੇ ਅੰਦਰ-ਅੰਦਰ 'ਵਿਜ਼ਿਟਰ ਰਿਕਾਰਡ' ਲਈ ਅਪਲਾਈ ਕਰ ਸਕਦਾ ਹੈ। ਇਸ ਨਾਲ ਉਹ ਬਿਨਾਂ ਨੌਕਰੀ ਜਾਂ ਪੜ੍ਹਾਈ ਦੇ ਵੀ ਕਾਨੂੰਨੀ ਤੌਰ 'ਤੇ ਕੈਨੇਡਾ ਵਿੱਚ ਰੁਕ ਸਕੇਗਾ। ਪਹਿਲਾਂ ਇਹ ਨਿਯਮ ਸੀ ਕਿ ਸਟੇਟਸ ਬਹਾਲ ਕਰਵਾਉਣ ਲਈ ਵਿਅਕਤੀ ਨੂੰ ਉਸੇ ਕੈਟੇਗਰੀ (ਵਰਕਰ ਜਾਂ ਸਟੂਡੈਂਟ) ਵਿੱਚ ਰਹਿਣਾ ਪੈਂਦਾ ਸੀ, ਜਿਸ ਕਾਰਨ ਨਵੀਂ ਨੌਕਰੀ ਜਾਂ ਕੋਰਸ ਨਾ ਹੋਣ ਦੀ ਸੂਰਤ ਵਿੱਚ ਭਾਰਤ ਪਰਤਣਾ ਮਜਬੂਰੀ ਬਣ ਜਾਂਦਾ ਸੀ।

ਕੰਮ ਅਤੇ ਪੜ੍ਹਾਈ 'ਤੇ ਰਹੇਗੀ ਰੋਕ

ਹਾਲਾਂਕਿ, ਆਈ.ਆਰ.ਸੀ.ਸੀ. ਨੇ ਸਪੱਸ਼ਟ ਕੀਤਾ ਹੈ ਕਿ ਪਰਮਿਟ ਖ਼ਤਮ ਹੋਣ ਤੋਂ ਬਾਅਦ ਜਦੋਂ ਤੱਕ ਨਵਾਂ ਵਿਜ਼ਿਟਰ ਰਿਕਾਰਡ ਮਨਜ਼ੂਰ ਨਹੀਂ ਹੋ ਜਾਂਦਾ, ਉਦੋਂ ਤੱਕ ਵਿਅਕਤੀ ਨੂੰ ਕੰਮ ਜਾਂ ਪੜ੍ਹਾਈ ਤੁਰੰਤ ਬੰਦ ਕਰਨੀ ਪਵੇਗੀ। ਇਸ ਪ੍ਰਕਿਰਿਆ ਲਈ ਕੁੱਲ /346.25 ਡਾਲਰ (ਲਗਭਗ 21,500 ਰੁਪਏ) ਦੀ ਫੀਸ ਭਰਨੀ ਹੋਵੇਗੀ, ਜਿਸ ਵਿੱਚ ਸਟੇਟਸ ਬਹਾਲੀ ਅਤੇ ਵਿਜ਼ਿਟਰ ਰਿਕਾਰਡ ਦੀ ਫੀਸ ਸ਼ਾਮਲ ਹੈ।

33 ਹਜ਼ਾਰ ਵਰਕਰਾਂ ਨੂੰ ਮਿਲੇਗੀ ਸਿੱਧੀ ਪੀ.ਆਰ.

ਇੱਕ ਹੋਰ ਵੱਡੇ ਫੈਸਲੇ ਵਿੱਚ, ਕੈਨੇਡਾ ਸਰਕਾਰ ਨੇ 'ਇਨ-ਕੈਨੇਡਾ ਵਰਕਰਜ਼ ਇਨੀਸ਼ੀਏਟਿਵ' ਤਹਿਤ 33,000 ਵਰਕਰਾਂ ਨੂੰ ਸਿੱਧੀ ਪੱਕੀ ਨਾਗਰਿਕਤਾ/ਪੀ.ਆਰ. ਦੇਣ ਦਾ ਐਲਾਨ ਕੀਤਾ ਹੈ। ਇਹ ਰਾਹਤ ਖਾਸ ਤੌਰ 'ਤੇ ਉਨ੍ਹਾਂ ਲੋਕਾਂ ਲਈ ਹੈ ਜੋ ਕੈਨੇਡਾ ਦੇ ਛੋਟੇ ਸ਼ਹਿਰਾਂ ਅਤੇ ਪੇਂਡੂ ਖੇਤਰਾਂ ਵਿੱਚ ਰਹਿ ਕੇ ਉੱਥੋਂ ਦੀ ਆਰਥਿਕਤਾ ਵਿੱਚ ਯੋਗਦਾਨ ਪਾ ਰਹੇ ਹਨ। ਸਰਕਾਰ ਦਾ ਟੀਚਾ ਹੈ ਕਿ ਸਾਲ 2026 ਵਿੱਚ 20,000 ਵਰਕਰਾਂ ਨੂੰ ਪੀ.ਆਰ. ਦਿੱਤੀ ਜਾਵੇ ਅਤੇ ਬਾਕੀ ਰਹਿੰਦੇ ਲੋਕਾਂ ਦੀ ਪ੍ਰਕਿਰਿਆ 2027 ਤੱਕ ਪੂਰੀ ਕੀਤੀ ਜਾਵੇ।

ਇਮੀਗ੍ਰੇਸ਼ਨ ਮਾਹਿਰਾਂ ਅਨੁਸਾਰ, ਜੇਕਰ ਸਟੇਟਸ ਖ਼ਤਮ ਹੋਏ ਨੂੰ 90 ਦਿਨਾਂ ਤੋਂ ਵੱਧ ਸਮਾਂ ਬੀਤ ਜਾਂਦਾ ਹੈ, ਤਾਂ ਇਹ ਨਵੀਂ ਰਾਹਤ ਨਹੀਂ ਮਿਲੇਗੀ ਅਤੇ ਡਿਪੋਰਟ (ਦੇਸ਼ ਨਿਕਾਲਾ) ਦੀ ਕਾਰਵਾਈ ਹੋ ਸਕਦੀ ਹੈ। ਇਸ ਤੋਂ ਇਲਾਵਾ, ਸਮੇਂ ਸਿਰ ਅਪਲਾਈ ਨਾ ਕਰਨ ਨਾਲ ਭਵਿੱਖ ਵਿੱਚ ਪੀ.ਆਰ. ਲੈਣ ਵਿੱਚ ਵੀ ਮੁਸ਼ਕਿਲ ਆ ਸਕਦੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਪਰਮਿਟ ਖ਼ਤਮ ਹੋਣ ਤੋਂ ਪਹਿਲਾਂ ਹੀ ਅਪਲਾਈ ਕਰਨਾ ਸਭ ਤੋਂ ਵਧੀਆ ਹੈ, ਜਿਸ ਨੂੰ 'ਮੇਨਟੇਨਡ ਸਟੇਟਸ' ਕਿਹਾ ਜਾਂਦਾ ਹੈ, ਤਾਂ ਜੋ ਕੰਮ ਜਾਂ ਪੜ੍ਹਾਈ ਜਾਰੀ ਰੱਖੀ ਜਾ ਸਕੇ।

ਸੀ.ਐਨ.ਐਨ. ਦੇ ਸੰਸਥਾਪਕ ਟੈੱਡ ਟਰਨਰ ਦਾ ਦੇਹਾਂਤ

ਅਟਲਾਂਟਾ/ਏ.ਟੀ.ਨਿਊਜ਼: ਕੇਬਲ ਟੀਵੀ ਨਿਊਜ਼ ਦੇ ਖੇਤਰ ਵਿੱਚ ਕ੍ਰਾਂਤੀ ਲਿਆਉਣ ਵਾਲੇ ਅਤੇ ਦੁਨੀਆ ਦੇ ਪਹਿਲੇ 24 ਘੰਟੇ ਚੱਲਣ ਵਾਲੇ ਨਿਊਜ਼ ਨੈੱਟਵਰਕ ਸੀ.ਐਨ.ਐਨ. ਦੇ ਸੰਸਥਾਪਕ ਟੈੱਡ ਟਰਨਰ ਦਾ ਪਿਛਲੇ ਦਿਨੀਂ 87 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਟਰਨਰ ਐਂਟਰਪ੍ਰਾਈਜ਼ਿਜ਼ ਵੱਲੋਂ ਜਾਰੀ ਇੱਕ ਬਿਆਨ ਰਾਹੀਂ ਇਸ ਦੁਖਦਾਈ ਖ਼ਬਰ ਦੀ ਪੁਸ਼ਟੀ ਕੀਤੀ ਗਈ ਹੈ।



ਓਹੀਓ ਵਿੱਚ ਜਨਮੇ ਅਤੇ ਅਟਲਾਂਟਾ ਦੇ ਮਸ਼ਹੂਰ ਕਾਰੋਬਾਰੀ ਟੈੱਡ ਟਰਨਰ ਨੂੰ ਉਨ੍ਹਾਂ ਦੇ ਬੇਬਾਕ ਸੁਭਾਅ ਕਾਰਨ 'ਮਾਊਥ ਆਫ ਦਿ ਸਾਊਥ' ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਸੀ। ਉਨ੍ਹਾਂ ਨੇ ਇੱਕ ਅਜਿਹਾ ਮੀਡੀਆ ਸਾਮਰਾਜ ਖੜ੍ਹਾ ਕੀਤਾ ਜਿਸ ਵਿੱਚ ਕੇਬਲ ਦਾ ਪਹਿਲਾ ਸੁਪਰਸਟੇਸ਼ਨ, ਕਾਰਟੂਨ ਨੈੱਟਵਰਕ, ਫ਼ਿਲਮੀ ਚੈਨਲ ਅਤੇ ਅਟਲਾਂਟਾ ਬ੍ਰੇਵਜ਼ ਵਰਗੀਆਂ ਪੇਸ਼ੇਵਰ ਟੀਮਾਂ ਸ਼ਾਮਲ ਸਨ। ਸਾਲ 1991 ਵਿੱਚ, ਉਨ੍ਹਾਂ ਨੂੰ ਟਾਈਮ ਮੈਗਜ਼ੀਨ ਵੱਲੋਂ 'ਮੈਨ ਆਫ ਦਿ ਈਅਰ' ਚੁਣਿਆ ਗਿਆ ਸੀ।

ਮੀਡੀਆ ਤੋਂ ਇਲਾਵਾ ਟਰਨਰ ਇੱਕ ਅੰਤਰਰਾਸ਼ਟਰੀ ਪੱਧਰ ਦੇ ਦਿੱਗਜ ਤੇ ਵੱਡੇ ਪਰਉਪਕਾਰੀ ਸਨ। ਉਨ੍ਹਾਂ ਨੇ ਸੰਯੁਕਤ ਰਾਸ਼ਟਰ ਫਾਊਂਡੇਸ਼ਨ ਦੀ ਸਥਾਪਨਾ ਕੀਤੀ ਅਤੇ ਦੁਨੀਆ ਭਰ ਵਿੱਚੋਂ ਪ੍ਰਮਾਣੂ ਹਥਿਆਰਾਂ ਦੇ ਖਾਤਮੇ ਲਈ ਸਰਗਰਮ ਰਹੇ। ਵਾਤਾਵਰਣ ਪ੍ਰਤੀ ਪਿਆਰ ਕਾਰਨ ਉਨ੍ਹਾਂ ਨੇ ਬੱਚਿਆਂ ਨੂੰ ਸਿੱਖਿਅਤ ਕਰਨ ਲਈ 'ਕੈਪਟਨ ਪਲੈਨੇਟ' ਕਾਰਟੂਨ ਤਿਆਰ ਕੀਤਾ ਅਤੇ ਅਮਰੀਕਾ ਵਿੱਚ ਬਾਇਸਨ (ਜੰਗਲੀ ਝੋਟੇ) ਦੀ ਨਸਲ ਨੂੰ ਮੁੜ ਸੁਰਜੀਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ।

ਟੈੱਡ ਟਰਨਰ ਪਿਛਲੇ ਕੁਝ ਸਮੇਂ ਤੋਂ ਸਿਹਤ ਸਬੰਧੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਸਨ। 2018 ਵਿੱਚ ਉਨ੍ਹਾਂ ਨੇ ਖੁਲਾਸਾ ਕੀਤਾ ਸੀ ਕਿ ਉਹ 'ਲੂਈ ਬਾਡੀ ਡਿਮੈਂਸ਼ੀਆ' ਨਾਂਅ ਦੀ ਦਿਮਾਗੀ ਬਿਮਾਰੀ ਤੋਂ ਪੀੜਤ ਹਨ। ਸਾਲ 2025 ਦੇ ਸ਼ੁਰੂ ਵਿੱਚ ਉਨ੍ਹਾਂ ਨੂੰ ਨਿਮੋਨੀਆ ਕਾਰਨ ਹਸਪਤਾਲ ਵਿੱਚ ਵੀ ਭਰਤੀ ਕਰਵਾਉਣਾ ਪਿਆ ਸੀ।

ਸੀ.ਐਨ.ਐਨ. ਵਰਲਡ ਵਾਈਡ ਦੇ ਚੇਅਰਮੈਨ ਮਾਰਕ ਥੌਮਸਨ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਕਿਹਾ, 'ਟੈੱਡ ਇੱਕ ਨਿਡਰ ਆਗੂ ਸਨ ਅਤੇ ਉਹ ਹਮੇਸ਼ਾ ਸੀ.ਐਨ.ਐਨ. ਦੀ ਰੂਹ ਵਜੋਂ ਯਾਦ ਕੀਤੇ ਜਾਣਗੇ। ਉਹ ਇੱਕ ਅਜਿਹੇ ਮਹਾਨ ਵਿਅਕਤੀ ਸਨ ਜਿਨ੍ਹਾਂ ਦੇ ਮੋਢਿਆਂ 'ਤੇ ਅਸੀਂ ਸਾਰੇ ਖੜ੍ਹੇ ਹਾਂ।'

ਅਮਰੀਕਾ 'ਚ ਵੱਧ ਸਕਦੀਆ ਨੇ ਐੱਚ1ਬੀ ਵੀਜ਼ੇ ਤਹਿਤ ਉਜਰਤਾਂ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਨੇ ਐੱਚ1ਬੀ ਵੀਜ਼ਾ ਪ੍ਰੋਗਰਾਮ ਤਹਿਤ ਵਰਕਰਾਂ ਨੂੰ ਰੱਖਣ ਲਈ ਤੈਅ ਘਟੋ-ਘੱਟ ਉਜਰਤਾਂ ਵਿੱਚ 30 ਫ਼ੀਸਦੀ ਵਾਧੇ ਦੀ ਤਜਵੀਜ਼ ਦਿੱਤੀ ਹੈ। ਪ੍ਰਸ਼ਾਸਨ ਦਾ ਦਾਅਵਾ ਹੈ ਕਿ ਇਹ ਕਦਮ ਵਿਦੇਸ਼ੀਆਂ ਵੱਲੋਂ ਅਮਰੀਕੀ ਨਾਗਰਿਕਾਂ ਦੀਆਂ ਉਜਰਤਾਂ ਘਟਾਉਣ ਤੋਂ ਰੋਕਣ ਵਿੱਚ ਸਹਾਈ ਹੋਵੇਗਾ। ਅਮਰੀਕੀ ਕਿਰਤ ਵਿਭਾਗ ਵੱਲੋਂ ਪਿਛਲੇ ਦਿਨੀਂ ਪੇਸ਼ ਕੀਤੇ ਗਏ ਨਵੇਂ ਨੇਮ ਤਹਿਤ ਐਂਟਰੀ-ਲੈਵਲ ਤੋਂ ਲੈ ਕੇ ਸਭ ਤੋਂ ਤਜਰਬੇਕਾਰ ਤੱਕ ਦੀਆਂ ਚਾਰ ਸ਼੍ਰੇਣੀਆਂ ਲਈ ਘਟੋ-ਘੱਟ ਉਜਰਤਾਂ ਵਧਾਈਆਂ ਜਾਣਗੀਆਂ।

ਵਿਭਾਗ ਦਾ ਤਰਕ ਹੈ ਕਿ ਮੌਜੂਦਾ ਉਜਰਤਾਂ 20 ਸਾਲ ਪਹਿਲਾਂ ਤੈਅ ਕੀਤੀਆਂ ਗਈਆਂ ਸਨ ਅਤੇ ਉਹ ਅਮਰੀਕੀ ਵਰਕਰਾਂ ਦੀ ਸਹੀ ਢੰਗ ਨਾਲ ਸੁਰੱਖਿਆ ਕਰਨ ਵਿੱਚ ਨਾਕਾਮ ਰਹੀਆਂ ਹਨ। 'ਅਮਰੀਕਾ ਵਿੱਚ ਕੁਝ ਵਿਦੇਸ਼ੀ ਨਾਗਰਿਕਾਂ ਦੇ ਅਸਥਾਈ ਅਤੇ ਸਥਾਈ ਰੁਜ਼ਗਾਰ ਲਈ ਉਜਰਤ ਸੁਰੱਖਿਆ ਵਿੱਚ ਸੁਧਾਰ' ਸਿਰਲੇਖ ਵਾਲੇ ਤਜਵੀਜ਼ਤ

ਨੇਮ ਮੁਤਾਬਕ ਐਂਟਰੀ ਲੈਵਲ ਦੇ ਵਿਦੇਸ਼ੀ ਵਰਕਰਾਂ ਦੀ ਉਜਰਤ ਵਧਾ ਕੇ 97,746 ਡਾਲਰ ਸਾਲਾਨਾ, ਲੈਵਲ ਦੋ ਲਈ 123,212 ਡਾਲਰ, ਲੈਵਲ ਤਿੰਨ ਲਈ 147,333 ਡਾਲਰ ਅਤੇ ਲੈਵਲ ਚਾਰ ਲਈ 175,464 ਡਾਲਰ ਤੈਅ ਕਰਨ ਦੀ ਪੇਸ਼ਕਸ਼ ਹੈ। ਪ੍ਰਸਤਾਵਿਤ ਉਜਰਤਾਂ ਸ਼ਹਿਰ-ਦਰ-ਸ਼ਹਿਰ ਵੱਖਰੀਆਂ ਹੋ ਸਕਦੀਆਂ ਹਨ। ਨਵੇਂ ਨੇਮਾਂ ਵਾਸਤੇ 26 ਮਈ ਤੱਕ ਜਨਤਕ ਟਿੱਪਣੀਆਂ ਮੰਗੀਆਂ ਗਈਆਂ ਹਨ। ਕਿਰਤ ਵਿਭਾਗ ਅਨੁਸਾਰ ਮੌਜੂਦਾ ਢੰਗ-ਤਰੀਕੇ ਕਾਰਨ ਰੁਜ਼ਗਾਰਦਾਤੇ ਵਿਦੇਸ਼ੀਆਂ ਨੂੰ ਅਮਰੀਕੀ ਮੁਲਾਜ਼ਮਾਂ ਦੇ ਮੁਕਾਬਲੇ 'ਚ ਕਾਫ਼ੀ ਘੱਟ ਉਜਰਤਾਂ 'ਤੇ ਨੌਕਰੀ ਉਪਰ ਰੱਖ ਲੈਂਦੇ ਹਨ।

ਭਾਰਤ ਤੋਂ ਆਸਟ੍ਰੇਲੀਆ ਭੇਜੇ ਜਾਂਦੇ ਮਸਾਲਿਆਂ ਦੀ ਕੀਤੀ ਜਾ ਰਹੀ ਹੈ ਜਾਂਚ

ਖੁਰਾਕੀ ਵਸਤਾਂ ਦੀ ਗੁਣਵੱਤਾ 'ਤੇ ਕੋਈ ਸਮਝੌਤਾ ਨਹੀਂ : ਆਸਟ੍ਰੇਲੀਆ

ਸਿਡਨੀ/ਏ.ਟੀ.ਨਿਊਜ਼: ਆਸਟ੍ਰੇਲੀਆ ਨੇ ਭਾਰਤ ਸਮੇਤ ਕਈ ਮੁਲਕਾਂ ਤੋਂ ਆਉਣ ਵਾਲੇ ਮਸਾਲਿਆਂ 'ਤੇ ਸਖ਼ਤ ਨਿਗਰਾਨੀ ਵਧਾ ਦਿੱਤੀ ਹੈ। ਆਸਟ੍ਰੇਲੀਆ ਹਰ ਸਾਲ ਭਾਰਤ, ਸ੍ਰੀਲੰਕਾ, ਵੀਅਤਨਾਮ, ਚੀਨ ਅਤੇ ਹੋਰ ਏਸ਼ੀਆਈ ਦੇਸ਼ਾਂ ਤੋਂ ਕਰੋੜਾਂ ਡਾਲਰ ਦੇ ਮਸਾਲੇ ਮੰਗਵਾਉਂਦਾ ਹੈ। ਭਾਰਤ ਦੁਨੀਆ ਦਾ ਸਭ ਤੋਂ ਵੱਡਾ ਮਸਾਲਾ ਨਿਰਯਾਤਕ ਹੈ ਅਤੇ ਸਾਲ 2024-2025 ਵਿੱਚ ਵੀ ਭਾਰਤੀ ਮਸਾਲਿਆਂ ਦੀ ਆਸਟ੍ਰੇਲੀਆ ਸਮੇਤ ਵਿਸ਼ਵ ਪੱਧਰ 'ਤੇ ਮੰਗ ਮਜ਼ਬੂਤ ਰਹੀ ਹੈ।

ਕੁਝ ਭਾਰਤੀ ਮਸਾਲਾ ਉਤਪਾਦਾਂ ਵਿੱਚ ਈਥਾਈਲੀਨ ਆਕਸਾਈਡ ਵਰਗੇ ਰਸਾਇਣਕ ਤੱਤਾਂ ਦੇ ਦੋਸ਼ਾਂ ਤੋਂ ਬਾਅਦ ਫੂਡ ਸਟੈਂਡਰਡਜ਼ ਆਸਟਰੇਲੀਆ ਨਿਊਜ਼ੀਲੈਂਡ ਨੇ ਕਿਹਾ ਕਿ ਉਹ ਅੰਤਰਰਾਸ਼ਟਰੀ ਸਾਂਝੇਦਾਰਾਂ ਅਤੇ ਸੂਬਾਈ ਏਜੰਸੀਆਂ ਨਾਲ ਮਿਲ ਕੇ ਮਾਮਲੇ ਦੀ ਜਾਂਚ ਕਰ ਰਹੇ ਹਨ। ਅਥਾਰਟੀ ਨੇ ਸਪੱਸ਼ਟ ਕੀਤਾ ਕਿ ਆਸਟ੍ਰੇਲੀਆ ਵਿੱਚ ਖਾਦ ਪਦਾਰਥਾਂ ਲਈ ਇਸ ਰਸਾਇਣ ਦੀ ਵਰਤੋਂ ਨੂੰ ਮਨਜ਼ੂਰੀ ਨਹੀਂ ਦਿੰਦਾ।

ਆਸਟ੍ਰੇਲੀਆ ਦੇ ਖੇਤੀਬਾੜੀ ਵਿਭਾਗ ਮੁਤਾਬਕ ਸੁੱਕੇ ਮਸਾਲੇ, ਮਿਰਚ, ਕਾਲੀ ਮਿਰਚ, ਹਲਦੀ ਅਤੇ ਮਿਲੇ-ਜੁਲੇ ਮਸਾਲਿਆਂ ਨੂੰ ਮਿਲਾਵਟ ਦੀ ਖਤਰਾ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ, ਜਿਸ ਕਾਰਨ ਮੁਲਕ ਦੀਆਂ ਬੰਦਰਗਾਹ ਸਰਹੱਦਾਂ 'ਤੇ ਖਾਸ ਜਾਂਚ ਅਤੇ ਲੈਬ ਟੈਸਟ ਵਧਾਏ ਗਏ ਹਨ।

ਮਿਲਾਵਟ, ਗਲਤ ਲੇਬਲਿੰਗ ਜਾਂ ਅਸੁਰੱਖਿਅਤ ਖਾਦ ਪਦਾਰਥ ਸਾਬਤ ਹੋਣ 'ਤੇ ਦੋਸ਼ੀਆਂ ਨੂੰ ਨਿਯਮਾਂ ਤਹਿਤ ਲਗਪਗ 18,780 ਤੋਂ 93,900 ਆਸਟਰੇਲੀਆਈ ਡਾਲਰ ਤੱਕ ਜੁਰਮਾਨਾ, ਸਮਾਨ ਜ਼ਬਤ ਕਰਨ ਜਾਂ ਕਾਰੋਬਾਰ 'ਤੇ ਪਾਬੰਦੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਵਧਦੀ ਮੰਗ ਨਾਲ ਨਕਲੀ ਮਸਾਲਿਆਂ ਦਾ ਖਤਰਾ ਵੀ ਵਧਿਆ ਹੈ। ਸਰਕਾਰ ਨੇ ਸਪੱਸ਼ਟ ਕਿਹਾ ਕਿ ਆਸਟ੍ਰੇਲੀਆ ਵੱਲੋਂ ਖੁਰਾਕੀ ਵਸਤਾਂ ਦੀ ਗੁਣਵੱਤਾ 'ਤੇ ਕੋਈ ਸਮਝੌਤਾ ਨਹੀਂ ਹੈ। ਕੁਝ ਭਾਰਤੀ ਕਾਰੋਬਾਰੀਆਂ ਨੂੰ ਜੁਰਮਾਨੇ ਤੇ ਕੰਪਨੀਆਂ ਦੇ ਲਾਇਸੈਂਸ ਵੀ ਰੱਦ ਹੋਣ ਦਾ ਪਤਾ ਲੱਗਾ ਹੈ।

ਅਮਰੀਕਾ-ਇਰਾਨ ਜੰਗਬੰਦੀ ਨਾਜ਼ੁਕ ਦੌਰ 'ਚ ਪਹੁੰਚੀ

ਦੁਬਈ/ਏ.ਟੀ.ਨਿਊਜ਼: ਅਮਰੀਕਾ ਵੱਲੋਂ ਹੋਰਮੁਜ਼ ਜਲਮਾਰਗ ਦੇ ਨੇੜੇ ਇਰਾਨ ਦੇ ਦੋ ਤੇਲ ਟੈਂਕਰਾਂ ਨੂੰ ਨਿਸ਼ਾਨਾ ਬਣਾਏ ਜਾਣ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਨਾਜ਼ੁਕ ਜੰਗਬੰਦੀ 'ਤੇ ਸੰਕਟ ਦੇ ਬੱਦਲ ਮੰਡਰਾਉਣ ਲੱਗੇ ਹਨ। ਇਸ ਦੌਰਾਨ, ਅਮਰੀਕੀ ਜਲ ਸੈਨਾ ਦੇ ਖੇਤਰੀ ਹੈੱਡਕੁਆਰਟਰ ਦੀ ਮੇਜ਼ਬਾਨੀ ਕਰਨ ਵਾਲੇ ਬਹਿਰੀਨ ਨੇ ਦੱਸਿਆ ਕਿ ਉਸ ਨੇ ਇਰਾਨ ਦੇ ਰਿਵੋਲਿਊਸ਼ਨਰੀ ਗਾਰਡ ਨਾਲ ਸਬੰਧ ਹੋਣ ਦੇ ਸ਼ੱਕ ਵਿੱਚ 41 ਲੋਕਾਂ ਨੂੰ ਹਿਰਾਸਤ ਵਿੱਚ ਲਿਆ ਹੈ।

ਪਿਛਲੇ ਦਿਨੀਂ ਹੋਏ ਹਮਲਿਆਂ ਕਾਰਨ ਅਮਰੀਕਾ ਅਤੇ ਇਰਾਨ ਵਿਚਾਲੇ ਜੰਗਬੰਦੀ ਨੂੰ ਲੈ ਕੇ ਸ਼ੰਕੇ ਹੋਰ ਡੂੰਘੇ ਹੋ ਗਏ ਹਨ। ਅਮਰੀਕਾ ਜੰਗ ਖਤਮ ਕਰਨ, ਜਲਮਾਰਗ ਨੂੰ ਦੁਬਾਰਾ ਖੋਲ੍ਹਣ ਅਤੇ ਇਰਾਨ ਦੇ ਵਿਵਾਦਿਤ ਪਰਮਾਣੂ ਪ੍ਰੋਗਰਾਮ ਨੂੰ ਸੀਮਤ ਕਰਨ ਨਾਲ ਜੁੜੇ ਸਮਝੌਤੇ ਦੇ ਆਪਣੇ ਤਾਜ਼ਾ ਪ੍ਰਸਤਾਵ 'ਤੇ ਇਰਾਨ ਦੀ ਪ੍ਰਤੀਕਿਰਿਆ ਦਾ ਇੰਤਜ਼ਾਰ ਕਰ ਰਿਹਾ ਹੈ।ਅਮਰੀਕੀ ਫ਼ੌਜ ਨੇ ਕਿਹਾ ਕਿ ਉਸ ਦੇ ਬਲਾਂ ਨੇ ਇਰਾਨ ਦੇ ਉਨ੍ਹਾਂ ਦੋ ਟੈਂਕਰਾਂ ਨੂੰ ਨਸ਼ਟ ਕਰ ਦਿੱਤਾ ਹੈ, ਜੋ ਇਰਾਨੀ ਬੰਦਰਗਾਹਾਂ ਦੀ ਅਮਰੀਕੀ ਨਾਕਾਬੰਦੀ ਨੂੰ ਤੋੜਨ ਦੀ ਕੋਸ਼ਿਸ਼ ਕਰ ਰਹੇ ਸਨ। ਇਸ ਤੋਂ ਕੁਝ ਘੰਟੇ ਪਹਿਲਾਂ ਫ਼ੌਜ ਨੇ ਕਿਹਾ ਸੀ ਕਿ ਉਸ ਨੇ ਜਲ ਸੈਨਾ ਦੇ ਤਿੰਨ ਜਹਾਜ਼ਾਂ 'ਤੇ ਹਮਲਿਆਂ ਨੂੰ ਨਾਕਾਮ ਕੀਤਾ ਅਤੇ ਜਵਾਬੀ ਕਾਰਵਾਈ ਵਿੱਚ ਜਲਮਾਰਗ ਵਿੱਚ ਇਰਾਨੀ ਫ਼ੌਜੀ ਟਿਕਾਣਿਆਂ 'ਤੇ ਹਮਲੇ ਕੀਤੇ।

ਇਸ ਦੌਰਾਨ, ਬਹਿਰੀਨ ਦੇ ਗ੍ਰਹਿ ਮੰਤਰਾਲੇ ਨੇ ਐਲਾਨ ਕੀਤਾ ਕਿ ਉਸ ਨੇ ਇਰਾਨ ਦੇ ਰਿਵੋਲਿਊਸ਼ਨਰੀ ਗਾਰਡ ਨਾਲ ਜੁੜੇ ਇੱਕ ਸਮੂਹ ਦਾ ਮੈਂਬਰ ਹੋਣ ਦੇ ਦੋਸ਼ ਵਿੱਚ 41 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੰਤਰਾਲੇ ਨੇ ਕਿਹਾ ਕਿ ਸਮੂਹ ਨਾਲ ਜੁੜੇ ਹੋਰ ਲੋਕਾਂ ਖਿਲਾਫ ਅਗਲੀ ਕਾਰਵਾਈ ਲਈ ਜਾਂਚ ਜਾਰੀ ਹੈ, ਪਰ ਉਸਨੇ ਇਸ ਸਬੰਧੀ ਹੋਰ ਕੋਈ ਜਾਣਕਾਰੀ ਨਹੀਂ ਦਿੱਤੀ।

ਬਹਿਰੀਨ ਵਿੱਚ ਸੁਨੀ ਮੁਸਲਿਮ ਰਾਜਸ਼ਾਹੀ ਦਾ ਸ਼ਾਸਨ ਹੈ, ਪਰ ਇਰਾਨ ਵਾਂਗ ਇਸਦੀ ਜ਼ਿਆਦਾਤਰ ਆਬਾਦੀ ਸ਼ੀਆ ਹੈ। ਮਨੁੱਖੀ ਅਧਿਕਾਰ ਸਮੂਹਾਂ ਦਾ ਕਹਿਣਾ ਹੈ ਕਿ ਬਹਿਰੀਨ ਨੇ ਇਰਾਨ ਅਤੇ ਅਮਰੀਕਾ ਵਿਚਾਲੇ ਚੱਲ ਰਹੀ ਜੰਗ ਦਾ ਬਹਾਨਾ ਬਣਾ ਕੇ ਦੇਸ਼ ਵਿੱਚ ਅਸਹਿਮਤੀ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ। ਅਮਰੀਕਾ ਦਾ ਪੰਜਵਾਂ ਬੇੜਾ ਬਹਿਰੀਨ ਵਿੱਚ ਤਾਇਨਾਤ ਹੈ।

ਅਮਰੀਕੀ ਫ਼ੌਜ ਨੇ ਦੋ ਇਰਾਨੀ ਟੈਂਕਰਾਂ ਦੀ ਵੀਡੀਓ ਜਾਰੀ ਕੀਤੀ, ਜਿਸ ਵਿੱਚ ਦਿਖਾਈ ਦੇ ਰਿਹਾ ਹੈ ਕਿ ਇੱਕ ਅਮਰੀਕੀ ਲੜਾਕੂ

(ਬਾਕੀ ਸਫ਼ਾ 26 'ਤੇ)

ਕੀ ਖਤਮ ਹੋ ਜਾਵੇਗਾ ਪੰਜਾਬ ’ਚੋਂ ਖੇਤਰੀ ਦਲਾਂ ਦਾ ਵਜੂਦ ?

ਦਿੱਲੀ ਦੀਆਂ ਪਾਰਟੀਆਂ ਦੀ ਗਿਰਝ ਅੱਖ !

ਸਿਧਾਂਤਾਂ ਦੀ ਬਲੀ ਚੜ੍ਹੀ ਪੰਥਕ ਸਿਆਸਤ, ਕੀ ਹੁਣ ‘ਭਗਵਾਂ’ ਹੋਵੇਗਾ ਪੰਜਾਬ ?

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

ਭਾਰਤੀ ਰਾਜਨੀਤੀ ਦੇ ਮੌਜੂਦਾ ਦੌਰ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਉਸੇ ਮੁਕਾਮ ’ਤੇ ਖੜ੍ਹੀ ਨਜ਼ਰ ਆ ਰਹੀ ਹੈ, ਜਿੱਥੇ ਆਜ਼ਾਦੀ ਤੋਂ ਬਾਅਦ ਦੇ ਪਹਿਲੇ ਦੋ ਦਹਾਕਿਆਂ ਵਿੱਚ ਕਾਂਗਰਸ ਹੁੰਦੀ ਸੀ। ਦੇਸ਼ ਦੇ ਪੂਰਬੀ, ਪੱਛਮੀ ਅਤੇ ਉੱਤਰੀ ਹਿੱਸਿਆਂ ਵਿੱਚ ਭਾਜਪਾ ਨੇ ਜਿਸ ਤਰ੍ਹਾਂ ਆਪਣਾ ਗਲਬਾ ਸਥਾਪਿਤ ਕੀਤਾ ਹੈ, ਉਸ ਨੇ ਸਿਆਸੀ ਮਾਹਿਰਾਂ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਉਹ ਸਿਰਫ਼ ਜਿੱਤਣ ਲਈ ਹੀ ਮੈਦਾਨ ਵਿੱਚ ਉਤਰਦੀ ਹੈ। ਅੱਜ ਭਾਜਪਾ ਦੀ ਚੋਣ ਮਸ਼ੀਨਰੀ ਵੀ ਕੁਝ ਅਜਿਹਾ ਹੀ ਪ੍ਰਭਾਵ ਪਾ ਰਹੀ ਹੈ।

ਪੱਛਮੀ ਬੰਗਾਲ, ਓਡੀਸ਼ਾ ਅਤੇ ਬਿਹਾਰ ਵਰਗੇ ਸੂਬਿਆਂ ਵਿੱਚ ਭਾਜਪਾ ਦੀਆਂ ਤਾਜ਼ਾ ਜਿੱਤਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਪਾਰਟੀ ਹੁਣ ਸਿਰਫ਼ ‘ਹਿੰਦੀ ਪੱਟੀ’ ਤੱਕ ਸੀਮਤ ਨਹੀਂ ਰਹੀ। ਜਿੱਥੇ ਕਾਂਗਰਸ ਦੀ ਜਿੱਤ ਪਿੱਛੇ ਆਜ਼ਾਦੀ ਦੀ ਵਿਰਾਸਤ ਅਤੇ ਨੇਤਾਵਾਂ ਦਾ ਨਿੱਜੀ ਕਰਿਸ਼ਮਾ ਹੁੰਦਾ ਸੀ, ਉੱਥੇ ਭਾਜਪਾ ਨੇ ਸਿਆਸੀ ਕਰਿਸ਼ਮੇ ਦੇ ਨਾਲ-ਨਾਲ ਸੰਗਠਨ, ਅਥਾਹ ਸਾਧਨ , ਕਾਰਪੋਰੇਟ ਜਗਤ ਅਤੇ ਇੱਕ ਬਦਲਵੇਂ ਵਿਚਾਰਧਾਰਕ ਹਿੰਦੂਤਵ ਨੈਰੇਟਿਵ ਨੂੰ ਹਥਿਆਰ ਬਣਾਇਆ ਹੈ। ਆਈਡੀਆ ਆਫ਼ ਇੰਡੀਆ ਦੇ ਮੁਕਾਬਲੇ ਪੇਸ਼ ਕੀਤਾ ਗਿਆ ਉਨ੍ਹਾਂ ਦਾ ਨਵਾਂ ਮਾਡਲ ਅੱਜ ਬਹੁਗਿਣਤੀ ਵੋਟਰਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ।

ਪੰਜਾਬ ਦੇ ਸੰਦਰਭ ਵਿੱਚ ਇਹ ਸਥਿਤੀ ਬਹੁਤ ਦਿਲਚਸਪ ਅਤੇ ਚੁਣੌਤੀਪੂਰਨ ਹੈ। ਭਾਜਪਾ ਨੇ ਹੁਣ ਉਨ੍ਹਾਂ ਕਿਲ੍ਹਿਆਂ ਵੱਲ ਰੁਖ਼ ਕੀਤਾ ਹੈ ਜਿੱਥੇ ਭਾਸ਼ਾਈ ਅਤੇ ਸੱਭਿਆਚਾਰਕ ਵੱਖਰੇਵੇਂ ਕਾਰਨ ਉਹ ਪਹਿਲਾਂ ਕਮਜ਼ੋਰ ਮੰਨੀ ਜਾਂਦੀ ਸੀ। ਪੰਜਾਬ ਵਿੱਚ ਅਗਲੇ ਸਾਲ ਹੋਣ ਵਾਲੀਆਂ ਚੋਣਾਂ ਲਈ ਭਾਜਪਾ ਦੀ ਸਰਗਰਮੀ ਇਹ ਸੰਕੇਤ ਦਿੰਦੀ ਹੈ ਕਿ ਉਹ ਕਿਸੇ ਵੀ ਸੂਬੇ ਨੂੰ ਅਨੁਕੂਲ ਹਾਲਾਤ ਦੀ ਉਡੀਕ ਵਿੱਚ ਛੱਡਣ ਦੇ ਮੂਡ ਵਿੱਚ ਨਹੀਂ ਹੈ। ਪੰਜਾਬ ਦੀ ਖੇਤਰੀ ਸਿਆਸਤ, ਜੋ ਲੰਮਾ ਸਮਾਂ ਅਕਾਲੀ ਦਲ ਅਤੇ ਕਾਂਗਰਸ ਦੁਆਲੇ ਘੁੰਮਦੀ ਰਹੀ, ਹੁਣ ਇੱਕ ਅਜਿਹੇ ਮੋੜ ’ਤੇ ਹੈ ਜਿੱਥੇ ਭਾਜਪਾ ਆਪਣੀ ਥਾਂ ਬਣਾਉਣ ਲਈ ਪੂਰੀ ਵਾਹ ਲਾ ਰਹੀ ਹੈ। ‘ਆਪ’ ਪਾਰਟੀ ਨੇ ਕਾਂਗਰਸ ਤੇ ਅਕਾਲੀ ਦਲ ਦਾ ਵੋਟ ਬੈਂਕ ਨਿਗਲ ਕੇ ਭਾਜਪਾ ਲਈ ਰਾਹ ਹੋਰ ਸੌਖਾ ਕਰ ਦਿੱਤਾ ਹੈ।

ਪੰਜਾਬ ਦੀ ਸਿਆਸਤ ਵਿੱਚ ਇਸ ਵੇਲੇ ਇੱਕ ਅਜਿਹਾ ਸਿਆਸੀ ਭੂਚਾਲ ਆਇਆ ਹੋਇਆ ਹੈ ਜਿਸ ਨੇ ਦਹਾਕਿਆਂ ਪੁਰਾਣੇ ਕਿਲ੍ਹਿਆਂ ਦੀਆਂ ਨੀਹਾਂ ਹਿਲਾ ਦਿੱਤੀਆਂ ਹਨ। ਜਿਸ ਪੰਜਾਬੀ ਸਿਆਸਤ ਦੀ ਪਛਾਣ ਕਦੇ ਸ਼੍ਰੋਮਣੀ ਅਕਾਲੀ ਦਲ ਹੁੰਦੀ ਸੀ, ਅੱਜ ਉਹੀ ਪਾਰਟੀ ਆਪਣੀ ਹੋਂਦ ਦੀ ਲੜਾਈ ਲੜ ਰਹੀ ਹੈ। ਸਵਾਲ ਸਿਰਫ਼ ਸੱਤਾ ਦਾ ਨਹੀਂ, ਸਵਾਲ ਖੇਤਰੀ ਪਛਾਣ ਦਾ ਹੈ—ਕੀ ਪੰਜਾਬ ਦੀਆਂ ਖੇਤਰੀ ਧਿਰਾਂ ਰਾਸ਼ਟਰੀ ਪਾਰਟੀਆਂ ਦੇ ਹੜ੍ਹ ਵਿੱਚ ਵਹਿ ਜਾਣਗੀਆਂ ਜਾਂ ਫ਼ਿਰ ਕੋਈ ਨਵਾਂ ਚਮਤਕਾਰ ਹੋਵੇਗਾ ?

ਭਾਜਪਾ ਦਾ ਵਧਦਾ ਕੱਦ ਅਤੇ ਖੇਤਰੀ ਸਿਆਸਤ ਲਈ ਚੁਣੌਤੀਆਂ

ਸ਼੍ਰੋਮਣੀ ਅਕਾਲੀ ਦਲ ਕਈ ਧੜਿਆਂ ਵਿੱਚ ਵੰਡਿਆ ਜਾ ਚੁੱਕਾ ਹੈ। ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਵਿਰੁੱਧ ਬਗਾਵਤ ਦਾ ਝੰਡਾ ਚੁੱਕਣ ਵਾਲੇ ਆਗੂਆਂ ਨੇ ਪਾਰਟੀ ਦੇ ਅੰਦਰੂਨੀ ਲੋਕਤੰਤਰ ’ਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ,ਜਦਕਿ ਉਹ ਕਿਸੇ ਵੀ ਸਿਧਾਂਤਕ ਸੋਚ ਉਪਰ ਨਹੀਂ ਖਲੋਤੇ। ਸੱਤਾ ਪ੍ਰਾਪਤੀ ਉਨ੍ਹਾਂ ਦਾ ਨਿਸ਼ਾਨਾ ਹੈ। ਬਾਗੀ ਆਗੂ ਗਿਆਨੀ ਹਰਪ੍ਰੀਤ ਸਿੰਘ, ਬੀਬੀ ਜਾਗੀਰ ਕੌਰ , ਪ੍ਰੋਫ਼ੈਸਰ ਪ੍ਰੇਮ ਸਿੰਘ ਚੰਦੂਮਾਜਰਾ , ਮਨਪ੍ਰੀਤ ਸਿੰਘ ਇਆਲੀ ਅਕਾਲੀ ਦਲ ਪੁਨਰ ਸੁਰਜੀਤ ਰਾਹੀਂ ਆਪਣੀ ਪਛਾਣ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਪੰਜਾਬੀਆਂ ਵੱਲੋਂ ਹਾਲੇ ਤੱਕ ਇਹ ਨਵੀਂ ਪਾਰਟੀ ਨੂੰ ਹੁੰਗਾਰਾ ਨਹੀਂ ਮਿਲਿਆ ਜਿਸ ਕਰਕੇ ਵਾਰਿਸ ਪੰਜਾਬ ਦੇ ਅਕਾਲੀ ਦਲ ਨਾਲ ਗਠਜੋੜ ਕਰਨਾ ਪੈ ਰਿਹਾ ਹੈ। ਬਾਗੀ ਧੜੇ ਦਾ ਬਾਦਲ ਅਕਾਲੀ ਦਲ ਉਪਰ ਇਲਜ਼ਾਮ ਹੈ ਕਿ ਪਾਰਟੀ ਹੁਣ ਪੰਥਕ ਨਹੀਂ ਰਹੀ, ਸਗੋਂ ਕਾਰਪੋਰੇਟ ਬਣ ਗਈ ਹੈ।

ਬੇਅਦਬੀ ਕਾਂਡ ਅਤੇ ਡੇਰਾ ਸਿਰਸਾ ਮੁਆਫ਼ੀ ਵਰਗੇ ਜ਼ਖ਼ਮ ਅੱਜ ਵੀ ਅੱਲੇ ਹਨ, ਜਿਨ੍ਹਾਂ ਦੀ ਕੀਮਤ ਅਕਾਲੀ ਦਲ ਬਾਦਲ ਲਗਾਤਾਰ ਚੋਣਾਂ ਵਿੱਚ ਹਾਰ ਕੇ ਚੁਕਾ ਰਿਹਾ ਹੈ। ਪੰਜਾਬ ਦੀ ਪੰਥਕ ਵੋਟ ਨੂੰ ਇੱਕ ਨਵਾਂ ਚਿਹਰਾ ਅੰਮ੍ਰਿਤਪਾਲ ਸਿੰਘ ਮਿਲਿਆ ਹੈ ਜੋ ਰਵਾਇਤੀ ਅਕਾਲੀ ਦਲ ਲਈ ਚੈਲਿੰਜ ਬਣਿਆ ਹੋਇਆ ਹੈ। ਜੇਲ੍ਹ ਵਿੱਚ ਹੁੰਦਿਆਂ ਵੀ ਲੋਕ ਸਭਾ ਜਿਮਨੀ ਚੋਣ ਖਡੂਰ ਸਾਹਿਬ ਵਿੱਚ ਵੱਡੀ ਜਿੱਤ ਦਰਜ ਕਰਕੇ ਅੰਮ੍ਰਿਤਪਾਲ ਸਿੰਘ ਨੇ ਸਾਬਤ ਕਰ ਦਿੱਤਾ ਕਿ ਪੰਜਾਬ ਦਾ ਇੱਕ ਵਰਗ ਰਵਾਇਤੀ ਸਿਆਸਤਦਾਨਾਂ ਤੋਂ ਪੂਰੀ ਤਰ੍ਹਾਂ ਅੱਕ ਚੁੱਕਾ ਹੈ। ਉਸ ਦੀ ਪਾਰਟੀ ‘ਵਾਰਿਸ ਪੰਜਾਬ ਦੇ’ ਨੇ ਬਾਦਲ ਅਕਾਲੀ ਦਲ ਨੂੰ ਨੁਕਸਾਨ ਪਹੁੰਚਾਇਆ ਹੈ। ਪਰ ਸਿਆਸੀ ਮਾਹਿਰ ਪੁੱਛਦੇ ਹਨ—ਕੀ ਸਿਰਫ਼ ਭਾਵੁਕ ਨਾਅਰੇ ਪੰਜਾਬ ਦੀ ਆਰਥਿਕਤਾ , ਰੁਜ਼ਗਾਰ ਅਤੇ ਕਿਸਾਨੀ ਦੇ ਮਸਲੇ ਹੱਲ ਕਰ ਸਕਣਗੇ?

ਅਕਾਲੀ ਦਲ ਦੇ ਨਿਘਾਰ ਦਾ ਸਭ ਤੋਂ ਵੱਧ ਜਸ਼ਨ ਭਾਰਤੀ ਜਨਤਾ ਪਾਰਟੀ ਦੇ ਦਫ਼ਤਰਾਂ ਵਿੱਚ ਮਨਾਇਆ ਜਾ ਰਿਹਾ ਹੈ। ਭਾਜਪਾ ਹੁਣ ਪੰਜਾਬ ਵਿੱਚ ਛੋਟੇ ਭਰਾ ਦੀ ਭੂਮਿਕਾ ਤਿਆਗ ਕੇ ਇਕਲਿਆਂ ਲੜਨ ਦੀ ਕੋਸ਼ਿਸ਼ ਵਿੱਚ ਹੈ। ਉਹ ਹਿੰਦੂ-ਸਿੱਖ ਏਕਤਾ ਦੇ ਨਵੇਂ ਫ਼ਾਰਮੂਲੇ ਰਾਹੀਂ ਪੇਂਡੂ ਪੰਜਾਬ ਵਿੱਚ ਸੰਨ੍ਹ ਲਾ ਰਹੀ ਹੈ।

ਦੂਜੇ ਪਾਸੇ, ਆਮ ਆਦਮੀ ਪਾਰਟੀ ਆਪਣੇ ਵਿਕਾਸ ਦੇ ਦਾਅਵਿਆਂ ਨਾਲ ਖੇਤਰੀ ਖਲਾਅ ਨੂੰ ਭਰਨ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਅੰਦਰੂਨੀ ਵਿਰੋਧ ਅਤੇ ਪੰਜਾਬ ਸਿਰ ਚੜ੍ਹੇ ਕਰਜ਼ੇ ਨੇ ਉਨ੍ਹਾਂ ਦੀ ਰਾਹ ਵੀ ਔਖੀ ਕਰ ਦਿੱਤੀ ਹੈ।

ਇਸ ਨਵੇਂ ਬਿਰਤਾਂਤ ਵਿੱਚ ਕਾਂਗਰਸ ਅਤੇ ਅਕਾਲੀ ਦਲ ਪਛੜਦੇ ਨਜ਼ਰ ਆ ਰਹੇ ਹਨ। ਅਕਾਲੀ ਦਲ ਦੇ ਵੱਖ-ਵੱਖ ਧੜਿਆਂ ਵਿੱਚ ਵੰਡੇ ਹੋਣ ਕਾਰਨ ਪੰਥਕ ਵੋਟ ਖਿੰਡਣ ਦਾ ਡਰ ਹੈ, ਜਿਸ ਦਾ ਫ਼ਾਇਦਾ ਉਠਾਉਣ ਲਈ ਆਪ ਸਰਕਾਰ ਪਹਿਲਾਂ ਹੀ ਸ਼ੁਕਰਾਨਾ ਯਾਤਰਾ ਅਤੇ ਬੇਅਦਬੀ ਵਿਰੋਧੀ ਕਾਨੂੰਨਾਂ ਰਾਹੀਂ ਪੰਥਕ ਦਿਖ ਬਣਾਉਣ ਵਿੱਚ ਜੁਟੀ ਹੋਈ ਹੈ। ਜੇਕਰ ਇਹ ਦੋਵੇਂ ਰਵਾਇਤੀ ਪਾਰਟੀਆਂ ਕੋਈ ਵੱਡਾ ਬਦਲਵਾਂ ਬਿਰਤਾਂਤ ਸਿਰਜਣ ਵਿੱਚ ਅਸਫ਼ਲ ਰਹਿੰਦੀਆਂ ਹਨ, ਤਾਂ ਉਹ ਸਿਆਸੀ ਪਿੜ ਵਿੱਚੋਂ ਅਪ੍ਰਸੰਗਿਕ ਹੋ ਸਕਦੀਆਂ ਹਨ।

ਇੱਕ ਪਾਸੇ ਜਿੱਥੇ ਭਾਜਪਾ ਪੰਜਾਬ ਵਿੱਚ ਸਰਕਾਰ ਬਣਾਉਣ ਦੇ ਦਾਅਵੇ ਕਰ ਰਹੀ ਹੈ, ਉੱਥੇ ਹੀ ਕੇਂਦਰ ਸਰਕਾਰ ਦੇ ਕੁਝ ਫ਼ੈਸਲੇ ਸੂਬੇ ਦੇ ਹਿੱਤਾਂ ਦੇ ਵਿਰੁੱਧ ਜਾ ਰਹੇ ਹਨ।

ਉਦਯੋਗਿਕ ਕਲਸਟਰ: ਦੇਸ਼ ਭਰ ਦੇ 113 ਕਲਸਟਰਾਂ ਵਿੱਚੋਂ ਪੰਜਾਬ ਨੂੰ ਸਿਰਫ਼ 3 ਮਿਲਣਾ ਸੂਬੇ ਨਾਲ ਆਰਥਿਕ ਵਿਤਕਰੇ ਵਜੋਂ ਦੇਖਿਆ ਜਾ ਰਿਹਾ ਹੈ। ਮਾਹਿਰਾਂ ਅਨੁਸਾਰ, ਪੰਜਾਬ ਨੂੰ ਘੱਟੋ-ਘੱਟ 10-15 ਕਲਸਟਰ ਮਿਲਣੇ ਚਾਹੀਦੇ ਸਨ, ਜੋ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ (ਜਿਵੇਂ ਬਠਿੰਡਾ ਵਿੱਚ ਫ਼ਾਰਮਾ, ਅੰਮ੍ਰਿਤਸਰ ਵਿੱਚ ਟੂਰਿਜ਼ਮ/ਫ਼ੂਡ, ਮੰਡੀ ਗੋਬਿੰਦਗੜ੍ਹ ਵਿੱਚ ਸਟੀਲ , ਲੁਧਿਆਣਾ ਹੌਜ਼ਰੀ) ਦੀਆਂ ਵਿਸ਼ੇਸ਼ਤਾਵਾਂ ਅਨੁਸਾਰ ਹੁੰਦੇ ਹਨ। ਘੱਟ ਕਲਸਟਰਾਂ ਦਾ ਮਤਲਬ ਹੈ ਕਿ ਪੰਜਾਬ ਵਿੱਚ ਕੇਂਦਰੀ ਗ੍ਰਾਂਟਾਂ ਘੱਟ ਆਉਣਗੀਆਂ, ਜਿਸ ਨਾਲ ਰਾਜ ਦੀ ਜੀ.ਡੀ.ਪੀ. ਵਾਧੇ ਦੀ ਦਰ ਹੌਲੀ ਹੋ ਸਕਦੀ ਹੈ।

ਨਵੇਂ ਉਦਯੋਗਿਕ ਹੱਬ ਨਾ ਬਣਨ ਕਾਰਨ ਨੌਜਵਾਨਾਂ ਨੂੰ ਸੂਬੇ ਵਿੱਚ ਰੁਜ਼ਗਾਰ ਨਹੀਂ ਮਿਲੇਗਾ, ਜੋ ‘ਬ੍ਰੇਨ ਡਰੇਨ’ (ਨੌਜਵਾਨਾਂ ਦਾ ਵਿਦੇਸ਼ ਜਾਣਾ) ਦੀ ਸਮੱਸਿਆ ਨੂੰ ਹੋਰ ਵਧਾਏਗਾ। ਗੁਆਂਢੀ ਰਾਜਾਂ (ਹਿਮਾਚਲ, ਜੰਮੂ-ਕਸ਼ਮੀਰ) ਵਿੱਚ ਟੈਕਸ ਛੋਟਾਂ ਕਾਰਨ ਪੰਜਾਬ ਦੇ ਉਦਯੋਗ ਪਹਿਲਾਂ ਹੀ ਬਾਹਰ ਜਾ ਰਹੇ ਹਨ।

ਖੇਤੀਬਾੜੀ ਪ੍ਰਧਾਨ ਸੂਬਾ ਹੋਣ ਕਰਕੇ ਪੰਜਾਬ ਨੂੰ ਫ਼ੂਡ ਪ੍ਰੋਸੈਸਿੰਗ ਅਤੇ ਟੈਕਸਟਾਈਲ ਵਰਗੇ ਖੇਤਰਾਂ ਵਿੱਚ ਵੱਧ ਕਲਸਟਰਾਂ ਦੀ ਲੋੜ ਸੀ ਤਾਂ ਜੋ ਕਿਸਾਨੀ ਦੀ ਆਮਦਨ ਵਧਾਈ ਜਾ ਸਕੇ। ਪੰਜਾਬ ਵਿੱਚ ਛੋਟੇ ਅਤੇ ਦਰਮਿਆਨੇ ਉਦਯੋਗ ਬਹੁਤ ਵੱਡੀ ਗਿਣਤੀ ਵਿੱਚ ਹਨ (ਜਿਵੇਂ ਲੁਧਿਆਣਾ ਦਾ ਹੌਜ਼ਰੀ ਅਤੇ ਜਲੰਧਰ ਦਾ ਖੇਡਾਂ ਦਾ ਸਾਮਾਨ)। ਇਨ੍ਹਾਂ ਨੂੰ ਆਧੁਨਿਕ ਬਣਾਉਣ ਲਈ ਵੱਧ ਕੇਂਦਰੀ ਮਦਦ ਦੀ ਲੋੜ ਸੀ।

ਪੰਜਾਬ ਦੀਆਂ ਖੇਤਰੀ ਪਾਰਟੀਆਂ ਅਤੇ ਮੌਜੂਦਾ ਸਰਕਾਰ ਇਸ ਨੂੰ ‘ਕੇਂਦਰ ਵੱਲੋਂ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ’ ਵਜੋਂ ਪੇਸ਼ ਕਰ ਰਹੀਆਂ ਹਨ।

ਸੈਨਿਕ ਸਕੂਲਾਂ ਵਿੱਚ ਪੰਜਾਬੀ ਨੂੰ ਸਿਰਫ਼ ਇੱਕ ਵਾਧੂ ਵਿਸ਼ੇ ਵਜੋਂ ਰੱਖਣਾ ਅਤੇ ਅਧਿਆਪਕ ਮੁਹੱਈਆ ਨਾ ਕਰਵਾਉਣਾ ਪੰਜਾਬੀਆਂ ਅਤੇ ਆਮ ਲੋਕਾਂ ਵਿੱਚ ਰੋਸ ਪੈਦਾ ਕਰ ਰਿਹਾ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਅਕਾਲੀ ਦਲ ਦੇ ਸਾਰੇ ਧੜੇ ਇਕੱਠੇ ਨਾ ਹੋਏ ਅਤੇ ਆਪਣੀਆਂ ਗਲਤੀਆਂ ਦੀ ਜਨਤਕ ਮੁਆਫ਼ੀ ਮੰਗ ਕੇ ਨਵੇਂ ਚਿਹਰਿਆਂ ਨੂੰ ਅੱਗੇ ਨਾ ਲਿਆਂਦਾ, ਤਾਂ 2027 ਦੀਆਂ ਵਿਧਾਨ ਸਭਾ ਚੋਣਾਂ ਪੰਥਕ ਸਿਆਸਤ ਲਈ ਆਖਰੀ ਸਿਆਸੀ ਅਰਦਾਸ ਸਾਬਤ ਹੋ ਸਕਦੀਆਂ ਹਨ।

ਪੰਜਾਬ ਨੂੰ ਅੱਜ ਨਾਅਰਿਆਂ ਦੀ ਨਹੀਂ, ਨੀਤੀ ਦੀ ਲੋੜ ਹੈ। ਕੀ ਕੋਈ ਅਜਿਹੀ ਖੇਤਰੀ ਸ਼ਕਤੀ ਉੱਭਰੇਗੀ ਜੋ ਦਿੱਲੀ ਅੱਗੇ ਗੋਡੇ ਟੇਕਣ ਦੀ ਥਾਂ ਪੰਜਾਬ ਦੇ ਹੱਕਾਂ ਦੀ ਗੱਲ ਕਰੇਗੀ? ਫ਼ਿਲਹਾਲ, ਪੰਜਾਬ ਦੀ ਸਿਆਸਤ ਦਾ ਭਵਿੱਖ ਧੁੰਦਲਾ ਨਜ਼ਰ ਆ ਰਿਹਾ ਹੈ।

ਹਾਲਾਂਕਿ, ਇਹ ਕੁਦਰਤ ਦਾ ਨਿਯਮ ਹੈ ਕਿ ਹਰ ਉਥਾਨ ਤੋਂ ਬਾਅਦ ਪਤਨ ਨਿਸ਼ਚਿਤ ਹੁੰਦਾ ਹੈ। ਸਵਾਲ ਇਹ ਹੈ ਕਿ ਕੀ ਭਾਜਪਾ ਆਪਣੇ ਸਿਖ਼ਰ ’ਤੇ ਪਹੁੰਚ ਚੁੱਕੀ ਹੈ ਜਾਂ ਅਜੇ ਹੋਰ ਉੱਪਰ ਜਾਵੇਗੀ? ਸਿਆਸੀ ਮਾਹਿਰਾਂ ਅਨੁਸਾਰ, ਜਿਸ ਤਰ੍ਹਾਂ ਭਾਜਪਾ ਦੀ 80 ਬਨਾਮ 20 ਦੀ ਸਿਆਸਤ ਉੱਤਰ ਪ੍ਰਦੇਸ਼ ਜਾਂ ਬੰਗਾਲ ਵਿੱਚ ਸਫ਼ਲ ਰਹੀ ਹੈ, ਉਸ ਦਾ ਰਾਸ਼ਟਰੀ ਪੱਧਰ ’ਤੇ ਪੂਰੀ ਤਰ੍ਹਾਂ ਲਾਗੂ ਹੋਣਾ ਅਜੇ ਬਾਕੀ ਹੈ। ਇਸ ਲਈ, ਤੁਰੰਤ ਕਿਸੇ ਵੱਡੀ ਗਿਰਾਵਟ ਦੇ ਆਸਾਰ ਨਜ਼ਰ ਨਹੀਂ ਆਉਂਦੇ। ਪਰ ਇਸ ਵਰਤਾਰੇ ਦਾ ਇੱਕ ਚਿੰਤਾਜਨਕ ਪਹਿਲੂ ਵੀ ਹੈ। ਸਿਆਸਤ ਵਿੱਚੋਂ ਰੋਮਾਂਚ ਅਤੇ ਜਮਹੂਰੀਅਤ ਤੇ ਲੋਕ ਏਜੰਡੇ ਦਾ ਖ਼ਤਮ ਹੋਣਾ ਅਤੇ ਸਮਾਜ ਵਿੱਚ ਵਧ ਰਹੀ ਵੰਡ ਨਸਲਵਾਦ ਤੇ ਫ਼ਿਰਕੂਵਾਦ ਦੇਸ਼ ਦੇ ਲੋਕਤੰਤਰੀ ਢਾਂਚੇ ਲਈ ਖ਼ਤਰਾ ਬਣ ਸਕਦੀ ਹੈ। ਜਦੋਂ ਸਿਰਫ਼ ਚੋਣ ਜਿੱਤਣਾ ਹੀ ਇੱਕੋ-ਇੱਕ ਉਦੇਸ਼ ਬਣ ਜਾਵੇ, ਤਾਂ ਨਿਆਂ, ਵਿਕਾਸ , ਰੁਜ਼ਗਾਰ,ਨੈਤਿਕਤਾ ਅਤੇ ਸਮਾਜਿਕ ਸਾਂਝ ਪਿੱਛੇ ਰਹਿ ਜਾਂਦੀ ਹੈ। ਪੰਜਾਬ ਵਰਗੇ ਸੰਵੇਦਨਸ਼ੀਲ ਸਰਹੱਦੀ ਸੂਬੇ ਲਈ ਇਹ ਤਬਦੀਲੀ ਕਿਹੋ ਜਿਹੇ ਸਿੱਟੇ ਲੈ ਕੇ ਆਵੇਗੀ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ। ਫ਼ਿਲਹਾਲ, ਵਿਰੋਧੀ ਧਿਰਾਂ ਲਈ ਚੁਣੌਤੀ ਇਹ ਹੈ ਕਿ ਉਹ ਭਾਜਪਾ ਦੇ ਇਸ ਚੋਣ ਫ਼ਾਰਮੂਲੇ ਦਾ ਕੋਈ ਮਜ਼ਬੂਤ ਵਿਚਾਰਧਾਰਕ ਬਦਲ ਪੇਸ਼ ਕਰ ਸਕਦੀਆਂ ਹਨ ਜਾਂ ਨਹੀਂ।

ਕੇਂਦਰੀਕਰਨ ਵੱਲ ਵਧ ਰਹੀ ਹੈ ਭਾਰਤ ਦੀ ਰਾਜਨੀਤੀ

ਖੇਤਰੀ ਪਾਰਟੀਆਂ ਦੀ ਸਥਿਤੀ ਹੋਈ ਕਮਜ਼ੋਰ

ਨਵੀਂ ਦਿੱਲੀ/ਏ.ਟੀ.ਨਿਊਜ਼: ਹਾਲ ਹੀ ਵਿੱਚ ਹੋਈਆਂ 5 ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਨੇ ਦੇਸ਼ ਦੀ ਰਾਜਨੀਤੀ ਵਿੱਚ ਇੱਕ ਵੱਡਾ ਬਦਲਾਅ ਦਰਜ ਕੀਤਾ ਹੈ। ਪੱਛਮੀ ਬੰਗਾਲ ’ਚ ਆਲ ਇੰਡੀਆ ਤ੍ਰਿਣਮੂਲ ਕਾਂਗਰਸ (ਟੀ. ਐੱਮ. ਸੀ.) ਦੀ 15 ਸਾਲਾਂ ਬਾਅਦ ਹਾਰ ਅਤੇ ਤਾਮਿਲਨਾਡੂ ’ਚ ਦ੍ਰਾਵਿੜ ਮੁਨੇਤਰ ਕੜਗਮ (ਡੀ. ਐੱਮ. ਕੇ.) ਦੀ ਅਚਨਚੇਤ ਹਾਰ ਨੇ ਖੇਤਰੀ ਪਾਰਟੀਆਂ ਦੀ ਤਾਕਤ ਨੂੰ ਡੂੰਘਾ ਝਟਕਾ ਦਿੱਤਾ ਹੈ। ਇਹ ਨਤੀਜੇ ਵਿਖਾਉਂਦੇ ਹਨ ਕਿ ਲੰਬੇ ਸਮੇਂ ਤੱਕ ਸੱਤਾ ’ਚ ਰਹਿਣ ਵਾਲੀਆਂ ਪਾਰਟੀਆਂ ਹੁਣ ਵੋਟਰਾਂ ਦੇ ਮੂਡ (ਮਨੋਸਥਿਤੀ) ਦੇ ਸਾਹਮਣੇ ਟਿਕ ਨਹੀਂ ਪਾ ਰਹੀਆਂ ਹਨ। ਮਾਹਿਰਾਂ ਦਾ ਕਹਿਣਾ ਹੈ ਕਿ 2026 ਦੀਆਂ ਚੋਣਾਂ ਇਹ ਸੰਕੇਤ ਦੇ ਰਹੀਆਂ ਹਨ ਕਿ ਭਾਰਤ ਦੀ ਰਾਜਨੀਤੀ ਇੱਕ ਵਾਰ ਫਿਰ ਕੇਂਦਰੀਕਰਨ ਵੱਲ ਵਧ ਰਹੀ ਹੈ। ਖੇਤਰੀ ਪਾਰਟੀਆਂ ਦਾ ਪ੍ਰਭਾਵ ਘਟ ਰਿਹਾ ਹੈ ਅਤੇ ਰਾਸ਼ਟਰੀ ਪਾਰਟੀਆਂ ਦਾ ਦਬਦਬਾ ਵਧਦਾ ਜਾ ਰਿਹਾ ਹੈ, ਜੋ ਆਉਣ ਵਾਲੀਆਂ ਚੋਣਾਂ ਵਿੱਚ ਹੋਰ ਸਪੱਸ਼ਟ ਹੋ ਸਕਦਾ ਹੈ।

ਤਾਮਿਲ ਪਛਾਣ ਦੀ ਰਾਜਨੀਤੀ ਵੀ ਨਹੀਂ ਬਚਾ ਸਕੀ ਡੀ. ਐੱਮ. ਕੇ. ਨੂੰ ਤਾਮਿਲਨਾਡੂ ਵਿੱਚ ਡੀ. ਐੱਮ. ਕੇ. ਨੇ ਚੋਣਾਂ ਤਾਮਿਲ ਮਾਣ ਅਤੇ ਖੇਤਰੀ ਅਸਮਿਤਾ (ਪਛਾਣ) ਦੇ ਮੁੱਦੇ ’ਤੇ ਲੜੀਆਂ ਪਰ ਸੱਤਾ ਵਿਰੋਧੀ ਲਹਿਰ ਇੰਨੀ ਮਜ਼ਬੂਤ ਰਹੀ ਕਿ ਮੁੱਖ ਮੰਤਰੀ ਐੱਮ. ਕੇ. ਸਟਾਲਿਨ ਖ਼ੁਦ ਆਪਣੀ ਸੀਟ ਨਹੀਂ ਬਚਾ ਸਕੇ। ਉਧਰ ਤਾਮਿਲਗਾ ਵੇਟਰੀ ਕੜਗਮ (ਟੀ. ਵੀ. ਕੇ.) ਇੱਕ ਨਵੇਂ ਖਿਡਾਰੀ ਵਜੋਂ ਉੱਭਰੀ, ਜਿਸ ਨੇ ਚੋਣ ਸਮੀਕਰਨ ਬਦਲ ਦਿੱਤੇ।

ਛੋਟੇ-ਛੋਟੇ ਕਿਲਿਆਂ ਦਾ ਢਹਿਣਾ ਜਾਰੀ

ਦੇਸ਼ ਭਰ ਵਿੱਚ ਖੇਤਰੀ ਪਾਰਟੀਆਂ ਦੀ ਸਥਿਤੀ ਕਮਜ਼ੋਰ ਹੁੰਦੀ ਵਿਖਾਈ ਦੇ ਰਹੀ ਹੈ। ਇਕ ਰਿਪੋਰਟ ਅਨੁਸਾਰ ਆਮ ਆਦਮੀ ਪਾਰਟੀ ਦਾ ਪ੍ਰਭਾਵ ਸੀਮਤ ਹੁੰਦਾ ਜਾ ਰਿਹਾ ਹੈ, ਜਦਕਿ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਵਰਗੀਆਂ ਪਾਰਟੀਆਂ ਹੁਣ ਲਗਭਗ ਇੱਕ ਰਾਜ ਤੱਕ ਸੀਮਤ ਹੋ ਚੁੱਕੀਆਂ ਹਨ। ਓਡਿਸ਼ਾ ਵਿੱਚ ਬੀਜੂ ਜਨਤਾ ਦਲ (ਬੀਜਦ) ਦੀ ਹਾਰ ਅਤੇ ਨਵੀਨ ਪਟਨਾਇਕ ਦੇ ਲੰਬੇ ਕਾਰਜਕਾਲ ਦਾ ਅੰਤ ਵੀ ਇਸ ਟ੍ਰੈਂਡ ਨੂੰ ਮਜ਼ਬੂਤ ਕਰਦਾ ਹੈ।

ਹਾਲਾਂਕਿ ਪੂਰੀ ਤਸਵੀਰ ਇਕਪਾਸੜ ਨਹੀਂ ਹੈ। ਝਾਰਖੰਡ ’ਚ ਝਾਰਖੰਡ ਮੁਕਤੀ ਮੋਰਚਾ ਨੇ ਭਾਜਪਾ ਨੂੰ ਹਰਾ ਕੇ ਆਪਣੀ ਪਕੜ ਬਣਾਈ ਰੱਖੀ, ਜਦੋਂ ਕਿ ਜੰਮੂ-ਕਸ਼ਮੀਰ ’ਚ ਜੰਮੂ ਅਤੇ ਕਸ਼ਮੀਰ ਨੈਸ਼ਨਲ ਕਾਨਫ਼ਰੰਸ ਹੁਣ ਵੀ ਮਜ਼ਬੂਤ ਬਣੀ ਹੋਈ ਹੈ।

1989 ਤੋਂ 2014 ਤੱਕ : ਗਠਜੋੜ ਯੁੱਗ ਦੀ ਕਹਾਣੀ

ਪਿਛਲੇ 2 ਸਾਲਾਂ ਵਿੱਚ ਚੋਣ ਰੁਝਾਨ ਸਪੱਸ਼ਟ ਤੌਰ ’ਤੇ ਰਾਸ਼ਟਰੀ ਪਾਰਟੀਆਂ ਦੇ ਪੱਖ ਵਿੱਚ ਜਾਂਦਾ ਵਿਖਾਈ ਦੇ ਰਿਹਾ ਹੈ। ਭਾਜਪਾ ਨੇ ਲਗਾਤਾਰ ਆਪਣਾ ਵਿਸਥਾਰ ਕੀਤਾ ਹੈ, ਜਦਕਿ ਕਾਂਗਰਸ ਬਿਹਤਰ ਪ੍ਰਦਰਸ਼ਨ ਦੇ ਬਾਵਜੂਦ ਖ਼ੁਦ ਨੂੰ ਮਜ਼ਬੂਤ ਬਦਲ ਵਜੋਂ ਸਥਾਪਿਤ ਨਹੀਂ ਕਰ ਸਕੀ ਹੈ।

1989 ਤੋਂ ਬਾਅਦ ਕਾਂਗਰਸ ਦੇ ਕਮਜ਼ੋਰ ਹੋਣ ਨਾਲ ਖੇਤਰੀ ਪਾਰਟੀਆਂ ਦਾ ਉਭਾਰ ਹੋਇਆ ਅਤੇ ਕਰੀਬ 25 ਸਾਲ ਤੱਕ ਗੱਠਜੋੜ ਰਾਜਨੀਤੀ ਦਾ ਦੌਰ ਚੱਲਿਆ। ਰਾਸ਼ਟਰੀ ਜਨਤੰਤ੍ਰਿਕ ਗੱਠਜੋੜ (ਐੱਨ. ਡੀ. ਏ.) ਅਤੇ ਸੰਯੁਕਤ ਪ੍ਰਗਤੀਸ਼ੀਲ ਗੱਠਜੋੜ (ਯੂ. ਪੀ. ਏ.) ਵਰਗੀਆਂ ਗੱਠਜੋੜ ਸਰਕਾਰਾਂ ਖੇਤਰੀ ਪਾਰਟੀਆਂ ਦੇ ਸਹਾਰੇ ਹੀ ਚੱਲਦੀਆਂ ਸਨ।

(ਬਾਕੀ ਸਫ਼ਾ 26 ’ਤੇ)

ਦਰਪਣ ਝੂਠ ਨਹੀਂ ਬੋਲਦਾ

ਪੰਜਾਬ ਰਾਜਨੀਤੀ ਵਿੱਚ ਭਾਜਪਾ ਦੀ 'ਹਮਲਾਵਰ ਨੀਤੀ' ਪਿੱਛੇ ਕੀ ਹੈ ਗੇਮ ਪਲਾਨ ?

➢ ਕਾਂਗਰਸ ਦੀ ਚੁੱਪ ਤੇ ਅਕਾਲੀਆਂ ਦੀ ਟਕਸਾਲੀ ਗੜ੍ਹਕ ਪਈ ਮੱਠੀ ➢ ਭਾਜਪਾ ਦੀ 'ਆਪ' ਨਾਲ 'ਨੂਰਾ-ਕੁਸ਼ਤੀ'

ਪੰਜਾਬ ਦੀ ਸਿਆਸਤ ਇਸ ਵੇਲੇ ਇੱਕ ਅਹਿਮ ਅਤੇ ਦਿਲਚਸਪ ਮੋੜ 'ਤੇ ਖੜ੍ਹੀ ਹੈ। ਵਿਧਾਨ ਸਭਾ ਚੋਣਾਂ ਵਿੱਚ ਅਜੇ ਭਾਵੇਂ ਕੁਝ ਮਹੀਨਿਆਂ ਦਾ ਸਮਾਂ ਬਾਕੀ ਹੈ, ਪਰ ਸੂਬੇ ਦੇ ਸਿਆਸੀ ਅਖਾੜੇ ਵਿੱਚ ਜਿਸ ਤਰ੍ਹਾਂ ਦੀ ਗਰਮਾ-ਗਰਮੀ ਦੇਖਣ ਨੂੰ ਮਿਲ ਰਹੀ ਹੈ, ਉਸ ਨੇ ਰਵਾਇਤੀ ਸਿਆਸੀ ਸਮੀਕਰਨਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਮੌਜੂਦਾ ਹਾਲਾਤ ਸੰਕੇਤ ਦੇ ਰਹੇ ਹਨ ਕਿ ਆਉਣ ਵਾਲਾ ਚੋਣ ਦੰਗਲ ਮੁੱਖ ਤੌਰ 'ਤੇ ਸੱਤਾਧਾਰੀ 'ਆਮ ਆਦਮੀ ਪਾਰਟੀ' (ਆਪ) ਅਤੇ 'ਭਾਰਤੀ ਜਨਤਾ ਪਾਰਟੀ' (ਭਾਜਪਾ) ਦੇ ਦਰਮਿਆਨ ਸਿੱਧੀ ਟੱਕਰ ਵੱਲ ਵਧ ਰਿਹਾ ਹੈ।

ਭਾਜਪਾ ਵੱਲੋਂ ਅਪਣਾਈ ਗਈ ਤਿੱਖੀ ਹਮਲਾਵਰ ਰਣਨੀਤੀ ਕਈ ਸਵਾਲ ਪੈਦਾ ਕਰਦੀ ਹੈ। ਕੇਂਦਰੀ ਏਜੰਸੀਆਂ ਦੀ ਸਰਗਰਮੀ ਅਤੇ ਸੂਬਾ ਸਰਕਾਰ ਦੇ ਨਜ਼ਦੀਕੀਆਂ 'ਤੇ ਹੋ ਰਹੀ ਛਾਪੇਮਾਰੀ ਨੇ ਜਿੱਥੇ 'ਆਪ' ਨੂੰ ਰੱਖਿਆਤਮਕ ਹੋਣ ਦੀ ਬਜਾਏ ਹੋਰ ਹਮਲਾਵਰ ਹੋਣ ਲਈ ਮਜਬੂਰ ਕੀਤਾ ਹੈ, ਉੱਥੇ ਹੀ ਇਸ ਟਕਰਾਅ ਨੇ ਸੂਬੇ ਦੀਆਂ ਦੋ ਮੁੱਖ ਰਿਵਾਇਤੀ ਧਿਰਾਂ 'ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ' ਨੂੰ ਫਿਲਹਾਲ ਮੁੱਖ ਚਰਚਾ ਤੋਂ ਲਾਂਭੇ ਕਰ ਦਿੱਤਾ ਹੈ। ਇਹ ਦੇਖਣਾ ਦਿਲਚਸਪ ਹੋਵੇਗਾ ਕਿ ਕੀ ਇਹ ਭਾਜਪਾ ਦੀ ਸੋਚੀ-ਸਮਝੀ ਰਣਨੀਤੀ ਹੈ ਕਿ ਉਹ ਖ਼ੁਦ ਨੂੰ ਪੰਜਾਬ ਵਿੱਚ ਮੁੱਖ ਵਿਰੋਧੀ ਧਿਰ ਵਜੋਂ ਸਥਾਪਿਤ ਕਰਨਾ ਚਾਹੁੰਦੀ ਹੈ?

ਦੂਜੇ ਪਾਸੇ, ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੀ ਸਿਆਸੀ ਰਣਨੀਤੀ ਵਿੱਚ ਵੱਡੀ ਤਬਦੀਲੀ ਲਿਆਂਦੀ ਹੈ। ਕੇਂਦਰ ਸਰਕਾਰ ਨਾਲ ਸਿੱਧਾ ਮੱਥਾ ਲਾ ਕੇ ਅਤੇ ਪੰਥਕ ਏਜੰਡੇ ਬੇਅਦਬੀ ਕਨੂੰਨ ਦੀ ਗੱਲ ਕਰਕੇ, ਪੰਜਾਬ ਦੇ ਹੱਕਾਂ ਦੀ ਗੱਲ ਕਰਕੇ ਉਹ ਉਸ 'ਪੰਜਾਬੀ ਮਾਨਸਿਕਤਾ' ਨੂੰ ਆਪਣੇ ਵੱਲ ਖਿੱਚ ਰਹੇ ਹਨ, ਜੋ ਰਵਾਇਤੀ ਤੌਰ 'ਤੇ ਅਕਾਲੀ ਦਲ ਦਾ ਅਧਾਰ ਰਹੀ ਹੈ। ਬੇਅਦਬੀ ਮਾਮਲਿਆਂ ਵਿੱਚ ਸਖ਼ਤ ਕਾਨੂੰਨ ਅਤੇ 'ਸ਼ੁਕਰਾਨਾ ਯਾਤਰਾ' ਰਾਹੀਂ ਧਾਰਮਿਕ ਏਜੰਡੇ 'ਤੇ ਚੱਲ ਕੇ ਉਨ੍ਹਾਂ ਨੇ ਅਕਾਲੀ ਦਲ ਦੇ ਪੰਥਕ ਏਜੰਡੇ ਨੂੰ ਵੱਡੀ ਸੱਟ ਮਾਰੀ ਹੈ। ਇਸ ਦਾ ਕਾਰਣ ਅਕਾਲੀ ਦਲ ਤੇ ਪੰਥਕ ਧਿਰਾਂ ਦਾ ਬੇਅਦਬੀ ਕਨੂੰਨ ਬਾਰੇ ਚੁੱਪ ਰਹਿਣਾ ਜਾਂ ਸਿਧਾਂਤਕ ਆਧਾਰ ਬਾਰੇ ਸਪਸ਼ਟ ਨਾ ਹੋਣਾ ਹੈ। ਕੇਂਦਰ ਦੇ 'ਪੰਜਾਬ ਵਿਰੋਧੀ ਰਵੱਈਏ' ਵਿਰੁੱਧ ਡਟ ਕੇ ਖੜ੍ਹਨਾ ਪੰਜਾਬੀ ਮਾਨਸਿਕਤਾ ਨੂੰ ਕਾਫੀ ਪ੍ਰਭਾਵਿਤ ਕਰ ਰਿਹਾ ਹੈ।

ਕਾਂਗਰਸ ਦੀ ਪੰਜਾਬ ਮਾਮਲਿਆਂ ਬਾਰੇ ਚੁੱਪ, ਜਨਤਕ ਸਰਗਰਮੀਆਂ ਦੀ ਘਾਟ ਅਤੇ ਅੰਦਰੂਨੀ ਖਿੱਚੋਤਾਣ ਉਸ ਲਈ ਘਾਤਕ ਸਾਬਤ ਹੋ ਰਹੀ ਹੈ। ਵਿਰੋਧੀ ਧਿਰ ਵਜੋਂ ਆਪਣੀ ਭੂਮਿਕਾ ਨੂੰ ਸਿਰਫ਼ ਮੀਡੀਆ ਤੱਕ ਸੀਮਤ ਰੱਖਣਾ ਕਾਂਗਰਸ ਨੂੰ ਜਨਤਕ ਅਧਾਰ ਤੋਂ ਦੂਰ ਕਰ ਸਕਦਾ ਹੈ। ਅਜਿਹੇ ਸਮੇਂ ਜਦੋਂ ਸੂਬੇ ਵਿੱਚ ਨਵੀਂਆਂ ਧਾਰਮਿਕ ਅਤੇ ਸਿਆਸੀ ਸਫ਼ਬੰਦੀਆਂ ਹੋ ਰਹੀਆਂ ਹਨ, ਕਾਂਗਰਸ ਦੀ ਸੁਸਤ ਰਫ਼ਤਾਰ ਉਸ ਦੇ ਭਵਿੱਖ 'ਤੇ ਸਵਾਲੀਆ ਚਿੰਨ੍ਹ ਲਾਉਂਦੀ ਹੈ।

ਅਕਾਲੀ ਦਲ ਪੁਨਰ ਸੁਰਜੀਤ ਵੀ ਯਤਨਸ਼ੀਲ ਹੈ, ਜਦਕਿ ਅੰਮ੍ਰਿਤਪਾਲ ਸਿੰਘ ਦਾ ਧੜਾ ਵੀ ਆਪਣੀ ਮੌਜੂਦਗੀ ਦਰਸਾ ਰਿਹਾ ਹੈ, ਪਰ 'ਆਪ'-ਭਾਜਪਾ ਦੀ ਤਕਰਾਰ ਵਿੱਚ ਇਨ੍ਹਾਂ ਦੀ ਆਵਾਜ਼ ਮੱਧਮ ਪੈਂਦੀ ਜਾ ਰਹੀ ਹੈ।

ਸੂਬੇ ਵਿੱਚ ਵਧ ਰਹੀ ਸਿਆਸੀ ਸਰਗਰਮੀ ਕਾਰਨ ਇਹ ਚਰਚਾਵਾਂ ਵੀ ਜ਼ੋਰਾਂ 'ਤੇ ਹਨ ਕਿ ਕੀ ਪੰਜਾਬ ਵਿੱਚ ਚੋਣਾਂ ਨਿਰਧਾਰਤ ਸਮੇਂ ਤੋਂ ਪਹਿਲਾਂ ਹੋ ਸਕਦੀਆਂ ਹਨ? ਫਰਵਰੀ ਵਿੱਚ ਹੋਣ ਵਾਲੀ ਮਰਦਮਸ਼ੁਮਾਰੀ ਅਤੇ ਟ੍ਰੇਨਿੰਗ ਪ੍ਰਕਿਰਿਆ ਨੂੰ ਦੇਖਦੇ ਹੋਏ ਚੋਣਾਂ ਦੇ ਸ਼ਡਿਊਲ ਵਿੱਚ ਤਬਦੀਲੀ ਦੀਆਂ ਅਟਕਲਾਂ ਲਗਾਈਆਂ ਜਾ ਰਹੀਆਂ ਹਨ, ਹਾਲਾਂਕਿ ਚੋਣ ਕਮਿਸ਼ਨ ਵੱਲੋਂ ਅਜੇ ਕੋਈ ਅਧਿਕਾਰਤ ਸੰਕੇਤ ਨਹੀਂ ਮਿਲਿਆ। ਫਿਲਹਾਲ ਪੰਜਾਬ ਦੀ ਸਿਆਸਤ ਇੱਕ ਅਜਿਹੇ ਮੋੜ 'ਤੇ ਹੈ ਜਿੱਥੇ 'ਆਪ' ਆਪਣੇ ਸ਼ਾਸਨ ਅਤੇ ਨਵੇਂ ਏਜੰਡੇ ਨਾਲ ਅਤੇ ਭਾਜਪਾ ਆਪਣੇ ਹਮਲਾਵਰ ਅੰਦਾਜ਼ ਨਾਲ ਇੱਕ-ਦੂਜੇ ਦੇ ਸਾਹਮਣੇ ਹਨ। ਕੀ ਇਹ ਸਿਰਫ਼ ਚੋਣਵੀਂ ਰਣਨੀਤੀ ਹੈ ਜਾਂ ਪੰਜਾਬ ਦੀ ਸਿਆਸਤ ਵਿੱਚ ਕਿਸੇ ਵੱਡੇ ਬਦਲਾਅ ਦਾ ਸੰਕੇਤ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ।

ਪੰਜਾਬ ਦੇ ਲੋਕ ਹਮੇਸ਼ਾ ਟਕਰਾਅ ਦੀ ਸਿਆਸਤ ਦੀ ਬਜਾਏ ਮੁੱਦਿਆਂ ਦੀ ਸਿਆਸਤ ਨੂੰ ਤਰਜੀਹ ਦਿੰਦੇ ਆਏ ਹਨ। ਮੌਜੂਦਾ ਸਮੇਂ ਵਿੱਚ ਜਿੱਥੇ ਸਿਆਸੀ ਪਾਰਟੀਆਂ ਇੱਕ-ਦੂਜੇ ਨੂੰ ਪਛਾੜਨ ਲਈ ਰਣਨੀਤੀਆਂ ਘੜ ਰਹੀਆਂ ਹਨ, ਉੱਥੇ ਸੂਬੇ ਦੇ ਅਸਲ ਮੁੱਦੇ ਜਿਵੇਂ ਕਿ ਬੇਰੁਜ਼ਗਾਰੀ, ਨਸ਼ਾ ਅਤੇ ਖੇਤੀਬਾੜੀ ਸੰਕਟ ਕਿਤੇ ਪਿੱਛੇ ਨਾ ਰਹਿ ਜਾਣ। ਅਗਲੇ ਛੇ ਮਹੀਨੇ ਪੰਜਾਬ ਦੀ ਸਿਆਸਤ ਲਈ ਬੇਹੱਦ ਨਿਰਣਾਇਕ ਹੋਣਗੇ। ਕੀ ਰਵਾਇਤੀ ਪਾਰਟੀਆਂ ਮੁੜ ਆਪਣੇ ਪੈਰਾਂ 'ਤੇ ਖੜ੍ਹੀਆਂ ਹੋ ਸਕਣਗੀਆਂ ਜਾਂ ਪੰਜਾਬ ਵਿੱਚ 'ਆਪ' ਤੇ ਭਾਜਪਾ ਦਾ ਇਹ ਨਵਾਂ 'ਦੋ-ਧਰੁਵੀ' ਮੁਕਾਬਲਾ ਪੱਕਾ ਹੋ ਜਾਵੇਗਾ? ਇਹ ਵੱਡਾ ਸਵਾਲ ਅੱਜ ਪੰਜਾਬ ਦੇ ਹਰ ਨਾਗਰਿਕ ਦੇ ਮਨ ਵਿੱਚ ਹੈ।

(ਬਾਕੀ ਸਫ਼ਾ 26 'ਤੇ)

ਬੰਗਾਲ 'ਚ ਜਮਹੂਰੀਅਤ ਦਾ ਸਸਕਾਰ : 27 ਲੱਖ ਵੋਟਾਂ ਕੱਟ ਕੇ ਕਿਵੇਂ ਬਦਲੀ ਗਈ ਸੱਤਾ ਦੀ ਤਸਵੀਰ ?

ਚੋਣ ਕਮਿਸ਼ਨ ਜਾਂ ਸੱਤਾ ਦਾ ਮੋਹਰਾ ? ਨਿਰਪੱਖਤਾ ਦੇ ਦਾਅਵਿਆਂ ਦਾ ਹੋਇਆ ਪਰਦਾਫਾਸ਼

ਪੱਛਮੀ ਬੰਗਾਲ ਦੀਆਂ 2026 ਦੀਆਂ ਚੋਣਾਂ ਭਾਰਤੀ ਲੋਕਤੰਤਰ ਦੇ ਇਤਿਹਾਸ ਵਿੱਚ ਇੱਕ ਅਜਿਹੇ ਕਾਲੇ ਅਧਿਆਏ ਵਜੋਂ ਦਰਜ ਹੋ ਗਈਆਂ ਹਨ, ਜਿਸ ਨੇ ਸੰਵਿਧਾਨਕ ਸੰਸਥਾਵਾਂ ਦੀ ਨਿਰਪੱਖਤਾ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਇੱਕ ਪਾਸੇ ਭਾਰਤ ਆਪਣੇ ਆਪ ਨੂੰ 'ਲੋਕਤੰਤਰ ਦੀ ਜਣਨੀ' ਅਖਵਾਉਂਦਾ ਹੈ, ਪਰ ਦੂਜੇ ਪਾਸੇ 27 ਲੱਖ ਤੋਂ ਵੱਧ ਜਿਉਂਦੇ-ਜਾਗਦੇ ਵੋਟਰਾਂ ਨੂੰ ਕਾਗਜ਼ਾਂ ਵਿੱਚ ਮੁਰਦਾ ਜਾਂ ਸ਼ੱਕੀ ਦਿਖਾ ਕੇ ਚੋਣ ਪ੍ਰਕਿਰਿਆ ਤੋਂ ਬਾਹਰ ਕਰ ਦਿੱਤਾ ਗਿਆ। ਇਹ ਸਿਰਫ਼ ਤਕਨੀਕੀ ਗਲਤੀ ਨਹੀਂ, ਸਗੋਂ ਜਿਉਂਦੇ ਮਨੁੱਖਾਂ ਦਾ ਪ੍ਰਬੰਧਕੀ ਕਤਲੇਆਮ ਹੈ।

ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦੀ ਸੋਧ ਦੇ ਨਾਂਅ 'ਤੇ ਜੋ ਖੇਡ ਖੇਡੀ ਗਈ, ਉਹ ਕਿਸੇ ਵੱਡੀ ਸਾਜ਼ਿਸ਼ ਤੋਂ ਘੱਟ ਨਹੀਂ ਜਾਪਦੀ। ਜਦੋਂ ਦੇਸ਼ ਕੋਲ ਅਰਬਾਂ ਰੁਪਏ ਖਰਚ ਕੇ ਬਣਾਇਆ ਗਿਆ ਡਾਟਾਬੇਸ ਮੌਜੂਦ ਸੀ, ਤਾਂ ਉਸ ਦਾ ਇਸਤੇਮਾਲ ਵੋਟਰਾਂ ਦੀ ਪਛਾਣ ਦੀ ਪੁਸ਼ਟੀ ਲਈ ਕਿਉਂ ਨਹੀਂ ਕੀਤਾ ਗਿਆ? ਇਸ ਦੀ ਬਜਾਏ, ਲੱਖਾਂ ਗਰੀਬ ਅਤੇ ਆਮ ਨਾਗਰਿਕਾਂ ਨੂੰ ਸਰਕਾਰੀ ਦਫ਼ਤਰਾਂ ਦੀਆਂ ਚੌਖਟਾਂ 'ਤੇ ਆਪਣੀ 'ਹੋਂਦ' ਸਾਬਤ ਕਰਨ ਲਈ ਖੱਲ੍ਹੇਆਮ ਰੁਲਣ ਲਈ ਛੱਡ ਦਿੱਤਾ ਗਿਆ।

ਹੈਰਾਨੀ ਦੀ ਗੱਲ ਇਹ ਹੈ ਕਿ ਸੁਪਰੀਮ ਕੋਰਟ ਨੇ ਵੀ ਇਸ ਮਾਮਲੇ ਵਿੱਚ ਕੋਈ ਸਖ਼ਤ ਰੁਖ਼ ਅਖਤਿਆਰ ਨਹੀਂ ਕੀਤਾ। ਵੋਟਰਾਂ ਨੂੰ ਤੁਰੰਤ ਰਾਹਤ ਦੇਣ ਦੀ ਬਜਾਏ, ਉਨ੍ਹਾਂ ਨੂੰ 'ਨਿਆਇਕ ਟ੍ਰਿਬਿਊਨਲ' ਦੇ ਚੱਕਰਾਂ ਵਿੱਚ ਪਾ ਦਿੱਤਾ ਗਿਆ। ਨਤੀਜਾ ਇਹ ਨਿਕਲਿਆ ਕਿ 27 ਲੱਖ ਲੋਕਾਂ ਵਿੱਚੋਂ ਵੋਟਾਂ

ਪੈਣ ਤੱਕ ਸਿਰਫ਼ 1,717 ਲੋਕ ਹੀ ਕਾਗਜ਼ਾਂ ਵਿੱਚ ਵਾਪਸ 'ਜਿਉਂਦੇ' ਹੋ ਸਕੇ। ਬਾਕੀ ਲੱਖਾਂ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਖਤਮ ਕਰ ਦਿੱਤਾ ਗਿਆ।

ਚੋਣ ਨਤੀਜਿਆਂ ਦੇ ਅੰਕੜੇ ਇਸ ਸਾਰੀ ਪ੍ਰਕਿਰਿਆ ਦੀ ਕੜੀ ਨੂੰ ਹੋਰ ਵੀ ਸਪੱਸ਼ਟ ਕਰਦੇ ਹਨ। ਜਿਨ੍ਹਾਂ 49 ਸੀਟਾਂ 'ਤੇ ਵੋਟਰਾਂ ਦੇ ਨਾਮ ਵੱਡੀ ਗਿਣਤੀ ਵਿੱਚ ਕੱਟੇ ਗਏ ਸਨ, ਉੱਥੇ ਸਿਆਸੀ ਸਮੀਕਰਨ ਪੂਰੀ ਤਰ੍ਹਾਂ ਬਦਲ ਗਏ। ਕੀ ਇਹ ਸਿਰਫ਼ ਇਤਫ਼ਾਕ ਹੈ ਕਿ 2021 ਵਿੱਚ ਜਿਸ ਪਾਰਟੀ ਕੋਲ ਇਨ੍ਹਾਂ ਵਿੱਚੋਂ ਸਿਰਫ਼ ਇੱਕ ਸੀਟ ਸੀ, ਉਹ ਹੁਣ ਅੱਧੇ ਤੋਂ ਵੱਧ ਸੀਟਾਂ 'ਤੇ ਕਾਬਜ਼ ਹੋ ਗਈ?

ਅੱਜ ਦੀ ਅਫ਼ਸਰਸ਼ਾਹੀ 'ਤੇ ਸੱਤਾ ਦੇ ਗੁਲਾਮ ਹੋਣ ਦੇ ਲੱਗ ਰਹੇ ਦੋਸ਼ ਦੇਸ਼ ਦੇ ਲੋਕਤੰਤਰੁ ਭਵਿੱਖ ਲਈ ਖ਼ਤਰਨਾਕ ਹਨ। ਜੇਕਰ ਚੋਣ ਕਮਿਸ਼ਨ ਵਰਗੀਆਂ ਸੰਸਥਾਵਾਂ ਸਿਰਫ਼ ਸੱਤਾਧਾਰੀ ਧਿਰ ਦੀ ਮਰਜ਼ੀ ਅਨੁਸਾਰ ਕੰਮ ਕਰਨ ਲੱਗ ਪੈਣ, ਤਾਂ ਲੋਕਤੰਤਰ ਦੀ ਬੁਨਿਆਦ ਹਿੱਲਣੀ ਲਾਜ਼ਮੀ ਹੈ। ਵਿਰੋਧੀ ਧਿਰ ਦੀ ਚੁੱਪ ਅਤੇ ਰਣਨੀਤਕ ਅਸਫਲਤਾ ਵੀ ਇਸ ਗੁਨਾਹ ਵਿੱਚ ਬਰਾਬਰ ਦੀ ਹਿੱਸੇਦਾਰ ਹੈ।

ਅੰਤ ਵਿੱਚ, ਇਹ ਸਿਰਫ਼ ਬੰਗਾਲ ਦੀ ਗੱਲ ਨਹੀਂ ਹੈ। ਜੇਕਰ 'ਜਿਉਂਦੇ ਵੋਟਰਾਂ ਨੂੰ ਮੁਰਦਾ ਬਣਾਉਣ' ਦਾ ਇਹ ਸਿਲਸਿਲਾ 2029 ਤੱਕ ਇਸੇ ਤਰ੍ਹਾਂ ਚੱਲਦਾ ਰਿਹਾ, ਤਾਂ ਭਾਰਤ ਵਿੱਚ ਵੋਟ ਦਾ ਅਧਿਕਾਰ ਸਿਰਫ਼ ਇੱਕ ਭਰਮ ਰਹਿ ਜਾਵੇਗਾ। ਲੋਕਤੰਤਰ ਨੂੰ ਬਚਾਉਣ ਲਈ ਅਦਾਲਤਾਂ, ਨਾਗਰਿਕ ਸਮਾਜ ਅਤੇ ਸੰਸਥਾਵਾਂ ਨੂੰ ਆਪਣੀ ਜ਼ਮੀਰ ਜਗਾਉਣੀ ਪਵੇਗੀ, ਨਹੀਂ ਤਾਂ ਇਤਿਹਾਸ ਲਿਖੇਗਾ ਕਿ ਅਸੀਂ ਆਪਣੇ ਹੱਥੀਂ ਆਪਣੇ ਲੋਕਤੰਤਰ ਦਾ ਗਲਾ ਘੁੱਟਿਆ ਹੈ।

ਅਮਰੀਕਾ ਨੇ ਜਨਤਕ ਕੀਤੇ ਏਲੀਅਨਜ਼ ਅਤੇ ਯੂ.ਐਫ.ਓ. ਨਾਲ ਜੁੜੇ ਰਾਜ਼

ਪੈਂਟਾਗਨ ਦਾ ਕਬੂਲਨਾਮਾ: ਆਕਾਸ਼ 'ਚ ਉੱਡ ਰਹੀਆਂ ਹਨ ਅਜਿਹੀਆਂ ਚੀਜ਼ਾਂ, ਜੋ ਵਿਗਿਆਨ ਦੀ ਸਮਝ ਤੋਂ ਬਾਹਰ ਹੈ

ਬ੍ਰਹਿਮੰਡ ਦੀਆਂ ਬੇਅੰਤ ਗਹਿਰਾਈਆਂ ਵਿੱਚ ਕੀ ਇਨਸਾਨੀ ਸਭਿਅਤਾ ਤੋਂ ਇਲਾਵਾ ਵੀ ਕੋਈ ਜੀਵਨ ਮੌਜੂਦ ਹੈ? ਇਹ ਸਵਾਲ ਦਹਾਕਿਆਂ ਤੋਂ ਵਿਗਿਆਨੀਆਂ ਅਤੇ ਆਮ ਲੋਕਾਂ ਲਈ ਉਤਸੁਕਤਾ ਦਾ ਵਿਸ਼ਾ ਰਿਹਾ ਹੈ। ਹਾਲ ਹੀ ਵਿੱਚ ਅਮਰੀਕੀ ਰੱਖਿਆ ਵਿਭਾਗ ਵੱਲੋਂ ਜਨਤਕ ਕੀਤੀਆਂ ਗਈਆਂ ਏਲੀਅਨਜ਼ ਦੀਆਂ ਫਾਈਲਾਂ ਨੇ ਇਸ ਬਹਿਸ ਨੂੰ ਇੱਕ ਨਵਾਂ ਮੋੜ ਦੇ ਦਿੱਤਾ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਿਰਦੇਸ਼ਾਂ 'ਤੇ ਜਾਰੀ ਕੀਤੇ ਗਏ ਇਹ ਦਸਤਾਵੇਜ਼ ਸਿਰਫ਼ ਸਰਕਾਰੀ ਕਾਗਜ਼ਾਤ ਨਹੀਂ ਹਨ, ਸਗੋਂ ਪੁਲਾੜ ਯਾਤਰੀਆਂ ਦੇ ਉਹ ਅਨੁਭਵ ਹਨ ਜੋ ਹੁਣ ਤੱਕ ਗੁਪਤ ਰੱਖੇ ਗਏ ਸਨ। ਜਦੋਂ ਅਪੋਲੋ ਅਤੇ ਜੈਮਿਨੀ ਵਰਗੇ ਵੱਕਾਰੀ ਮਿਸ਼ਨਾਂ ਦੇ ਯਾਤਰੀ ਪੁਲਾੜ ਵਿੱਚ ਅਣਪਛਾਤੀਆਂ ਰੋਸ਼ਨੀਆਂ ਅਤੇ ਅਜੀਬ ਕਣਾਂ ਦਾ ਜ਼ਿਕਰ ਕਰਦੇ ਹਨ, ਤਾਂ ਇਸ ਨੂੰ ਮਹਿਜ਼ ਕਲਪਨਾ ਕਹਿ ਕੇ ਨਕਾਰਿਆ ਨਹੀਂ ਜਾ ਸਕਦਾ।ਜੈਮਿਨੀ 7 ਮਿਸ਼ਨ ਵਿੱਚ ਫਰੈਂਕ ਬੋਰਮੈਨ ਨੇ ਯਾਨ ਦੇ ਆਲੇ-ਦੁਆਲੇ ਰਹੱਸਮਈ ਕਣਾਂ ਅਤੇ ਕਿਸੇ ਅਣਪਛਾਤੀ ਚੀਜ਼ ਦਾ ਜ਼ਿਕਰ ਕੀਤਾ, ਜਿਸ ਨੂੰ ਅੱਜ ਯੂ.ਐਫ.ਓ. ਦੀਆਂ ਚਰਚਾਵਾਂ ਨਾਲ ਜੋੜਿਆ ਜਾ ਰਿਹਾ ਹੈ। ਇਸੇ ਤਰ੍ਹਾਂ, ਚੰਦਰਮਾ 'ਤੇ ਪਹਿਲੀ ਵਾਰ ਕਦਮ ਰੱਖਣ ਵਾਲੇ ਮਿਸ਼ਨ (ਅਪੋਲੋ 11) ਦੇ ਯਾਤਰੀ ਬਜ਼ ਐਲਡ੍ਰਿਨ ਨੇ ਇੱਕ ਬਹੁਤ ਹੀ ਤੇਜ਼ ਰੋਸ਼ਨੀ ਦੇਖੀ ਸੀ, ਜਿਸ ਨੂੰ ਉਨ੍ਹਾਂ ਨੇ ਲੇਜ਼ਰ ਵਰਗਾ ਦੱਸਿਆ।ਬਾਅਦ ਦੇ ਮਿਸ਼ਨਾਂ, ਜਿਵੇਂ ਅਪੋਲੋ 12 ਅਤੇ 17 ਵਿੱਚ ਵੀ ਯਾਤਰੀਆਂ ਨੇ ਅਜਿਹੇ ਨਜ਼ਾਰੇ ਦੇਖੇ ਸਨ ਜੋ ਆਤਿਸ਼ਬਾਜ਼ੀ ਵਾਂਗ ਚਮਕਦਾਰ ਸਨ। ਇਹ ਸਾਰੇ ਵੇਰਵੇ ਦਹਾਕਿਆਂ ਤੱਕ

ਗੁਪਤ ਰੱਖੇ ਗਏ ਸਨ, ਪਰ ਹੁਣ ਇਨ੍ਹਾਂ ਦੇ ਜਨਤਕ ਹੋਣ ਨਾਲ ਇਹ ਸਵਾਲ ਖੜ੍ਹਾ ਹੋ ਗਿਆ ਹੈ ਕਿ ਕੀ ਪੁਲਾੜ ਯਾਤਰੀਆਂ ਦਾ ਸਾਹਮਣਾ ਕਿਸੇ ਅਜਿਹੀ ਸ਼ਕਤੀ ਜਾਂ ਤਕਨੀਕ ਨਾਲ ਹੋਇਆ ਸੀ ਜੋ ਧਰਤੀ ਦੇ ਇਨਸਾਨਾਂ ਦੀ ਸਮਝ ਤੋਂ ਬਾਹਰ ਹੈ। ਹਾਲਾਂਕਿ ਕੁਝ ਵਿਗਿਆਨੀ ਇਸ ਨੂੰ ਬਰਫ਼ ਦੇ ਟੁਕੜਿਆਂ ਜਾਂ ਮਸ਼ੀਨੀ ਪ੍ਰਕਿਰਿਆਵਾਂ ਦਾ ਪ੍ਰਤੀਬਿੰਬ ਵੀ ਮੰਨਦੇ ਹਨ, ਪਰ ਇਹ ਦਸਤਾਵੇਜ਼ ਏਲੀਅਨਜ਼ ਅਤੇ ਅਣਪਛਾਤੀਆਂ ਉੱਡਣ ਤਸ਼ਤਰੀਆਂ ਦੀ ਮੌਜੂਦਗੀ ਬਾਰੇ ਨਵੀਂ ਬਹਿਸ ਨੂੰ ਛੇੜਦੇ ਹਨ।

ਇਨ੍ਹਾਂ ਖੁਲਾਸਿਆਂ ਦਾ ਸਭ ਤੋਂ ਅਹਿਮ ਪਹਿਲੂ ਪਾਰਦਰਸ਼ਤਾ ਹੈ। ਲੰਬੇ ਸਮੇਂ ਤੋਂ ਇਹ ਦੋਸ਼ ਲੱਗਦੇ ਰਹੇ ਹਨ ਕਿ ਦੁਨੀਆ ਦੀਆਂ ਮਹਾਂਸ਼ਕਤੀਆਂ ਦੂਜੇ ਗ੍ਰਹਿਆਂ 'ਤੇ ਜੀਵਨ ਨਾਲ ਜੁੜੇ ਤੱਥਾਂ ਨੂੰ ਲੁਕਾ ਰਹੀਆਂ ਹਨ। ਹਾਲਾਂਕਿ, ਪੈਂਟਾਗਨ ਵੱਲੋਂ ਜਾਰੀ ਕੀਤੀਆਂ ਗਈਆਂ 161 ਫਾਈਲਾਂ ਵਿੱਚ ਕਿਸੇ ਏਲੀਅਨ ਦੇ ਮਿਲਣ ਦਾ ਸਿੱਧਾ ਦਾਅਵਾ ਨਹੀਂ ਕੀਤਾ ਗਿਆ, ਪਰ ਅਣਪਛਾਤੀਆਂ ਉੱਡਣ ਤਸ਼ਤਰੀਆਂ ਅਤੇ ਅਸਮਾਨ ਵਿੱਚ ਦਿਖਣ ਵਾਲੀਆਂ ਅਜੀਬੋ-ਗਰੀਬ ਹਰਕਤਾਂ ਦੀ ਪੁਸ਼ਟੀ ਜ਼ਰੂਰ ਹੁੰਦੀ ਹੈ। ਇਰਾਕ ਅਤੇ ਸੀਰੀਆ ਵਰਗੇ ਦੇਸ਼ਾਂ ਵਿੱਚ ਅਮਰੀਕੀ ਫ਼ੌਜ ਵੱਲੋਂ ਰਿਕਾਰਡ ਕੀਤੇ ਗਏ ਵੀਡੀਓ ਇਸ ਗੱਲ ਵੱਲ ਇਸ਼ਾਰਾ ਕਰਦੇ ਹਨ ਕਿ ਸਾਡੇ ਆਲੇ-ਦੁਆਲੇ ਕੁਝ ਅਜਿਹਾ ਜ਼ਰੂਰ ਹੈ ਜਿਸ ਨੂੰ ਮੌਜੂਦਾ ਮਨੁੱਖੀ ਤਕਨੀਕ ਨਾਲ ਸਮਝਣਾ ਫਿਲਹਾਲ ਮੁਸ਼ਕਿਲ ਹੈ।ਇਹ ਘਟਨਾ ਸਾਨੂੰ ਇਸ ਗੱਲ 'ਤੇ ਵਿਚਾਰ ਕਰਨ ਲਈ ਮਜਬੂਰ ਕਰਦੀ ਹੈ ਕਿ ਵਿਗਿਆਨਕ ਪ੍ਰਗਤੀ ਦੇ ਇਸ ਦੌਰ ਵਿੱਚ ਸਾਨੂੰ ਆਪਣੀ ਸੋਚ ਦੇ ਦਾਇਰੇ ਨੂੰ ਹੋਰ ਵਿਸ਼ਾਲ ਕਰਨ ਦੀ ਲੋੜ ਹੈ। ਜੇਕਰ ਬਰਾਕ ਓਬਾਮਾ ਵਰਗੇ ਆਗੂ ਬਾਹਰੀ ਪੁਲਾੜ ਵਿੱਚ ਜੀਵਨ ਦੀ ਸੰਭਾਵਨਾ ਨੂੰ ਸਵੀਕਾਰਦੇ ਹਨ, ਤਾਂ ਇਸਦਾ ਮਤਲਬ ਹੈ ਕਿ ਅਸੀਂ ਇੱਕ ਨਵੇਂ ਯੁੱਗ ਦੀ ਦਹਿਲੀਜ਼ 'ਤੇ ਖੜ੍ਹੇ ਹਾਂ। ਇਹ ਫਾਈਲਾਂ ਸਿਰਫ਼ ਅਮਰੀਕਾ ਦਾ ਅੰਦਰੂਨੀ ਮਾਮਲਾ ਨਹੀਂ ਹਨ, ਸਗੋਂ ਸਮੁੱਚੀ ਮਨੁੱਖਤਾ ਲਈ ਇੱਕ ਸੰਦੇਸ਼ ਹਨ ਕਿ ਬ੍ਰਹਿਮੰਡ ਦੇ ਕਈ ਰਹੱਸ ਅਜੇ ਵੀ ਸਾਡੀ ਪਹੁੰਚ ਤੋਂ ਬਾਹਰ ਹਨ। ਆਉਣ ਵਾਲੇ ਸਮੇਂ ਵਿੱਚ ਹੋਣ ਵਾਲੇ ਹੋਰ ਖੁਲਾਸੇ ਸ਼ਾਇਦ ਸਦੀਆਂ ਪੁਰਾਣੀ ਇਸ ਪਹੇਲੀ ਨੂੰ ਸੁਲਝਾ ਸਕਣ ਕਿ ਕੀ ਅਸੀਂ ਇਸ ਅਨੰਤ ਅਸਮਾਨ ਵਿੱਚ ਇਕੱਲੇ ਹਾਂ ਜਾਂ ਕੋਈ ਹੋਰ ਵੀ ਸਾਡੇ 'ਤੇ ਨਜ਼ਰ ਰੱਖ ਰਿਹਾ ਹੈ।

ਕੀ ਨਵੇਂ ਬੇਅਦਬੀ ਕਾਨੂੰਨ ਕਾਰਨ ਸਿੱਖ ਗੁਰੂ ਗ੍ਰੰਥ ਸਾਹਿਬ ਨਾਲੋਂ ਨਾਤਾ ਤੋੜ ਲੈਣਗੇ?

ਜਥੇਦਾਰ ਜੀ ਕਾਨੂੰਨ ਵਿੱਚ ਸੋਧਾਂ ਮੰਗਣ ਦੀ ਬਜਾਇ ਗੁਰੂ ਗ੍ਰੰਥ ਸਾਹਿਬ ਦਾ ਰੁਤਬਾ ਜਾਗਤਿ ਜੋਤਿ ਬਚਾਉ

ਪੰਜਾਬ ਸਰਕਾਰ ਵੱਲੋਂ ਲਾਗੂ ਕੀਤੇ ਗਏ ਨਵੇਂ ਬੇਅਦਬੀ ਵਿਰੋਧੀ ਕਾਨੂੰਨ (2026) ਨੇ ਅੱਜ ਸਿੱਖ ਜਗਤ ਵਿੱਚ ਇੱਕ ਅਜਿਹੀ ਦੁਬਿਧਾ ਪੈਦਾ ਕਰ ਦਿੱਤੀ ਹੈ, ਜਿਸ ਦੀ ਮਿਸਾਲ ਇਤਿਹਾਸ ਵਿੱਚ ਨਹੀਂ ਮਿਲਦੀ। ਜਿਹੜੀ ਗੁਰਬਾਣੀ ਸਿੱਖ ਨੂੰ 'ਨਿਰਭਉ' ਅਤੇ 'ਨਿਰਵੈਰ' ਹੋਣ ਦਾ ਮਾਰਗ ਦੱਸਦੀ ਹੈ, ਅੱਜ ਉਸੇ ਗੁਰਬਾਣੀ ਦੇ ਪਾਵਨ ਸਰੂਪਾਂ ਅਤੇ ਗੁਟਕਾ ਸਾਹਿਬ ਨੂੰ ਘਰਾਂ ਵਿੱਚ ਰੱਖਣ ਤੋਂ ਸਿੱਖ ਸ਼ਰਧਾਲੂ ਭੈਅ ਖਾ ਰਹੇ ਹਨ।

ਅੰਗਰੇਜ਼ੀ ਦੀ ਪ੍ਰਸਿੱਧ ਅਖਬਾਰ ਹਿੰਦੋਸਤਾਨ ਟਾਈਮਜ਼ ਅਨੁਸਾਰ ਸੰਗਰੂਰ ਅਤੇ ਹੋਰ ਇਲਾਕਿਆਂ ਤੋਂ ਸੰਗਤਾਂ ਵੱਲੋਂ ਸਮੂਹਿਕ ਤੌਰ 'ਤੇ ਪਾਵਨ ਪੋਥੀਆਂ ਗੁਰਦੁਆਰਿਆਂ ਵਿੱਚ ਜਮ੍ਹਾਂ ਕਰਵਾਈਆਂ ਜਾ ਰਹੀਆਂ ਹਨ। ਸੰਗਰੂਰ ਜ਼ਿਲ੍ਹੇ ਦੇ ਸੁਨਾਮ ਇਲਾਕੇ ਵਿੱਚ ਸੱਤ ਗੁਰਦੁਆਰਾ ਸਾਹਿਬਾਨ ਦੇ ਨੁਮਾਇੰਦਿਆਂ ਨੇ ਪਿਛਲੇ ਦਿਨੀਂ ਗੁਰਦੁਆਰਾ ਨਨਕਿਆਣਾ ਸਾਹਿਬ ਵਿਖੇ ਇਕੱਠੇ ਹੋ ਕੇ ਸ਼ਰਧਾਲੂਆਂ ਵੱਲੋਂ ਮੋੜੇ ਗਏ 452 ਗੁਟਕਾ ਸਾਹਿਬ ਅਤੇ ਪੋਥੀਆਂ ਜਮ੍ਹਾਂ ਕਰਵਾਈਆਂ ਸਨ। 20 ਅਪ੍ਰੈਲ 2026 ਨੂੰ ਲਾਗੂ ਹੋਏ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ' ਤਹਿਤ ਬੇਅਦਬੀ ਦੇ ਦੋਸ਼ੀਆਂ ਲਈ ਉਮਰ ਕੈਦ ਅਤੇ 25 ਲੱਖ ਰੁਪਏ ਤੱਕ ਦੇ ਜੁਰਮਾਨੇ ਦੀ ਵਿਵਸਥਾ ਹੈ।

ਸ਼ਰਧਾਲੂਆਂ ਦਾ ਮੰਨਣਾ ਹੈ ਕਿ ਨਿਤਨੇਮ ਜਾਂ ਸੇਵਾ ਦੌਰਾਨ ਅਣਜਾਣੇ ਵਿੱਚ ਹੋਈ ਕੋਈ ਵੀ ਗਲਤੀ ਹੁਣ ਉਨ੍ਹਾਂ ਨੂੰ ਜੇਲ੍ਹ ਪਹੁੰਚਾ ਸਕਦੀ ਹੈ। ਕੁਝ ਸਿੱਖਾਂ ਨੇ ਹੁਣ ਘਰਾਂ ਵਿੱਚ ਪਾਠ ਕਰਨ ਦੀ ਬਜਾਏ ਗੁਰਦੁਆਰਾ ਸਾਹਿਬ ਜਾ ਕੇ ਨਿਤਨੇਮ ਕਰਨ ਨੂੰ ਪਹਿਲ ਦੇਣੀ ਸ਼ੁਰੂ ਕਰ ਦਿੱਤੀ ਹੈ।

ਹਿੰਦੋਸਤਾਨ ਟਾਈਮਜ਼ ਦੀ ਖ਼ਬਰ ਅਨੁਸਾਰ ਸੁਨਾਮ ਦੇ ਗੁਰਦੁਆਰਾ ਹਰਗੋਬਿੰਦਪੁਰਾ ਦੇ ਮੁੱਖ ਗ੍ਰੰਥੀ ਸਵਰਨਜੀਤ ਸਿੰਘ ਨੇ ਦੱਸਿਆ ਕਿ ਸਰਕਾਰ ਦੇ ਇਸ ਫੈਸਲੇ ਨੇ ਸ਼ਰਧਾਲੂਆਂ ਦੇ ਮਨਾਂ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਕਰ ਦਿੱਤੀ ਹੈ। ਅਜਿਹਾ ਹੀ ਹਾਲ ਸ਼ਹੀਦ ਭਗਤ ਸਿੰਘ ਨਗਰ, ਬੰਗਾ ਅਤੇ ਹੋਰ ਇਲਾਕਿਆਂ ਵਿੱਚ ਵੀ ਦੇਖਣ ਨੂੰ ਮਿਲ ਰਿਹਾ ਹੈ, ਜਿੱਥੇ ਕਈ ਪਰਿਵਾਰ ਪੋਥੀਆਂ ਵਾਪਸ ਕਰ ਚੁੱਕੇ ਹਨ।

ਇੱਕ ਡੇਰੇ ਦੇ ਪ੍ਰਧਾਨ ਅਮਰੀਕ ਸਿੰਘ ਬੱਲੋਵਾਲ ਅਨੁਸਾਰ ਹੁਣ ਪਿੰਡਾਂ ਦੀਆਂ ਗੁਰਦੁਆਰਾ ਕਮੇਟੀਆਂ ਵੀ ਸਹਿਜ ਪਾਠ ਜਾਂ ਅਖੰਡ ਪਾਠ ਲਈ ਪਾਵਨ ਸਰੂਪ ਦੇਣ ਤੋਂ ਗੁਰੇਜ਼ ਕਰ ਰਹੀਆਂ ਹਨ, ਕਿਉਂਕਿ ਕਾਨੂੰਨ ਮੁਤਾਬਕ ਕਿਸੇ ਵੀ ਅਣਸੁਖਾਵੀਂ ਘਟਨਾ ਲਈ ਮੁੱਖ ਸੇਵਾਦਾਰ ਜਾਂ ਕਸਟੋਡੀਅਨ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇਗਾ।

— ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋਫੈਸਰ ਪਰਮਵੀਰ ਸਿੰਘ ਅਨੁਸਾਰ, ਇਸ ਕਾਨੂੰਨ ਦਾ ਅਸਰ ਧਾਰਮਿਕ ਖੋਜ ਕਰ ਰਹੇ ਵਿਦਿਆਰਥੀਆਂ 'ਤੇ ਵੀ ਪਵੇਗਾ। ਖੋਜਾਰਥੀ ਜੋ ਪਹਿਲਾਂ ਸਿੱਖਣ ਲਈ ਹਵਾਲਿਆਂ 'ਤੇ ਨਿਸ਼ਾਨ ਲਗਾਉਂਦੇ ਸਨ, ਹੁਣ ਅਜਿਹਾ ਕਰਨ ਤੋਂ ਡਰਨਗੇ ਕਿ ਕਿਤੇ ਇਸ ਨੂੰ ਬੇਅਦਬੀ ਦੇ ਦਾਇਰੇ ਵਿੱਚ ਨਾ ਲਿਆਂਦਾ ਜਾਵੇ।

ਮਤਲਬ ਇਹ ਕਾਨੂੰਨ ਕਾਰਣ ਗੁਰਮਤਿ ਖੋਜ ਦਾ ਕਾਰਜ ਬੰਦ ਹੋ ਰਿਹਾ ਹੈ।

ਇਹ ਕੁਝ ਮੌਕਾਪ੍ਰਸਤ ਪੰਥਕ ਆਗੂਆਂ ਅਤੇ ਕੁਝ ਖ਼ੁਦਗਰਜ਼ ਮੋਰਚੇਬਾਜ਼ਾਂ ਲਈ ਇੱਕ ਵੱਡਾ ਸਵਾਲੀਆ ਨਿਸ਼ਾਨ ਹਨ, ਜਿਨ੍ਹਾਂ ਦੇ ਗਲਤ ਫੈਸਲਿਆਂ ਕਾਰਣ ਸਿੱਖ ਗੁਰਬਾਣੀ ਤੇ ਗੁਰੂ ਗ੍ਰੰਥ ਸਾਹਿਬ ਤੋਂ ਟੁੱਟ ਰਹੇ ਹਨ।

ਸਭ ਤੋਂ ਪਹਿਲਾਂ ਸਵਾਲ ਉਨ੍ਹਾਂ ਧਿਰਾਂ 'ਤੇ ਉੱਠਦਾ ਹੈ ਜਿਨ੍ਹਾਂ ਨੇ ਭਾਵਨਾਵਾਂ ਦੀ ਸਿਆਸਤ ਕਰਦਿਆਂ ਸਮਾਣਾ ਮੋਰਚੇ ਵਰਗੇ ਮੰਚਾਂ ਤੋਂ ਸਰਕਾਰ 'ਤੇ ਸਖ਼ਤ ਕਾਨੂੰਨ ਬਣਾਉਣ ਲਈ ਦਬਾਅ ਪਾਇਆ। ਅਮਿਤੋਜ ਮਾਨ ਵਰਗੇ ਕਾਰਕੁੰਨਾਂ ਅਤੇ ਉਨ੍ਹਾਂ ਦੇ ਸਾਥੀਆਂ ਨੇ ਸ਼ਾਇਦ ਇਹ ਨਹੀਂ ਸੋਚਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਾਗਤਿ ਜੋਤਿ ਮੰਨਣ ਵਾਲਾ ਪੰਥ ਜਦੋਂ ਗੁਰੂ ਸਾਹਿਬ ਨੂੰ ਦੁਨਿਆਵੀ ਕਾਨੂੰਨ ਦੀਆਂ ਧਾਰਾਵਾਂ ਹੇਠ ਲੈ ਕੇ ਆਵੇਗਾ, ਤਾਂ ਉਸ ਦਾ ਸਿਧਾਂਤਕ ਰੁਤਬਾ ਜਾਗਤਿ ਜੋਤਿ ਵਾਲਾ ਖਤਮ ਹੋ ਜਾਵੇਗਾ,ਉਹ ਸਿਰਫ ਪੁਸਤਕ ਜਾਂ ਪ੍ਰੋਡੈਕਟ ਬਣਕੇ ਰਹਿ ਜਾਵੇਗਾ। ਗੁਰੂ ਸਾਹਿਬ ਸ਼ਬਦ ਗੁਰੂ ਹਨ, ਉਹ ਕਿਸੇ ਸਰਕਾਰੀ ਐਕਟ ਦੇ ਮੁਹਤਾਜ ਨਹੀਂ। ਇਨ੍ਹਾਂ ਮੋਰਚਿਆਂ ਨੇ ਸਖ਼ਤ ਸਜ਼ਾਵਾਂ ਦੀ ਮੰਗ ਕਰਦਿਆਂ ਐਕਟ ਬਣਵਾਕੇ ਅਣਜਾਣੇ ਵਿੱਚ ਪੁਲਿਸ ਅਤੇ ਪ੍ਰਸ਼ਾਸਨ ਨੂੰ ਸਿੱਖਾਂ ਦੇ ਨਿੱਜੀ ਅਧਿਆਤਮਿਕ ਜੀਵਨ ਵਿੱਚ ਦਖਲ ਦੇਣ ਦਾ ਰਾਹ ਪੱਧਰਾ ਕਰ ਦਿੱਤਾ ਹੈ।

ਦੂਜੇ ਪਾਸੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨ ਦੀ ਭੂਮਿਕਾ ਵੀ ਉਸਾਰੂ ਨਹੀਂ ਹੈ। ਪੰਥਕ ਸੰਸਥਾਵਾਂ ਦਾ ਕੰਮ ਸਿਰਫ਼ ਬਿਆਨਬਾਜ਼ੀ ਕਰਨਾ ਨਹੀਂ, ਸਗੋਂ ਸਿਧਾਂਤਕ ਪਹਿਰੇਦਾਰੀ ਕਰਨਾ ਹੁੰਦਾ ਹੈ। ਜਦੋਂ ਇਹ ਕਾਨੂੰਨ ਤਿਆਰ ਹੋ ਰਿਹਾ ਸੀ, ਉਦੋਂ ਲੀਡਰਸ਼ਿਪ ਕਿਉਂ ਚੁੱਪ ਰਹੀ?

ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਅਕਾਲ ਤਖ਼ਤ ਦਾ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਪਹਿਲਾਂ ਕਾਨੂੰਨ ਦੀ ਹਮਾਇਤ ਕਰਦੇ ਰਹੇ, ਪਰ ਜਦੋਂ ਉਸੇ ਕਾਨੂੰਨ ਦੀ ਮਾਰ ਆਮ ਸਿੱਖ ਮਰਯਾਦਾ 'ਤੇ ਪਈ ਹੈ, ਤਾਂ ਉਹ ਕਨੂੰਨ ਦਾ ਵਿਰੋਧ ਕਰਨ ਲੱਗਦੇ ਹਨ। ਸੁਆਲ ਇਹ ਹੈ ਕਿ ਜਥੇਦਾਰ ਅਕਾਲ ਤਖ਼ਤ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਜਾਗਤਿ ਜੋਤਿ ਗੁਰੂ ਗ੍ਰੰਥ ਸਾਹਿਬ ਦੇ ਦਾਰਸ਼ਨਿਕ ਰੁਤਬੇ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤਾ ਸੀ,ਬਾਰੇ ਸਪਸ਼ਟ ਨਹੀਂ ਹਨ। ਜਥੇਦਾਰ ਅਕਾਲ ਤਖ਼ਤ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਕਾਨੂੰਨ ਰੱਦ ਕਰਨ ਦੀ ਪਹੁੰਚ ਅਪਨਾਉਣ ਦੀ ਥਾਂ ਕਨੂੰਨ ਦੀਆਂ ਸੋਧਾਂ ਦੇ ਹੱਕ ਵਿੱਚ ਹਨ।

ਇਸ ਸਪੱਸ਼ਟ ਨੀਤੀ ਦੀ ਘਾਟ ਕਾਰਨ ਹੀ ਅੱਜ ਸੰਗਤ ਇਸ ਦੁਬਿਧਾ ਵਿੱਚ ਹੈ ਕਿ ਉਹ ਘਰਾਂ ਵਿੱਚ ਗੁਰੂ ਗ੍ਰੰਥ ਸਾਹਿਬ ਤੇ ਗੁਟਕਿਆਂ ਦੀ ਸੇਵਾ ਸੰਭਾਲ ਕਰੇ ਜਾਂ ਨਾ। ਕਦੇ ਕਾਨੂੰਨ ਦੀ ਹਮਾਇਤ ਅਤੇ ਕਦੇ ਵਿਰੋਧ ਕਰਨ ਦੀ 'ਦੋਗਲੀ ਨੀਤੀ' ਤੇ ਕਦੇ ਸੋਧਾਂ ਨੇ ਆਮ ਸਿੱਖ ਨੂੰ ਅੱਜ ਚੌਰਾਹੇ 'ਤੇ ਲਿਆ ਖੜ੍ਹਾ ਕੀਤਾ ਹੈ। ਜੇਕਰ ਅੱਜ ਗੁਰੂ ਦਾ ਸਿੱਖ ਆਪਣੇ ਘਰ ਵਿੱਚ ਨਿਤਨੇਮ ਕਰਨ ਤੋਂ ਡਰ ਰਿਹਾ ਹੈ, ਤਾਂ ਇਸ ਦਾ ਮਤਲਬ ਹੈ ਕਿ ਸਾਡੀਆਂ ਪੰਥਕ ਸੰਸਥਾਵਾਂ ਸਹੀ ਸਟੈਂਡ ਲੈਣ ਵਿੱਚ ਨਾਕਾਮ ਰਹੀਆਂ ਹਨ।

ਕੀ 'ਬੇਅਦਬੀ' ਵਰਗੇ ਸੰਵੇਦਨਸ਼ੀਲ ਮੁੱਦੇ ਦਾ ਹੱਲ ਸਿਰਫ਼ ਉਮਰ ਕੈਦ ਜਾਂ 25 ਲੱਖ ਰੁਪਏ ਜੁਰਮਾਨਾ ਹੈ? ਕੀ ਕਿਸੇ ਸ਼ਰਧਾਲੂ ਤੋਂ ਅਣਜਾਣੇ ਵਿੱਚ ਹੋਈ ਮਰਯਾਦਾ ਦੀ ਭੁੱਲ ਨੂੰ ਸਾਜ਼ਿਸ਼ੀ ਬੇਅਦਬੀ ਦੇ ਬਰਾਬਰ ਤੋਲਿਆ ਜਾ ਸਕਦਾ ਹੈ?

ਇਸ ਪਰਿਭਾਸ਼ਾ ਨੇ ਪੰਥ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਹੈ। ਇੱਕ ਪਾਸੇ ਉਹ ਰਾਜਨੀਤਕ ਲੋਕ ਹਨ ਜੋ ਮਰਿਯਾਦਾ ਦੇ ਨਾਂਅ 'ਤੇ ਸਖ਼ਤੀ ਚਾਹੁੰਦੇ ਹਨ ਅਤੇ ਦੂਜੇ ਪਾਸੇ ਉਹ ਮਾਸੂਮ ਬਹੁਗਿਣਤੀ ਸਿੱਖ ਸ਼ਰਧਾਲੂ ਜੋ ਗੁਰੂ ਤੋਂ ਦੂਰ ਕੀਤੇ ਜਾ ਰਹੇ ਹਨ ਤੇ ਉਹ ਸਿਧਾਂਤਕ ਸਿੱਖ ਤੇ ਬੁਧੀਜੀਵੀ ਹਨ ਜੋ ਕਾਨੂੰਨ ਦੇ ਹੱਕ ਵਿੱਚ ਨਹੀਂ ਹਨ ਤੇ ਨਾਹੀ ਕਨੂੰਨ ਅਧੀਨ ਗੁਰੂ ਦਾ ਰੁਤਬਾ ਜਾਗਤਿ ਜੋਤਿ ਵਾਲਾ ਰੁਤਬਾ ਖਤਮ ਕਰਨਾ ਚਾਹੁੰਦੇ ਹਨ।

ਸਮਾਂ ਆ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਇਸ ਕਾਨੂੰਨ ਨੂੰ ਸਿਆਸੀ ਨਜ਼ਰੀਏ ਨਾਲ ਦੇਖਣ ਦੀ ਬਜਾਏ ਹਾਈਕੋਰਟ ਵਿੱਚ ਚੁਣੌਤੀ ਦੇਵੇ। ਇਹ ਸਪੱਸ਼ਟ ਕੀਤਾ ਜਾਵੇ ਕਿ ਗੁਰੂ ਸਾਹਿਬ ਦੀ ਹਸਤੀ ਕਾਨੂੰਨ ਤੋਂ ਉੱਪਰ ਹੈ ਅਤੇ ਕਿਸੇ ਵੀ ਸ਼ਰਧਾਲੂ ਨੂੰ ਉਸ ਦੀ ਨਿੱਜੀ ਸ਼ਰਧਾ ਲਈ ਕਾਨੂੰਨੀ ਤੌਰ 'ਤੇ ਪ੍ਰੇਸ਼ਾਨ ਨਹੀਂ ਕੀਤਾ ਜਾਣਾ ਚਾਹੀਦਾ।

ਪ੍ਰਸਿੱਧ ਬੁੱਧੀਜੀਵੀ ਖੁਸ਼ਹਾਲ ਸਿੰਘ ਚੰਡੀਗੜ੍ਹ ਦਾ ਮੰਨਣਾ ਹੈ ਕਿ ਜੇਕਰ ਅੱਜ ਘਰ-ਘਰ ਵਿੱਚੋਂ ਗੁਰਬਾਣੀ ਦੀਆਂ ਪੋਥੀਆਂ ਗੁਰਦੁਆਰਿਆਂ ਦੇ ਸਟੋਰਾਂ ਵਿੱਚ ਜਮ੍ਹਾਂ ਹੋ ਗਈਆਂ, ਤਾਂ ਇਹ ਸਿੱਖੀ ਦੇ ਪ੍ਰਚਾਰ-ਪਸਾਰ ਲਈ ਇੱਕ ਵੱਡੀ ਸੱਟ ਹੋਵੇਗੀ। ਇਸ ਭੰਬਲਭੂਸੇ ਨੂੰ ਦੂਰ ਕਰਨਾ ਹੁਣ ਕਿਸੇ ਸਰਕਾਰ ਦੇ ਵੱਸ ਦੀ ਗੱਲ ਨਹੀਂ, ਸਗੋਂ ਇਹ ਜ਼ਿੰਮੇਵਾਰੀ ਅਕਾਲ ਤਖ਼ਤ ਸਾਹਿਬ ਦੀ ਹੈ ਕਿ ਉਹ ਅੱਗੇ ਆ ਕੇ ਸੰਗਤ ਦਾ ਡਰ ਦੂਰ ਕਰੇ ਅਤੇ ਸਿਧਾਂਤਕ ਸਪੱਸ਼ਟਤਾ ਲਿਆਵੇ ਕਿ ਗੁਰੂ ਗ੍ਰੰਥ ਸਾਹਿਬ ਦੇ ਨਾਮ ਉਪਰ ਕਾਨੂੰਨ ਨਹੀਂ ਬਣਨਾ ਚਾਹੀਦਾ।

ਸੀਨੀਅਰ ਵਕੀਲ ਅਤੇ ਭਾਜਪਾ ਆਗੂ ਐਚ.ਐਸ. ਫੂਲਕਾ ਨੇ ਸੂਬਾ ਸਰਕਾਰ 'ਤੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਹੈ ਕਿ ਬੇਅਦਬੀ ਦੀਆਂ ਸਜ਼ਾਵਾਂ ਵਧਾਉਣ ਦੇ ਬਹਾਨੇ ਸਰਕਾਰ ਅਸਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ 'ਤੇ ਪੂਰਾ ਕੰਟਰੋਲ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਮੁਤਾਬਕ ਨਵੇਂ ਕਾਨੂੰਨ ਤਹਿਤ ਘਰਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਰੱਖਣ ਵਾਲੇ ਸਿੱਖਾਂ ਨੂੰ ਹੁਣ 'ਅਧਿਕਾਰਤ ਰਖਵਾਲਾ' ਨਿਯੁਕਤ ਕੀਤਾ ਜਾਵੇਗਾ।

ਜੇਕਰ ਕੋਈ ਸਿੱਖ ਰਹਿਤ ਮਰਿਆਦਾ ਦੀ ਪਾਲਣਾ ਕਰਨ ਵਿੱਚ ਅਸਫਲ ਰਹਿੰਦਾ ਹੈ, ਤਾਂ ਉਸ ਨੂੰ ਪੰਜ ਸਾਲ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ।

ਫੂਲਕਾ ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸ਼ੁਰੂ ਤੋਂ ਹੀ ਐਸਜੀਪੀਸੀ ਦੇ ਖ਼ਿਲਾਫ਼ ਚੱਲ ਰਹੀ ਹੈ ਅਤੇ ਹੁਣ ਝੂਠ ਦੇ ਅਧਾਰ 'ਤੇ ਕਾਨੂੰਨ ਬਣਾ ਕੇ ਧਾਰਮਿਕ ਸੰਸਥਾਵਾਂ ਨੂੰ ਕੰਟਰੋਲ ਕਰਨਾ ਚਾਹੁੰਦੀ ਹੈ।

ਬੀਬੀ ਕਿਰਨਜੋਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਦਾ ਕਹਿਣਾ ਹੈ ਕਿ ਸਿੱਖ ਧਰਮ ਵਿੱਚ ਗੁਰਬਾਣੀ ਨਾਲ ਜੁੜਨਾ ਅਤੇ ਘਰ-ਘਰ ਵਿੱਚ ਪ੍ਰਕਾਸ਼ ਹੋਣਾ ਇੱਕ ਸੁਭਾਗ ਮੰਨਿਆ ਜਾਂਦਾ ਹੈ। ਜੇਕਰ ਡਰ ਕਾਰਨ ਸਾਰੀਆਂ ਪੋਥੀਆਂ ਗੁਰਦੁਆਰਿਆਂ ਵਿੱਚ ਚਲੀਆਂ ਗਈਆਂ, ਤਾਂ ਸਿੱਖਾਂ ਦਾ ਆਪਣੇ ਘਰਾਂ ਵਿੱਚ ਨਿਤਨੇਮ ਅਤੇ ਬਾਣੀ ਨਾਲ ਜੁੜਨਾ ਘਟ ਸਕਦਾ ਹੈ, ਜੋ ਕਿ ਸਿੱਖੀ ਦਾ ਵੱਡਾ ਨੁਕਸਾਨ ਹੋਵੇਗਾ।ਭਾਰਤੀ ਸੰਵਿਧਾਨ ਦੀ ਧਾਰਾ 25-28 ਹਰ ਨਾਗਰਿਕ ਨੂੰ ਆਪਣੇ ਧਰਮ ਨੂੰ ਮੰਨਣ ਅਤੇ ਉਸ ਅਨੁਸਾਰ ਪੂਜਾ ਕਰਨ ਦੀ ਆਜ਼ਾਦੀ ਦਿੰਦੀ ਹੈ।ਜੇਕਰ ਬੇਅਦਬੀ ਕਾਨੂੰਨ ਸ਼ਰਧਾਲੂਆਂ ਨੂੰ ਉਨ੍ਹਾਂ ਦੇ ਨਿੱਜੀ ਨਿਤਨੇਮ ਅਤੇ ਧਾਰਮਿਕ ਅਕੀਦੇ ਤੋਂ ਦੂਰ ਕਰ ਰਿਹਾ ਹੈ, ਜੋ ਕਿ ਸੰਵਿਧਾਨਕ ਹੱਕਾਂ ਦੀ ਉਲੰਘਣਾ ਹੈ।

ਗੁਰੂ ਨਾਲ ਨਾਤਾ ਤੋੜਨਾ ਸਿੱਖ ਲਈ ਅਸੰਭਵ ਹੈ, ਪਰ ਜੇਕਰ ਕਾਨੂੰਨ ਅਤੇ ਲੀਡਰਸ਼ਿਪ ਦਾ ਰਵੱਈਆ ਇਸੇ ਤਰ੍ਹਾਂ ਰਿਹਾ, ਤਾਂ 'ਘਰ-ਘਰ ਅੰਦਰਿ ਧਰਮਸਾਲ' ਦਾ ਸੰਕਲਪ ਜ਼ਰੂਰ ਖ਼ਤਰੇ ਵਿੱਚ ਪੈ ਸਕਦਾ ਹੈ। ਪੰਥਕ ਮਾਹਿਰਾਂ ਅਤੇ ਐਚ.ਐਸ. ਫੂਲਕਾ ਅਨੁਸਾਰ, ਇਤਿਹਾਸ ਵਿੱਚ ਜਦੋਂ ਵੀ ਧਾਰਮਿਕ ਮਾਮਲਿਆਂ 'ਤੇ ਕੋਈ ਕਾਨੂੰਨ ਬਣਿਆ ਹੈ, ਤਾਂ ਹਮੇਸ਼ਾ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਐਸਜੀਪੀਸੀ ਨਾਲ ਸਲਾਹ-ਮਸ਼ਵਰਾ ਕੀਤਾ ਜਾਂਦਾ ਰਿਹਾ ਹੈ। ਪਰ ਇਸ ਵਾਰ ਸਰਕਾਰ 'ਤੇ 'ਗੁਪਤ ਏਜੰਡੇ' ਤਹਿਤ ਕੰਮ ਕਰਨ ਦੇ ਇਲਜ਼ਾਮ ਲੱਗ ਰਹੇ ਹਨ, ਜਿਸ ਨਾਲ ਸਿੱਖਾਂ ਦੇ ਨਿੱਜੀ ਧਾਰਮਿਕ ਅਧਿਕਾਰਾਂ ਵਿੱਚ ਸਰਕਾਰੀ ਦਖ਼ਲਅੰਦਾਜ਼ੀ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਹੈ।

ਜਥੇਦਾਰ ਅਕਾਲ ਤਖ਼ਤ ਸਾਹਿਬ ਨੇ ਕੀ ਕਾਰਵਾਈ ਕੀਤੀ?

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ ਨਵੇਂ ਬੇਅਦਬੀ ਕਾਨੂੰਨ (ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ 2026) ਨੂੰ ਰਸਮੀ ਤੌਰ 'ਤੇ ਰੱਦ ਕਰ ਦਿੱਤਾ ਹੈ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗਜ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ 15 ਦਿਨਾਂ ਦਾ ਸਮਾਂ ਦਿੱਤਾ ਹੈ ਕਿ ਉਹ ਇਸ ਕਾਨੂੰਨ ਵਿੱਚੋਂ 'ਇਤਰਾਜ਼ਯੋਗ' ਧਾਰਾਵਾਂ ਨੂੰ ਹਟਾਉਣ। ਜਥੇਦਾਰ ਸਾਹਿਬ ਨੇ ਕਿਹਾ ਕਿ ਸਿੱਖ ਧਰਮ ਦੇ ਪ੍ਰਬੰਧਾਂ ਵਿੱਚ ਸਰਕਾਰੀ ਦਖਲਅੰਦਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਖਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦਾ ਰਿਕਾਰਡ ਸਰਕਾਰੀ ਵੈੱਬਸਾਈਟ 'ਤੇ ਅਪਲੋਡ ਕਰਨ ਦੀ ਸ਼ਰਤ ਨੂੰ ਸਟੇਟ ਨਿਗਰਾਨੀ ਕਰਾਰ ਦਿੱਤਾ ਗਿਆ। ਜਥੇਦਾਰ ਅਨੁਸਾਰ ਧਾਰਮਿਕ ਪ੍ਰਬੰਧਾਂ ਨੂੰ ਸਰਕਾਰੀ ਡਿਜੀਟਲ ਨਿਗਰਾਨੀ ਹੇਠ ਨਹੀਂ ਰੱਖਿਆ ਜਾ ਸਕਦਾ। ਉਨ੍ਹਾਂ ਦਾ ਮੰਨਣਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਯਾਦਾ ਅਤੇ ਬੀੜਾਂ ਦਾ ਪ੍ਰਬੰਧ ਸਿਰਫ਼ ਪੰਥ (ਸਿੱਖ ਕੌਮ) ਦਾ ਨਿਜੀ ਖੇਤਰ ਹੈ। ਸਰਕਾਰ ਵੱਲੋਂ ਬਣਾਏ ਗਏ ਨਿਯਮ ਇਸ ਖ਼ੁਦਮੁਖਤਿਆਰੀ ਵਿੱਚ ਦਖਲਅੰਦਾਜ਼ੀ ਕਰਦੇ ਹਨ।

ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਸ ਕਾਨੂੰਨ ਦੀ ਖ਼ੁਸ਼ੀ ਵਿੱਚ ਕੱਢੀ ਗਈ ਸ਼ੁਕਰਾਨਾ ਯਾਤਰਾ ਨੂੰ ਜਥੇਦਾਰ ਨੇ ਸਿੱਖ ਰਵਾਇਤਾਂ ਦੇ ਉਲਟ ਦੱਸਿਆ ਹੈ। (ਬਾਕੀ ਸਫ਼ਾ 26 'ਤੇ)

ਮੁੱਖ ਮੰਤਰੀ ਮਾਨ ਵੱਲੋਂ 'ਸ਼ੁਕਰਾਨਾ ਯਾਤਰਾ' ਦਾ ਆਯੋਜਨ

ਬੇਅਦਬੀ ਰੋਕਣ ਲਈ ਬਣਾਏ ਕਾਨੂੰਨ ਨੂੰ ਵਾਪਸ ਨਹੀਂ ਲਿਆ ਜਾਵੇਗਾ: ਭਗਵੰਤ ਮਾਨ

ਚੰਡੀਗੜ੍ਹ /ਏ.ਟੀ.ਨਿਊਜ਼: ਬੇਅਦਬੀ ਰੋਕਣ ਲਈ ਬਣਾਏ ਕਾਨੂੰਨ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ-2026' ਉਪਰੰਤ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸ਼ੁਰੂ ਕੀਤੀ ਚਾਰ ਰੋਜ਼ਾ 'ਸ਼ੁਕਰਾਨਾ ਯਾਤਰਾ' ਸ਼ਹੀਦਾਂ ਦੀ ਇਤਿਹਾਸਕ ਧਰਤੀ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਸਮਾਪਤ ਹੋ ਗਈ। ਯਾਤਰਾ 6 ਮਈ ਨੂੰ ਖ਼ਾਲਸੇ ਦੀ ਜਨਮ ਭੂਮੀ ਸ੍ਰੀ ਆਨੰਦਪੁਰ ਸਾਹਿਬ ਤੋਂ ਸ਼ੁਰੂ ਹੋਈ ਸੀ। ਅਤਿ ਦੀ ਗਰਮੀ ਦੇ ਬਾਵਜੂਦ ਵੱਡੀ ਗਿਣਤੀ ਲੋਕਾਂ ਨੇ ਯਾਤਰਾ ਵਿੱਚ ਸ਼ਿਰਕਤ ਕੀਤੀ ਅਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਸਵਾਗਤ ਤੇ ਸਨਮਾਨ ਕੀਤਾ।

ਮੁੱਖ ਮੰਤਰੀ ਨੇ ਯਾਤਰਾ ਦੌਰਾਨ ਵੱਖ-ਵੱਖ ਥਾਵਾਂ 'ਤੇ ਕਿਹਾ ਕਿ ਲੋਕਾਂ ਵੱਲੋਂ ਦਿਖਾਏ ਪਿਆਰ ਨੇ ਸਰਕਾਰ ਨੂੰ ਹੋਰ ਵੀ ਜ਼ਿਆਦਾ ਹਲੀਮੀ, ਲੋਕਾਂ ਦੀਆਂ ਇੱਛਾਵਾਂ ਪ੍ਰਤੀ ਜ਼ਿੰਮੇਵਾਰੀ ਅਤੇ ਕੰਮਾਂ ਪ੍ਰਤੀ ਜਵਾਬਦੇਹ ਬਣਾਇਆ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦਾ ਬੇਅਦਬੀ ਨੂੰ ਰੋਕਣ ਲਈ ਕਾਨੂੰਨ ਬਣਾਉਣ ਦਾ ਨਾ ਕੋਈ ਇਰਾਦਾ ਤੇ ਨਾ ਹੀ ਇੱਛਾ ਸ਼ਕਤੀ ਸੀ, ਜਿਸ ਕਾਰਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਾਰ-ਵਾਰ ਹੁੰਦੀ ਰਹੀ। ਪੰਜਾਬ ਸਰਕਾਰ ਵੱਲੋਂ ਪਾਸ ਕੀਤਾ ਗਿਆ ਇਹ ਇਤਿਹਾਸਕ ਐਕਟ ਇਸ ਨਾ-ਮੁਆਫ਼ੀਯੋਗ ਅਪਰਾਧ ਨੂੰ ਖ਼ਤਮ ਕਰ ਦੇਵੇਗਾ ਕਿਉਂਕਿ ਕੋਈ ਵੀ ਦੁਬਾਰਾ ਅਜਿਹੀਆਂ ਕਾਰਵਾਈਆਂ ਕਰਨ ਦੀ ਹਿੰਮਤ ਨਹੀਂ ਕਰੇਗਾ। ਕੁਝ ਲੋਕ ਹੁਣ ਵੀ ਕਾਨੂੰਨ ਦਾ ਵਿਰੋਧ ਕਰ ਰਹੇ ਹਨ। ਅਕਾਲੀ ਦਲ ਤੇ ਕਾਂਗਰਸ ਨੇ ਕਾਨੂੰਨ ਨੂੰ ਰੱਦ ਕਰਨ ਲਈ ਹਾਈ ਕੋਰਟ ਤੱਕ ਪਹੁੰਚ ਕੀਤੀ ਸੀ ਪਰ ਹਾਈ ਕੋਰਟ ਨੇ ਨਾ ਸਿਰਫ਼ ਪਟੀਸ਼ਨ ਨੂੰ ਖ਼ਾਰਜ ਕਰ ਦਿੱਤਾ, ਸਗੋਂ ਉਨ੍ਹਾਂ 'ਤੇ 10,000 ਰੁਪਏ ਦਾ ਜੁਰਮਾਨਾ ਵੀ ਲਾਇਆ। ਕਾਨੂੰਨ ਦਾ ਵਿਰੋਧ ਕਰਨ ਵਾਲਿਆਂ ਨੂੰ ਡਰ ਸੀ ਕਿ ਇਸ ਨਾਲ ਬੇਅਦਬੀ ਦੀਆਂ ਘਟਨਾਵਾਂ ਵਿੱਚ ਉਨ੍ਹਾਂ ਦੀ ਸ਼ਮੂਲੀਅਤ ਬੇਨਕਾਬ ਹੋ ਸਕਦੀ ਹੈ।ਪੰਜਾਬ ਸਰਕਾਰ ਵੱਲੋਂ ਕੀਤੀ ਚਾਰ ਦਿਨਾ 'ਸ਼ੁਕਰਾਨਾ ਯਾਤਰਾ' 6 ਮਈ ਨੂੰ ਸ੍ਰੀ ਅਨੰਦਪੁਰ ਸਾਹਿਬ ਤੋਂ ਸ਼ੁਰੂ ਹੋ ਕੇ ਪਹਿਲੇ ਦਿਨ ਭਰਤਗੜ੍ਹ, ਰੋਪੜ, ਬਲਾਚੌਰ, ਬੰਗਾ ਅਤੇ ਫਗਵਾੜਾ ਵਿੱਚੋਂ ਲੰਘੀ। ਦੂਜੇ ਦਿਨ ਯਾਤਰਾ ਜਲੰਧਰ ਤੋਂ ਆਦਮਪੁਰ, ਕਰਤਾਰਪੁਰ, ਬਾਬਾ ਬਕਾਲਾ, ਰਈਆ, ਜੰਡਿਆਲਾ, ਅੰਮ੍ਰਿਤਸਰ ਦੱਖਣੀ, ਪੂਰਬੀ ਅਤੇ ਕੇਂਦਰੀ, ਪੱਟੀ, ਜ਼ੀਰਾ, ਫਿਰੋਜ਼ਪੁਰ ਦਿਹਾਤੀ, ਫਰੀਦਕੋਟ ਅਤੇ ਕੋਟਕਪੂਰਾ ਤੋਂ ਹੁੰਦੀ ਹੋਈ ਭੁੱਚੋ ਮੰਡੀ ਤੋਂ ਬਠਿੰਡਾ ਪਹੁੰਚੀ। ਤੀਜੇ ਦਿਨ ਇਹ ਯਾਤਰਾ ਬਠਿੰਡਾ, ਕੋਟਸ਼ਮੀਰ, ਤਲਵੰਡੀ ਸਾਬੋ, ਸਰਦੂਲਗੜ੍ਹ, ਮਾਨਸਾ ਅਤੇ ਬਰਨਾਲਾ ਤੋਂ ਹੁੰਦੀ ਹੋਈ ਗੁਰਦੁਆਰਾ ਮਸਤੂਆਣਾ ਸਾਹਿਬ ਵਿਖੇ ਪਹੁੰਚੀ। ਚੌਥੇ ਦਿਨ ਇਹ ਯਾਤਰਾ ਸੰਗਰੂਰ ਤੋਂ ਸਮਾਣਾ, ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਪਟਿਆਲਾ ਤੋਂ ਹੁੰਦੀ ਹੋਈ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਸਮਾਪਤ ਹੋਈ।

ਸਿੱਖਾਂ ਦੇ ਹੋਣ ਆਪਣੇ ਖ਼ੁਦਮੁਖਤਿਆਰ ਕਾਨੂੰਨ: ਅਜੈਪਾਲ ਸਿੰਘ ਬਰਾੜ

ਅੰਮ੍ਰਿਤਸਰ ਟਾਈਮਜ਼ ਬਿਊਰੋ

ਮਸਲਾ ਗੁਰੂ ਦੇ ਅਦਬ ਸਤਿਕਾਰ ਦਾ ਹੈ ਨਾ ਕਿ ਕਾਨੂੰਨ ਬਣਾਉਣ ਦਾ

ਕਾਨੂੰਨ ਵਿੱਚ ਸੋਧਾਂ ਦੀ ਲੋੜ ਨਹੀਂ ਸਗੋਂ ਕਾਨੂੰਨ ਦੀ ਹੀ ਨਹੀਂ ਲੋੜ

ਮਿਸਲ ਸਤਲੁੱਜ ਦੇ ਪ੍ਰਧਾਨ ਅਜੈਪਾਲ ਸਿੰਘ ਬਰਾੜ ਨੇ ਕਿਹਾ ਹੈ ਕਿ ਜਦੋਂ ਸਮਾਣਾ ਵਿਖੇ ਮੋਰਚਾ ਲੱਗਿਆ ਸੀ ਤਾਂ ਬਹੁਤ ਸਾਰੇ ਵੀਰਾਂ ਨੇ ਸਾਨੂੰ ਕਿਹਾ ਸੀ ਕਿ ਅਸੀਂ ਵੀ ਉਸ ਮੋਰਚੇ ਵਿੱਚ ਜਾ ਕੇ ਆਈਏ। ਉਸ ਮੋਰਚੇ ਵਿੱਚ ਬਹੁਤ ਸਾਰੀਆਂ ਸਖ਼ਸ਼ੀਅਤਾਂ ਗਈਆਂ ਪਰ ਮਿਸਲ ਸਤਲੁੱਜ ਇਸ ਮੋਰਚੇ ਵਿੱਚ ਸ਼ਾਮਲ ਨਹੀਂ ਹੋਈ। ਇਸ ਦੇ ਵੀ ਆਪਣੇ ਕਾਰਨ ਹਨ, ਜੋ ਕਿ ਹੁਣ ਖੁੱਲ ਕੇ ਸਾਹਮਣੇ ਆ ਰਹੇ ਹਨ।

ਸ੍ਰ. ਅਜੈਪਾਲ ਸਿੰਘ ਬਰਾੜ ਨੇ ਕਿਹਾ ਕਿ ਭਾਰਤ ਵਿੱਚ ਅੰਗ੍ਰੇਜ਼ਾਂ ਦੇ ਆਉਣ ਤੋਂ ਬਾਅਦ ਸਿੱਖਾਂ ਸਬੰਧੀ ਕਾਨੂੰਨ ਬਣਨੇ ਸ਼ੁਰੂ ਹੋਏ। ਸ਼੍ਰੋਮਣੀ ਕਮੇਟੀ ਐਕਟ ਵੀ ਅੰਗ੍ਰੇਜ਼ਾਂ ਸਮੇਂ ਹੋਂਦ ਵਿੱਚ ਆਇਆ ਜਿਸ ਦਾ ਸਾਨੂੰ ਕੋਈ ਲਾਭ ਨਹੀਂ ਹੋਇਆ। ਸਿੱਖਾਂ ਨੇ ਬਹੁਤ ਕੁਰਬਾਨੀਆਂ ਦੇ ਕੇ ਗੁਰਦੁਆਰੇ ਆਜ਼ਾਦ ਕਰਵਾਏ ਅਤੇ ਆਪਣੀ ਕਮੇਟੀ ਬਣਾਉਣ ਦਾ ਯਤਨ ਕੀਤਾ। ਪਰ ਉਸ ਸਮੇਂ ਦੀ ਅੰਗ੍ਰੇਜ਼ ਸਰਕਾਰ ਨੇ ਉਸ ਸਮੇਂ ਦੇ ਸਿੱਖ ਲੀਡਰਾਂ 'ਤੇ ਦਬਾਓ ਪਾ ਕੇ ਇੱਕ ਐਕਟ ਬਣਾਇਆ, ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ ਕਿਹਾ ਜਾਂਦਾ ਹੈ, ਜਿਸ ਦੀਆਂ ਮੁਸੀਬਤਾਂ ਅਸੀਂ ਅੱਜ ਤਕ ਝੱਲ ਰਹੇ ਹਾਂ।

ਉਹਨਾਂ ਕਿਹਾ ਕਿ ਚਾਹੀਦਾ ਤਾਂ ਇਹ ਹੈ ਕਿ ਸਿੱਖਾਂ ਦੀਆਂ ਸਾਰੀਆਂ ਸੰਸਥਾਵਾਂ ਖੁਦਮੁਖਤਿਆਰ ਹੋਣ ਅਤੇ ਸਿੱਖ ਖੁਦ ਆਪਣੇ ਲਈ ਕਾਨੂੰਨ ਬਣਾਉਣ ਅਤੇ ਲਾਗੂ ਕਰਨ।

ਪੰਜਾਬ ਸਰਕਾਰ ਵੱਲੋਂ ਬਣਾਏ ਬੇਅਦਬੀ ਰੋਕੂ ਕਾਨੂੰਨ ਦੀ ਗੱਲ ਕਰਦਿਆਂ ਉਹਨਾਂ ਕਿਹਾ ਕਿ ਇਹ ਕਾਨੂੰਨ ਬਣਾਉਣ ਲਈ ਸਿਰਫ਼ ਮੌਜੂਦਾ ਸਰਕਾਰ ਜ਼ਿੰਮੇਵਾਰ ਨਹੀਂ ਹੈ। ਸਗੋਂ ਸ਼੍ਰੋਮਣੀ ਕਮੇਟੀ ਨੇ 2017 ਵਿੱਚ ਮਤਾ ਪਾ ਕੇ ਸਰਕਾਰ ਨੂੰ ਕਾਨੂੰਨ ਬਣਾਉਣ ਲਈਂ ਕਹਾ । ਉਸ ਸਮੇਂ ਅਕਾਲੀ ਸਰਕਾਰ ਸੀ। ਸ਼੍ਰੋਮਣੀ ਕਮੇਟੀ ਨੇ ਰਾਹ ਖੋਲ ਦਿੱਤਾ ਸੀ ਉਸ ਰਾਹ ਨੂੰ ਵਰਤ ਕੇ ਮੌਜੂਦਾ ਸਰਕਾਰ ਨੇ ਕਾਨੂੰਨ ਬਣਾਇਆ। ਇਹ ਬੁਨਿਆਦੀ ਤੌਰ 'ਤੇ ਗਲਤ ਕਾਨੂੰਨ ਹੈ।

ਉਹਨਾਂ ਕਿਹਾ ਕਿ ਜੇ ਪੰਥ ਹੀ ਗੁਰੂ ਗ੍ਰੰਥ ਸਾਹਿਬ ਦੀ ਸੁਰੱਖਿਆ ਨਹੀਂ ਕਰ ਸਕਦਾ ਜੇ

ਅਸੀਂ ਆਪਣੇ ਗੁਰੂ ਦੀ ਮਾਣ ਮਰਿਆਦਾ ਕਾਇਮ ਨਹੀਂ ਰੱਖ ਸਕਦੇ ਤਾਂ ਤਾਂ ਕੀ ਸਰਕਾਰਾਂ ਕਰਨਗੀਆਂ ? ਕੀ ਸਰਕਾਰਾਂ ਦਾ ਬਣਾਇਆ ਕਾਨੂੰਨ ਸਾਨੂੰ ਬਚਾ ਸਕਦਾ ਹੈ ? ਇਸ ਕਾਨੂੰਨ ਦੀਆਂ ਆਪਾਂ ਵਿਰੋਧੀ ਗੱਲਾਂ ਤੋਂ ਬਚਣਾ ਚਾਹੀਦਾ ਹੈ। ਸਰਕਾਰ ਦਾ ਬਣਾਇਆ ਕਾਨੂੰਨ ਸਾਨੂੰ ਕਿਵੇਂ ਬਚਾਅ ਸਕਦਾ ਹੈ।

ਉਹਨਾਂ ਕਿਹਾ ਕਿ ਕਾਹਨ ਸਿੰਘ ਨਾਭਾ ਨੇ ਗੁਰੂ ਘਰ ਨੂੰ ਇੱਕ ਕਿਲਾ ਦਸਿਆ ਹੈ, ਜੇ ਕਿਲੇ ਵਿੱਚ ਆ ਕੇ ਕੋਈ ਬੇਅਦਬੀ ਕਰ ਦਿੰਦਾ ਹੈ ਤਾਂ ਇਸ ਦਾ ਜ਼ਿੰਮੇਵਾਰ ਕੌਣ ਹੈ ? ਇਸ ਦਾ ਸਿੱਧਾ ਅਰਥ ਹੈ ਕਿ ਅਸੀਂ ਪੂਰੇ ਸਹੀ ਤਰੀਕੇ ਨਾਲ ਪਹਿਰੇਦਾਰੀ ਨਹੀਂ ਕੀਤੀ।

ਉਹਨਾਂ ਕਿਹਾ ਕਿ ਜੇ ਕੋਈ ਸਾਡੇ ਘਰ ਆ ਕੇ ਸਾਡੇ ਪਿਤਾ ਦਾ ਅਨਾਦਰ ਕਰ ਦੇਵੇ ਪਰ ਕੀ ਅਸੀਂ ਇਹ ਹੋਣ ਦੇਵਾਂਗੇ ? ਭਾਵ ਨਹੀਂ ਹੋਣ ਦੇਵਾਂਗੇ ਫੇਰ ਅਸੀਂ ਆਪਣੇ ਗੁਰੂ ਦਾ ਅਨਾਦਰ ਕਿਵੇਂ ਹੋਣ ਦੇ ਸਕਦੇ ਹਾਂ ?

ਉਹਨਾਂ ਕਿਹਾ ਕਿ ਬੁਨਿਆਦੀ ਤੌਰ 'ਤੇ ਸਵਾਲ ਚੁੱਕਣ ਵਾਲੀ ਗੱਲ ਇਹ ਹੈ ਕਿ ਕਾਨੂੰਨ ਬਣਨਾਂ ਨਹੀਂ ਚਾਹੀਦਾ। ਕਾਨੂੰਨ ਤਾਂ ਪਹਿਲਾਂ ਵੀ ਸੀ, ਪਰ ਬਹੁਤ ਬੇਅਦਬੀਆਂ ਹੋਈਆਂ। ਉਹਨਾਂ ਕਿਹਾ ਕਿ ਇਸ ਕਾਨੂੰਨ ਨੂੰ ਅਖਬਾਰਾਂ ਅਤੇ ਬੁੱਧੀਜੀਵੀ ਬੇਅਦਬੀ ਕਾਨੂੰਨ ਕਹਿ ਰਹੇ ਹਨ ਪਰ ਇਹ ਬੇਅਦਬੀ ਕਾਨੂੰਨ ਨਹੀ ? ਗੁਰੂ ਦੇ ਸਤਿਕਾਰ ਦਾ ਕਾਨੂੰਨ ਹੈ। ਇਹ ਸਾਡੇ 'ਤੇ ਬੌਧਿਕ ਹਮਲਾ ਹੈ। ਸਾਨੂੰ ਕਾਨੂੰਨ ਵਿੱਚ ਸੋਧਾਂ ਨਹੀਂ ਚਾਹੀਦੀਆਂ, ਅਸਲ ਵਿੱਚ ਸਾਨੂੰ ਇਹ ਕਾਨੂੰਨ ਨਹੀਂ ਚਾਹੀਦਾ। ਜੇ ਗੁਰੂ ਨੂੰ ਪੰਥ ਨਹੀਂ ਸੰਭਾਲ ਸਕਦਾ ਤਾਂ ਸਰਕਾਰ ਤੋਂ ਉਮੀਦ ਤੋਂ ਰੱਖਿਆ ਦੀ ਉਮੀਦ ਨਾ ਕਰੋ। ਜੇ ਸਰਕਾਰ ਨੇ ਰੱਖਿਆ ਕਰਨੀ ਹੁੰਦੀ ਤਾਂ ਨਾ 1984 ਵਾਪਰਦੀ ਤੇ ਨਾ ਗੁਰਦੁਆਰਿਆਂ ਵਿੱਚ ਬੇਅਦਬੀਆਂ ਹੁੰਦੀਆਂ।

ਉਹਨਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਇਸ ਕਾਨੂੰਨ ਦੀ ਦੁਰਵਰਤੋ ਵੀ ਹੋਵੇਗੀ ਅਤੇ ਇਸ ਦੇ ਨਤੀਜੇ ਸਾਹਮਣੇ ਆਉਣਗੇ। ਬੇਅਦਬੀਆਂ ਘਟਣਗੀਆਂ ਨਹੀਂ ਵੱਧਣਗੀਆਂ। ਇਸ ਕਾਨੂੰਨ ਨਾਲ ਸਾਡੇ ਬੱਚੇ ਅਤੇ ਆਉਣ ਵਾਲੀਆਂ ਨਸਲਾਂ ਹੋਲੀ ਹੋਲੀ ਸ਼ਬਦ ਗੁਰੂ ਤੋਂ ਦੂਰ ਹੋਣਗੀਆਂ।

ਉਹਨਾਂ ਕਿਹਾ ਕਿ ਸਿੱਖ ਸੰਸਥਾਵਾਂ ਖੁਦਮੁਖਤਿਆਰ ਹੋਣੀਆਂ ਚਾਹੀਦੀਆਂ ਹਨ ਅਤੇ ਸਿੱਖਾਂ ਦੇ ਕਾਨੂੰਨ ਵੀ ਖੁਦਮੁਖਤਿਆਰ ਹੋਣੇ ਚਾਹੀਦੇ ਹਨ।

ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਏ ਪੇਸ਼

15 ਦਿਨਾਂ ਦੇ ਅੰਦਰ-ਅੰਦਰ ਬੇਅਦਬੀ ਰੋਕੂ ਕਾਨੂੰਨ 'ਚ ਸੋਧ ਕੀਤੀ ਜਾਵੇ : ਜਥੇਦਾਰ ਗੜਗੱਜ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਤਲਬ ਕੀਤਾ ਸੀ। ਇਸ ਦੌਰਾਨ ਉਨ੍ਹਾਂ ਨੇ ਬੇਅਦਬੀਆਂ ਬਾਰੇ ਕਾਨੂੰਨ ਦੀਆਂ ਕੁਝ ਮਦਾਂ 'ਤੇ ਸਵਾਲ ਕੀਤੇ ਅਤੇ 15 ਦਿਨਾਂ ਦੇ ਅੰਦਰ–ਅੰਦਰ ਵਿਧਾਨ ਸਭਾ ਦਾ ਸੈਸ਼ਨ ਸੱਦ ਕੇ ਉਨ੍ਹਾਂ ਮਦਾਂ ਨੂੰ ਵਾਪਸ ਲੈਣ ਜਾਂ ਕਾਨੂੰਨ ਵਿੱਚ ਸੋਧ ਕਰਨ ਲਈ ਆਖਿਆ। ਉਨ੍ਹਾਂ ਕਿਹਾ ਕਿ ਜੇਕਰ ਅਜਿਹਾ 15 ਦਿਨਾਂ ਵਿੱਚ ਨਹੀਂ ਕੀਤਾ ਗਿਆ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪੰਜ ਸਿੰਘ ਸਾਹਿਬਾਨਾਂ ਦੀ ਇਕੱਤਰਤਾ ਕਰ ਕੇ ਅਗਲਾ ਫ਼ੈਸਲਾ ਲਿਆ ਜਾਵੇਗਾ। ਇਸ ਦੇ ਨਾਲ ਹੀ ਜਥੇਦਾਰ ਗੜਗੱਜ ਨੇ ਆਖਿਆ ਕਿ ਇਸ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਵਿਧਾਨ ਸਭਾ ਸਪੀਕਰ ਨੂੰ ਲਿਖਤੀ ਹੁਕਮ ਜਾਰੀ ਕੀਤੇ ਜਾਣਗੇ।

ਆਨਲਾਈਨ ਪਾਵਨ ਸਰੂਪਾਂ ਦੀ ਜਾਣਕਾਰੀ ਅਪਲੋਡ ਕਰਨ ਉੱਤੇ ਜਥੇਦਾਰ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਐੱਸ.ਜੀ.ਪੀ.ਸੀ. ਨੂੰ ਲਿਖ ਦਿੱਤਾ ਜਾਵੇਗਾ ਕਿ ਕੋਈ ਵੀ ਸਬੰਧਤ ਕਰਮਚਾਰੀ, ਅਧਿਕਾਰੀ ਜਾਂ ਗੁਰੂ ਘਰ ਦੀਆਂ ਕਮੇਟੀਆਂ ਤੇ ਪ੍ਰਬੰਧਕ ਪਾਵਨ ਸਰੂਪਾਂ ਦੀ ਜਾਣਕਾਰੀ ਨੂੰ ਆਨਲਾਈਨ ਉਪਲਬਧ ਨਹੀਂ ਕਰਵਾਉਣਗੇ। ਇਹ ਫ਼ੈਸਲਾ ਅੱਜ ਤੋਂ ਹੀ ਲਾਗੂ ਹੋਵੇਗਾ। ਇਸ ਦੇ ਨਾਲ ਹੀ ਉਨ੍ਹਾਂ ਨੇ ਇਹ ਖ਼ਦਸ਼ਾ ਜਾਹਿਰ ਕੀਤਾ ਕਿ ਇਸ ਨਾਲ ਬੇਅਦਬੀਆਂ ਵਧਣ ਦਾ ਡਰ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਐੱਸ.ਜੀ.ਪੀ.ਸੀ. ਦੇ ਕੰਮਾਂ ਵਿੱਚ ਦਖ਼ਲ

ਨਹੀਂ ਦੇਣਾ ਚਾਹੀਦਾ। ਨਹਿਰੂ ਅਤੇ ਮਾਸਟਰ ਤਾਰਾ ਸਿੰਘ ਪੈਕਟ ਦੀ ਗੱਲ ਕਰਦਿਆਂ ਜਥੇਦਾਰ ਨੇ ਦੱਸਿਆ ਕਿ ਇਸ ਪੈਕਟ ਅਨੁਸਾਰ ਸਰਕਾਰਾਂ ਪੰਥ ਦੇ ਕੰਮਾਂ ਵਿਚ ਦਖ਼ਲਅੰਦਾਜ਼ੀ ਨਹੀਂ ਕਰ ਸਕਦਿਆਂ, ਪਰ ਇਸ ਨੂੰ ਬਣਾਉਣ ਲੱਗਿਆਂ ਸਰਕਾਰ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਐੱਸਜੀਪੀਸੀ ਨੂੰ ਕਾਨੂੰਨ ਦੀਆਂ ਕੁਝ ਮਦਾਂ 'ਤੇ ਇਤਰਾਜ਼ ਹੈ ਜੋ ਸਿੱਧੇ ਤੌਰ 'ਤੇ ਸਿੱਖ ਧਰਮ ਵਿੱਚ ਦਖ਼ਲਅੰਦਾਜ਼ੀ ਕਰਦੀਆਂ ਹਨ। ਸਰਕਾਰ ਨੂੰ ਇਸ ਪਾਸੇ ਧਿਆਨ ਦੇ ਕੇ ਇਨ੍ਹਾਂ ਮਦਾਂ ਵਿਚ ਸੋਧ ਕਰਨ ਦੀ ਲੋੜ ਹੈ ਕਿਉਂਕਿ ਜੇਕਰਸੋਧ ਨਾ ਹੋਈ ਤਾਂ ਖ਼ਦਸ਼ਾ ਹੈ ਕਿ ਇਹ ਮਦਾਂ ਸਿੱਖਾਂ ਨੂੰ ਸਿੱਖੀ ਨਾਲੋਂ ਤੋੜਨ ਦਾ ਜ਼ਰੀਆ ਬਣ ਜਾਣਗੀਆਂ। ਸਰਕਾਰ ਨੂੰ ਇਹ ਹੱਕ ਹੀ ਨਹੀਂ ਕਿ ਉਹ ਤੈਅ ਕਰੇ ਕਿ ਸਿੱਖ ਰਹਿਤ ਮਰਿਆਦਾ ਦੀ ਪਾਲਣਾ ਹੋ ਰਹੀ ਹੈ ਜਾਂ ਨਹੀਂ, ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕੰਮ ਵਿੱਚ ਦਖ਼ਲਅੰਦਾਜ਼ੀ ਹੈ। ਉਨ੍ਹਾਂ ਦੁਹਰਾਇਆ ਕਿ ਇਨ੍ਹਾਂ ਮਦਾਂ ਦੀ ਦੁਰਵਰਤੋਂ ਹੋ ਸਕਦੀ ਹੈ। ਉਨ੍ਹਾਂ ਕਾਨੂੰਨ ਵਿੱਚ ਵਰਤੀ ਸ਼ਬਦਾਵਲੀ 'ਤੇ ਸਪੀਕਰ ਤੋਂ ਪੁੱਛਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ 'ਦੁਰਵਰਤੋਂ' ਕਿਵੇਂ ਹੋ ਸਕਦੀ ਹੈ ?

ਜਥੇਦਾਰ ਸਾਹਿਬ ਨੇ ਕਿਹਾ ਕਿ ਸਰਕਾਰ ਸਿੱਖ ਅਤੇ ਗੁਰੂ ਦੇ ਵਿਚਕਾਰ ਆ ਰਹੀ ਹੈ, ਇਹ ਠੀਕ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਕਾਨੂੰਨ ਬਣਨ ਤੋਂ ਪਹਿਲਾਂ ਹੀ ਕਈ ਵਾਰ ਆਖ ਚੁੱਕੇ ਹਨ ਕਿ ਕੋਈ ਵੀ ਕਾਨੂੰਨ ਸਮੁੱਚੇ ਪੰਥ ਦੀ ਰਾਏ ਤੋਂ ਬਗੈਰ ਮਨਜ਼ੂਰ ਨਹੀਂ ਹੋਵੇਗਾ, ਪਰ ਸਰਕਾਰ ਨੇ ਇਹ ਗੱਲ ਨਹੀਂ ਸੁਣੀ। ਪਾਸ ਕਰਨ ਤੋਂ ਪਹਿਲਾਂ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ' ਦਾ ਮਸੌਦਾ ਨਾ ਕਿਸੇ ਵੈੱਬਸਾਈਟ 'ਤੇ ਪਾਇਆ, ਨਾ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਭੇਜਿਆ ਤੇ ਨਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭੇਜਿਆ ਗਿਆ। ਉਨ੍ਹਾਂ ਕਿਹਾ ਕਿ ਕਾਨੂੰਨ ਪਾਸ ਹੋਣ ਤੋਂ ਬਾਅਦ ਸਾਡੇ ਕੋਲ ਆਇਆ। ਉਨ੍ਹਾਂ ਇਹ ਵੀ ਆਖਿਆ ਕਿ ਅਜੇ ਤਕ ਵੀ ਇਸ ਕਾਨੂੰਨ ਦੀ ਕਾਪੀ ਪੰਜਾਬੀ ਵਿੱਚ ਮੁਹੱਈਆ ਨਹੀਂ ਕਰਵਾਈ ਗਈ। ਜਥੇਦਾਰ ਗੜਗੱਜ ਨੇ ਕਿਹਾ ਕਿ ਹੋਰ ਵੀ ਕਈ ਮੁੱਦਿਆਂ ਬਾਰੇ ਉਨ੍ਹਾਂ ਨੇ ਸਪੀਕਰ ਸੰਧਵਾਂ ਤੋਂ ਸਵਾਲ ਕੀਤੇ, ਜਿਨ੍ਹਾਂ ਦੇ ਜਵਾਬ ਵਿੱਚ ਸੰਧਵਾਂ ਦਾ ਕਹਿਣਾ ਸੀ ਕਿ ਉਹ ਪੂਰੇ ਮਾਮਲੇ ਨੂੰ ਸਰਕਾਰ ਦੇ ਧਿਆਨ ਵਿੱਚ ਲਿਆ ਦੇਣਗੇ।

ਕੈਨੇਡਾ 'ਚ ਸਿੱਖ ਨੌਜਵਾਨ ਨੂੰ 'ਸ੍ਰੀ ਸਾਹਿਬ' ਕਾਰਨ ਪੁਲਿਸ ਭਰਤੀ ਦਾ ਪੇਪਰ ਦੇਣ ਤੋਂ ਰੋਕਿਆ

ਵਿਨੀਪੈਗ/ਏ.ਟੀ.ਨਿਊਜ਼: ਵਿਨੀਪੈਗ ਦੇ ਸਿੱਖ ਵਿਅਕਤੀ ਨੂੰ ਕਕਾਰਾਂ ਕਾਰਨ ਪੇਪਰ ਦੇਣ ਤੋਂ ਰੋਕਣ ਦਾ ਮਾਮਲਾ ਸਾਹਮਣੇ ਆਇਆ ਹੈ। ਸਿੱਖ ਵਿਅਕਤੀ ਦਾ ਕਹਿਣਾ ਹੈ ਕਿ ਉਸ ਨੂੰ ਸ੍ਰੀ ਸਾਹਿਬ ਉਤਾਰਨ ਤੋਂ ਇਨਕਾਰ ਕਰਨ ਤੋਂ ਬਾਅਦ ਪੁਲਿਸ ਭਰਤੀ ਪ੍ਰੀਖਿਆ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਜਸਪਾਲ ਸਿੰਘ ਗਿੱਲ ਦਾ ਕਹਿਣਾ ਹੈ ਕਿ ਇਸ ਘਟਨਾ ਨੇ ਉਸ ਦਾ ਪੁਲਿਸ ਅਧਿਕਾਰੀ ਬਣਨ ਦਾ ਸੁਪਨਾ ਚਕਨਾਚੂਰ ਕਰ ਦਿੱਤਾ ਹੈ, ਮੇਰੇ ਨਾਲ ਵਿਤਕਰਾ ਹੋਇਆ ਹੈ ਅਤੇ ਕੈਨੇਡਾ ਵਿੱਚ ਧਾਰਮਿਕ ਅਤੇ ਚਾਰਟਰ ਅਧਿਕਾਰਾਂ ਬਾਰੇ ਸਵਾਲ ਖੜ੍ਹੇ ਕਰ ਰਿਹਾ ਹੈ। ਜਸਪਾਲ ਸਿੰਘ ਗਿੱਲ ਆਪਣੇ ਭਾਈਚਾਰੇ ਦੀ ਸੇਵਾ ਕਰਨ ਲਈ ਪੁਲਿਸ ਅਧਿਕਾਰੀ ਬਣਨਾ ਚਾਹੁੰਦਾ ਸੀ ਅਤੇ ਉਹ ਲੰਬੇ ਸਮੇਂ ਤੋਂ ਇਸ ਦੀ ਤਿਆਰੀ ਕਰ ਰਿਹਾ ਸੀ ਅਤੇ ਉਸ ਦਾ ਪੁਲਿਸ ਸੇਵਾ ਵਿੱਚ ਸ਼ਾਮਲ ਹੋਣਾ ਇੱਕ ਨਿੱਜੀ ਟੀਚਾ ਵੀ ਸੀ ਕਿਉਂਕਿ ਉਸ ਦੇ ਦਾਦਾ ਅਤੇ ਪਿਤਾ ਭਾਰਤ ਵਿੱਚ ਪੁਲਿਸ ਅਧਿਕਾਰੀ ਸਨ। ਗਿੱਲ ਜੋ ਕੇ 2021 ਵਿੱਚ ਭਾਰਤ ਤੋਂ ਨਿਊ ਬਰੰਜ਼ਵਿਕ ਵਿੱਚ ਆਇਆ ਸੀ ਅਤੇ 2024 ਵਿੱਚ ਉਹ ਕੈਨੇਡਾ ਦਾ ਸਥਾਈ ਨਿਵਾਸੀ ਬਣ ਗਿਆ ਅਤੇ ਪਿਛਲੀਆਂ ਗਰਮੀਆਂ ਵਿੱਚ ਹੀ ਉਹ ਵਿਨੀਪੈਗ ਆਇਆ ਸੀ । ਉਸ ਨੇ ਕਿਹਾ ਕਿ ਉਹ ਕੈਨੇਡਾ ਪਹੁੰਚਣ ਤੋਂ ਬਾਅਦ ਪੁਲਿਸ ਭਰਤੀ ਪ੍ਰੀਖਿਆਵਾਂ ਲਈ ਪੜ੍ਹ ਰਿਹਾ ਹੈ ਅਤੇ ਉਸ ਨੇ ਅਪ੍ਰੈਲ ਦੇ ਅਖੀਰ ਵਿੱਚ ਪੁਲਿਸ ਦੇ ਡਾਊਨ ਟਾਊਨ ਹੈੱਡਕੁਆਰਟਰ ਵਿੱਚ ਵਿਨੀਪੈਗ ਪੁਲਿਸ ਸਰਵਿਸ ਵਾਸਤੇ ਅਪਲਾਈ ਕੀਤਾ ਸੀ ਪਰ ਪ੍ਰੀਖਿਆ ਕੇਂਦਰ ਵਿਚ ਜਦੋਂ ਇਕ ਅਧਿਕਾਰੀ ਨੇ ਕਿਹਾ, 'ਤੁਹਾਨੂੰ ਪ੍ਰੀਖਿਆ ਦੇਣ ਲਈ ਆਪਣੀ ਕਿਰਪਾਨ ਉਤਾਰਨੀ ਪਵੇਗੀ।' ਜਸਪਾਲ ਸਿੰਘ ਗਿੱਲ ਨੇ ਕਕਾਰਾਂ ਦੀ ਮਹੱਤਤਾ ਦੱਸਦਿਆਂ ਕਿਹਾ ਕਿ ਅਸੀਂ ਇਸ ਨੂੰ ਹਿੰਮਤ ਅਤੇ ਬੇਇਨਸਾਫ਼ੀ

ਵਿਰੁੱਧ ਲੜਨ ਦੀ ਆਪਣੀ ਜ਼ਿੰਮੇਵਾਰੀ ਦੇ ਪ੍ਰਤੀਕ ਵਜੋਂ ਪਹਿਨਦੇ ਹਾਂ, ਪਰ ਭਰਤੀ ਅਧਿਕਾਰੀਆਂ ਨੇ ਕਿਹਾ ਕਿ ਜਦੋਂ ਤੱਕ ਉਹ ਕਿਰਪਾਨ ਨਹੀਂ ਸੌਂਪ ਦਿੰਦੇ ਉਦੋਂ ਤੱਕ ਉਨ੍ਹਾਂ ਨੂੰ ਪ੍ਰੀਖਿਆ ਦੇਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਗਿੱਲ ਨੇ ਕਿਹਾ ਕਿ ਉਨ੍ਹਾਂ ਨੇ ਇਸ ਦੀ ਬਜਾਏ ਇਮਤਿਹਾਨ ਨਾ ਲਿਖਣ ਦਾ ਫ਼ੈਸਲਾ ਕੀਤਾ। ਗਿੱਲ ਨੇ ਕਿਹਾ, ਹੋਰ ਸਾਰੇ ਮੈਂਬਰਜ਼ ਨੂੰ ਇਮਤਿਹਾਨ ਲਿਖਣ ਦੀ ਆਗਿਆ ਸੀ, ਪਰ ਮੈਨੂੰ ਇਜਾਜ਼ਤ ਨਹੀਂ ਦਿੱਤੀ ਗਈ ਕਿਉਂਕਿ ਮੈਂ ਸ੍ਰੀ ਸਾਹਿਬ ਧਾਰਨ ਕੀਤੀ ਹੋਈ ਸੀ। ਵਿਨੀਪੈਗ ਪੁਲਿਸ ਦਾ ਕਹਿਣਾ ਹੈ ਕਿ ਪ੍ਰੀਖਿਆ ਦੌਰਾਨ ਸੁਰੱਖਿਅਤ ਸਟੋਰੇਜ ਦੀ ਪੇਸ਼ਕਸ਼ ਕੀਤੀ ਗਈ ਸੀ, ਪਰ ਗਿੱਲ ਨੇ ਇਨਕਾਰ ਕਰ ਦਿੱਤਾ। ਪੁਲਿਸ ਬੁਲਾਰੇ ਨੇ ਦੱਸਿਆ ਕਿ ਇੱਕ ਬਿਨੈਕਾਰ ਨੂੰ ਪਿਛਲੇ ਹਫ਼ਤੇ ਪ੍ਰੀਖਿਆ ਦੀ ਮਿਆਦ ਲਈ ਕਿਰਪਾਨ ਲਈ ਸੁਰੱਖਿਅਤ ਸਟੋਰੇਜ ਵਿਕਲਪਾਂ ਦੀ ਪੇਸ਼ਕਸ਼ ਕੀਤੀ ਗਈ ਸੀ। ਇੱਕ ਈਮੇਲ ਵਿੱਚ ਬੁਲਾਰੇ ਨੇ ਲਿਖਿਆ, 'ਇਹ ਵਿਕਲਪ ਸਤਿਕਾਰ ਨਾਲ ਪੇਸ਼ ਕੀਤਾ ਗਿਆ ਸੀ। ਉਸ ਵਿਅਕਤੀ ਨੇ ਸਟੋਰੇਜ ਵਿਕਲਪਾਂ ਤੋਂ ਇਨਕਾਰ ਕਰ ਦਿੱਤਾ ਅਤੇ ਪ੍ਰੀਖਿਆ ਨਾ ਲਿਖਣ ਦਾ ਫ਼ੈਸਲਾ ਕੀਤਾ। ਉਨ੍ਹਾਂ ਨੇ ਕਿਹਾ ਕਿ ਟੈਸਟਿੰਗ, ਇਮਾਰਤ ਦੇ ਇੱਕ ਸੁਰੱਖਿਅਤ ਖੇਤਰ ਵਿੱਚ ਹੁੰਦੀ ਹੈ। ਅਸੀਂ ਜਿੱਥੇ ਵੀ ਸੰਭਵ ਹੋਵੇ ਵਾਜਬ ਸਟੋਰੇਜ ਵਿਕਲਪਾਂ ਪ੍ਰਦਾਨ ਕਰਨ ਦੀ ਕੋਸ਼ਿਸ਼ਾਂ ਕਰਦੇ ਹਾਂ ਅਤੇ ਸੁਰੱਖਿਆ ਦੀਆਂ ਜ਼ਰੂਰਤਾਂ ਨੂੰ ਕਾਇਮ ਰੱਖਦੇ ਹੋਏ ਉਨ੍ਹਾਂ ਦੇ ਧਾਰਮਿਕ ਚਿੰਨ੍ਹਾਂ ਦਾ ਸਤਿਕਾਰ ਕਰਦੇ ਹਾਂ। ਉਨ੍ਹਾਂ ਕਿਹਾ ਕਿ ਕਿਰਪਾਨ ਨੂੰ ਸੁਰੱਖਿਅਤ ਢੰਗ ਨਾਲ ਸਟੋਰ ਕਰਨ ਦੇ ਵਿਕਲਪ ਨੂੰ ਪਿਛਲੇ ਸਮੇਂ ਵਿੱਚ ਬਹੁਤ ਸਾਰੇ ਬਿਨੈਕਾਰਾਂ ਵੱਲੋਂ ਸਵੀਕਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਟੈਸਟਿੰਗ ਪ੍ਰਕਿਰਿਆ ਨੂੰ ਪੂਰਾ ਕਰਨ ਦਿੱਤਾ ਗਿਆ ਹੈ। ਹਾਲਾਂਕਿ, ਗਿੱਲ ਨੇ ਕਿਹਾ ਕਿ ਪੁਲਿਸ ਨੇ ਉਨ੍ਹਾਂ ਦੇ ਚਾਰਟਰ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ ਅਤੇ 2006 ਦੇ ਕੈਨੇਡਾ ਦੀ ਸੁਪਰੀਮ ਕੋਰਟ ਦੇ ਫ਼ੈਸਲੇ ਵੱਲ ਇਸ਼ਾਰਾ ਕੀਤਾ ਜਿਸ ਵਿੱਚ ਸਿੱਖਾਂ ਦੇ ਕਿਰਪਾਨ ਲਿਜਾਣ 'ਤੇ ਪਾਬੰਦੀ ਲਗਾਉਣਾ ਕਿਸੇ ਦੀ ਧਾਰਮਿਕ ਆਜ਼ਾਦੀ ਦੀ ਉਲੰਘਣਾ ਹੈ। ਉਸ ਨੇ ਅੱਗੇ ਕਿਹਾ ਕਿ ਸੁਪਰੀਮ ਕੋਰਟ ਨੇ ਫ਼ੈਸਲਾ ਦਿੱਤਾ ਹੈ ਕਿ ਸ੍ਰੀ ਸਾਹਿਬ ਹਥਿਆਰ ਨਹੀਂ ਹੈ। ਖ਼ਾਲਸੇ ਨੂੰ ਅਦਾਲਤਾਂ ਵਿੱਚ ਸ੍ਰੀ ਸਾਹਿਬ ਪਹਿਨਣ ਦੀ ਆਗਿਆ ਹੈ, ਉਨ੍ਹਾਂ ਨੂੰ ਵਿਧਾਨ ਸਭਾ ਵਿੱਚ ਸ੍ਰੀ ਸਾਹਿਬ ਪਹਿਨਣ ਦੀ ਆਗਿਆ ਹੈ ਅਤੇ ਘਰੇਲੂ ਉਡਾਣਾਂ ਵਿੱਚ ਸ੍ਰੀ ਸਾਹਿਬ ਪਹਿਨਣ ਦੀ ਆਗਿਆ ਹੈ।

ਮੈਨੀਟੋਬਾ ਯੂਨੀਵਰਸਿਟੀ ਦੇ ਸੈਂਟਰ ਫ਼ਾਰ ਪ੍ਰੋਫੈਸ਼ਨਲ ਐਂਡ ਅਪਲਾਈਡ ਐਥਿਕਸ ਦੇ ਡਾਇਰੈਕਟਰ ਨੀਲ ਮੈਕਆਰਥਰ ਨੇ ਕਿਹਾ ਕਿ ਸੁਪਰੀਮ ਕੋਰਟ ਦੀ ਮਿਸਾਲ ਦੇ ਮੱਦੇਨਜ਼ਰ ਇੱਕ ਅਦਾਲਤ ਸੰਭਾਵਿਤ ਤੌਰ 'ਤੇ ਗਿੱਲ ਦੇ ਹੱਕ ਵਿੱਚ ਫ਼ੈਸਲਾ ਦੇਵੇਗੀ। ਮੈਕਆਰਥਰ ਨੇ ਸੀ ਟੀ ਵੀ ਨਿਊਜ਼ ਨੂੰ ਦੱਸਿਆ, 'ਸੁਪਰੀਮ ਕੋਰਟ ਦਾ ਫ਼ੈਸਲਾ ਇੱਕ ਸਕੂਲ ਨਾਲ ਸਬੰਧਿਤ ਸੀ ਅਤੇ ਇਸ ਨੇ ਫ਼ੈਸਲਾ ਕੀਤਾ ਕਿ ਸਕੂਲ ਦੇ ਮਾਹੌਲ ਵਿੱਚ ਸਿੱਖਾਂ ਨੂੰ ਆਪਣੇ ਕਿਰਪਾਨ ਪਹਿਨਣਾ ਬਿਲਕੁਲ ਸੁਰੱਖਿਅਤ ਸੀ।'

(ਬਾਕੀ ਸਫ਼ਾ 26 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਸੰਪਾਦਕੀ

ਕਾਇਮ ਰੱਖੀ ਜਾਵੇ ਮਰਿਆਦਾ

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਸਿੱਖ ਧਰਮ ਦਾ ਸਭ ਤੋਂ ਪਵਿੱਤਰ ਸਥਾਨ ਹੈ। ਦੇਸ਼ -ਵਿਦੇਸ਼ ਤੋਂ ਲੱਖਾਂ ਸ਼ਰਧਾਲੂ ਹਰ ਦਿਨ ਇਸ ਪਵਿੱਤਰ ਸਥਾਨ ’ਤੇ ਨਤਮਸਤਕ ਹੋਣ ਲਈ ਆਉਂਦੇ ਹਨ। ਗੁਰੂ ਸਾਹਿਬਾਨ ਨੇ ਸ੍ਰੀ ਦਰਬਾਰ ਸਾਹਿਬ ਦੇ ਚਾਰ ਦਰਵਾਜ਼ੇ ਬਣਵਾਏ ਅਤੇ ਹਰ ਧਰਮ ਅਤੇ ਵਰਗ ਦੇ ਲੋਕਾਂ ਲਈ ਇਸ ਪਵਿੱਤਰ ਦਰਬਾਰ ਨੂੰ ਖੁੱਲ੍ਹਾ ਰੱਖਿਆ। ਇਸ ਧਾਰਮਿਕ ਸਥਾਨ ’ਤੇ ਵਿਸ਼ੇਸ਼ ਮਰਿਆਦਾ ਲਾਗੂ ਕੀਤੀ ਹੋਈ ਹੈ, ਜਿਸ ਦੀ ਪੂਰੀ ਤਰ੍ਹਾਂ ਪਾਲਣਾ ਵੀ ਕੀਤੀ ਜਾਂਦੀ ਹੈ। ਸਿੱਖ ਧਰਮ ਦੁਨੀਆ ਦਾ ਅਜਿਹਾ ਧਰਮ ਹੈ, ਜਿਸ ਦੇ ਧਾਰਮਿਕ ਸਥਾਨਾਂ ਦੀ ਯਾਤਰਾ ਲਈ ਕੋਈ ਵੀ.ਆਈ.ਪੀ. ਸਿਸਟਮ ਲਾਗੂ ਨਹੀਂ ਹੈ ਸਗੋਂ ਵੱਡੇ ਵੱਡੇ ਰਾਜੇ -ਮਹਾਰਾਜੇ ਵੀ ਇੱਥੇ ਸੰਗਤ ਨਾਲ ਪੰਗਤ ਵਿੱਚ ਬੈਠ ਕੇ ਪਰਸ਼ਾਦਾ ਛਕਦੇ ਰਹੇ ਹਨ ਅਤੇ ਨਤਮਸਤਕ ਹੁੰਦੇ ਰਹੇ ਹਨ।

ਜੇ ਅੱਜ ਦੇ ਸਮੇਂ ਦੀ ਗੱਲ ਕੀਤੀ ਜਾਵੇ ਤਾਂ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ਼ਰਧਾ ਦਾ ਕੇਂਦਰ ਹੋਣ ਦੇ ਨਾਲ-ਨਾਲ ਸੈਲੀਬ੍ਰਿਟੀ ਦੀ ਪਬਲੀਸਿਟੀ ਦਾ ਮੰਚ ਵੀ ਬਣਦਾ ਜਾ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ ਵੇਖਣ ਵਿੱਚ ਆ ਰਿਹਾ ਹੈ ਕਿ ਕੁਝ ਫ਼ਿਲਮੀ ਸਿਤਾਰੇ ਆਪਣੀ ਪ੍ਰਸਿੱਧੀ ਲਈ ਇਸ ਮਹਾਨ ਅਤੇ ਪਵਿੱਤਰ ਸਥਾਨ ਨੂੰ ਵਰਤ ਰਹੇ ਹਨ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰ ਪਰਿਕਰਮਾ ਅਤੇ ਲੰਗਰ ਪ੍ਰਥਾ ਨੂੰ ਵੀ.ਆਈ.ਪੀ. ਪਬਲਿਸਿਟੀ ਜ਼ੋਨ ਵਿੱਚ ਬਦਲ ਦੇਣ ਦਾ ਰੁਝਾਨ ਸਾਹਮਣੇ ਆਇਆ ਹੈ। ਪਿਛਲੇ ਦਿਨੀਂ ਫ਼ਿਲਮੀ ਹੀਰੋਈਨ ਪ੍ਰੀਟੀ ਜ਼ਿੰਟਾ ਦਾ ਲੰਗਰ ਸੇਵਾ ਦੌਰਾਨ ਮਾਸਕ ਪਹਿਨ ਕੇ ਪਰਸ਼ਾਦੇ ਵਰਤਾਉਂਦੇ ਹੋਏ ਫੋਟੋਆਂ ਅਤੇ ਵੀਡੀਓਜ਼ ਦਾ ਸੋਸ਼ਲ ਮੀਡੀਆ ’ਤੇ ਵਾਇਰਲ ਹੋਣਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਤੋਂ ਪਹਿਲਾਂ ਵੀ ਕਈ ਫਿਲਮੀ ਹੀਰੋ ਅਤੇ ਹੀਰੋਈਨਾਂ ਇਸ ਗੁਰੂ ਘਰ ਨਤਮਸਤਕ ਹੋ ਚੁੱਕੇ ਹਨ ਅਤੇ ਪਰਿਕਰਮਾ ਕਰਦੇ ਹੋਏ ਜਾਂ ਲੰਗਰ ਸੇਵਾ ਕਰਦੇ ਹੋਏ ਆਪਣੀਆਂ ਫ਼ੋਟੋਆਂ ਅਤੇ ਵੀਡੀਓ ਵਾਇਰਲ ਕਰ ਦਿੰਦੇ ਹਨ। ਇਹੋ ਕੁਝ ਕਈ ਸਿਆਸੀ ਨੇਤਾ ਕਰਦੇ ਹਨ, ਜੋ ਕਿ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਣ ਸਮੇਂ ਆਪਣੀਆਂ ਤਸਵੀਰਾਂ ਅਤੇ ਵੀਡੀਓ ਜਨਤਕ ਤੌਰ ’ਤੇ ਵਾਇਰਲ ਕਰ ਦਿੰਦੇ ਹਨ। ਸਵਾਲ ਇਹ ਨਹੀਂ ਹੈ ਕਿ ਇਹ ਲੋਕ ਗੁਰੂ ਘਰ ਕਿਉਂ ਆਉਂਦੇ ਹਨ? ਇਸ ਗੁਰੂ ਘਰ ਦੇ ਦਰਵਾਜ਼ੇ ਹਰ ਕਿਸੇ ਲਈ ਖੁੱਲ੍ਹੇ ਹਨ ਪਰ ਸਵਾਲ ਇਹ ਹੈ ਕਿ ਜਦੋਂ ਲੰਗਰ ਦੀ ਸੇਵਾ ਕੈਮਰਿਆਂ ਨਾਲ ਘਿਰੀ ਹੋਵੇ, ਜਦੋਂ ਹਰ ਪਲ ਦੀ ਵੀਡੀਓ ਬਣਾਈ ਜਾ ਰਹੀ ਹੋਵੇ, ਜਦੋਂ ਪੁਲਿਸ ਦੇ ਅਧਿਕਾਰੀ, ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕ ਅਤੇ ਮੀਡੀਆ ਟੀਮਾਂ ਨਾਲ ਖੜ੍ਹੀਆਂ ਹੋਣ ਤਾਂ ਕੀ ਉਹ ਸੇਵਾ ਰਹਿ ਜਾਂਦੀ ਹੈ ਜਾਂ ਪਬਲਿਕ ਰਿਲੇਸ਼ਨ ਐਕਟੀਵਿਟੀ ਬਣ ਜਾਂਦੀ ਹੈ?

ਹਾਲ ਤਾਂ ਇਹ ਹੋ ਗਿਆ ਹੈ ਕਿ ਲੱਖਾਂ ਕਰੋੜਾਂ ਸ਼ਰਧਾਲੂਆਂ ਦੀ ਆਸਥਾ ਦੇ ਕੇਂਦਰ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਨਤਮਸਤਕ ਹੋਣ ਤੋਂ ਬਾਅਦ ਕੋਈ ਸੈਲੀਬ੍ਰਿਟੀ ਦੋ ਮਿੰਟ ਲਈ ਪਵਿੱਤਰ ਲੰਗਰ ਵਿੱਚ ਚਲਿਆ ਜਾਂਦਾ ਹੈ, ਦੋ ਪਲੇਟਾਂ ਫੜਦਾ ਹੈ, ਤੁਰੰਤ ਹੀ ਪੰਜ ਛੇ ਕੈਮਰੇ ਆ ਜਾਂਦੇ ਹਨ, ਮਿੰਟਾਂ-ਸਕਿੰਟਾਂ ਵਿੱਚ ਸੈਂਕੜੇ ਫੋਟੋਆਂ ਖਿੱਚੀਆਂ ਜਾਂਦੀਆਂ ਹਨ ਅਤੇ ਤੁਰੰਤ ਇਹ ਖ਼ਬਰ ਬਣ ਜਾਂਦੀ ਹੈ ਕਿ ਫਲਾਣੇ ਹੀਰੋ/ਹੀਰੋਈਨ ਨੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਪਵਿੱਤਰ ਲੰਗਰ ਵਿੱਚ ਸੇਵਾ ਕੀਤੀ ਜਾਂ ਭਾਂਡੇ ਮਾਂਜੇ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਇਹ ਸੱਚਮੁੱਚ ਸੇਵਾ ਹੈ? ਜਾਂ ਫਿਰ ਇਹ ਸਿੱਖ ਭਾਵਨਾਵਾਂ ਦੀ ਬ੍ਰਾਂਡਿੰਗ ਹੈ।

ਪਿਛਲੇ ਕੁੱਝ ਸਮੇਂ ਤੋਂ ਇਹ ਵੀ ਵੇਖਣ ਵਿੱਚ ਆ ਰਿਹਾ ਹੈ ਕਿ ਜਦੋਂ ਵੀ ਕੋਈ ਨਵੀਂ ਫ਼ਿਲਮ ਰਿਲੀਜ਼ ਹੋਣ ਵਾਲੀ ਹੁੰਦੀ ਹੈ ਤਾਂ ਉਸ ਤੋਂ ਪਹਿਲਾਂ ਫ਼ਿਲਮ ਦੀ ਟੀਮ ਦੇ ਮੈਂਬਰ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੁੰਦੇ ਹਨ ਅਤੇ ਫ਼ਿਲਮ ਦੀ ਸਫ਼ਲਤਾ ਲਈ ਅਰਦਾਸ ਕਰਦੇ ਹਨ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਅਰਦਾਸ ਕਰਨਾ ਜਾਂ ਕਰਵਾਉਣਾ ਉਹਨਾਂ ਦਾ ਅਧਿਕਾਰ ਹੈ, ਜਿਸ ਉੱਪਰ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋ ਸਕਦਾ ਪਰ ਇਸ ਮੌਕੇ ਉਹਨਾਂ ਵੱਲੋਂ ਆਪਣੇ ਨਾਲ ਕੈਮਰਾਮੈਨਾਂ ਦੀਆਂ ਟੀਮਾਂ ਵੀ ਰੱਖੀਆਂ ਹੁੰਦੀਆਂ ਹਨ, ਜੋ ਕਿ ਉਹਨਾਂ ਦੀ ਹਰ ਗਤੀਵਿਧੀ ਨੂੰ ਆਪਣੇ ਕੈਮਰਿਆਂ ਵਿੱਚ ਕੈਦ ਕਰਦੇ ਰਹਿੰਦੇ ਹਨ। ਇਸ ਮੌਕੇ ਪਰਿਕਰਮਾ ਵਿੱਚ ਖੜ੍ਹੇ ਹੋ ਕੇ ਪਵਿੱਤਰ ਸਰੋਵਰ ਕਿਨਾਰੇ ਫ਼ਿਲਮੀ ਟੀਮ ਵੱਲੋਂ ਵਿਸ਼ੇਸ਼ ਤਸਵੀਰਾਂ ਖਿਚਵਾਈਆਂ ਜਾਂਦੀਆਂ ਹਨ। ਇਸ ਤੋਂ ਤੁਰੰਤ ਬਾਅਦ ਇਹ ਤਸਵੀਰਾਂ ਅਤੇ ਵੀਡੀਓ ਮੀਡੀਆ ਅਤੇ ਸੋਸ਼ਲ ਮੀਡੀਆ ’ਤੇ ਆ ਜਾਂਦੀਆਂ ਹਨ ਅਤੇ ਇਸ ਨੂੰ ਵੀ ਫ਼ਿਲਮੀ ਟੀਮ ਵੱਲੋਂ ਆਪਣੀ ਫ਼ਿਲਮ ਦੀ ਮਸ਼ਹੂਰੀ ਲਈ ਵਰਤਣ ਦਾ ਯਤਨ ਕੀਤਾ ਜਾਂਦਾ ਹੈ।

ਜਦੋਂ ਅਸੀਂ ਗੁਰੂ ਕਾਲ ਦਾ ਇਤਿਹਾਸ ਪੜ੍ਹਦੇ ਸੁਣਦੇ ਹਾਂ ਤਾਂ ਸਾਨੂੰ ਪਤਾ ਚੱਲਦਾ ਹੈ ਕਿ ਸਿੱਖ ਗੁਰੂ ਸਾਹਿਬਾਨ ਨੂੰ ਮਰਿਆਦਾ ਬਹੁਤ ਪਿਆਰੀ ਸੀ ਅਤੇ ਉਹਨਾਂ ਵੱਲੋਂ ਗੁਰਧਾਮਾਂ ਸਬੰਧੀ ਵਿਸ਼ੇਸ਼ ਮਰਿਆਦਾ ਨਿਸ਼ਚਿਤ ਕੀਤੀ ਹੋਈ ਹੈ। ਇਸ ਮਰਿਆਦਾ ਦੀ ਪਾਲਣਾ ਕਰਨਾ ਹਰ ਸਿੱਖ ਅਤੇ ਗੁਰੂ ਘਰ ਆਉਣ ਵਾਲੇ ਹਰ ਸ਼ਰਧਾਲੂ ਦਾ ਫ਼ਰਜ਼ ਹੈ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿੱਚ ਸਿਰਫ਼ ਸਿੱਖ ਹੀ ਨਤਮਸਤਕ ਨਹੀਂ ਹੁੰਦੇ ਸਗੋਂ ਹੋਰਨਾਂ ਧਰਮਾਂ ਦੇ ਲੋਕ ਵੀ ਨਤਮਸਤਕ ਹੁੰਦੇ ਹਨ ਪਰ ਇਸ ਪਵਿੱਤਰ ਗੁਰੂ ਘਰ ਦੀ ਮਰਿਆਦਾ ਦੀ ਪਾਲਣਾ ਕਰਨਾ ਹਰ ਸ਼ਰਧਾਲੂ ਲਈ ਜ਼ਰੂਰੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕ ਅਤੇ ਅਧਿਕਾਰੀ ਤੇ ਸੇਵਾਦਾਰ ਗੁਰੂ ਘਰ ਦੀ ਮਰਿਆਦਾ ਬਾਰੇ ਹਮੇਸ਼ਾ ਸੁਚੇਤ ਰਹਿੰਦੇ ਹਨ ਪਰ ਆਮ ਸਿੱਖ ਸੰਗਤਾਂ ਇਸ ਤਰ੍ਹਾਂ ਮਹਿਸੂਸ ਕਰ ਰਹੀਆਂ ਹਨ ਕਿ ਸੈਲੀਬ੍ਰਿਟੀਜ਼ ਦੇ ਆਉਣ ਮੌਕੇ ਉਹਨਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ੇਸ਼ ਤਵੱਜੋ ਦਿੱਤੀ ਜਾਂਦੀ ਹੈ ਅਤੇ ਉਹਨਾਂ ਨੂੰ ਕੈਮਰੇ ਰਾਹੀਂ ਤਸਵੀਰਾਂ ਖਿਚਵਾਉਣ ਅਤੇ ਵੀਡੀਓ ਬਣਵਾਉਣ ਦੀ ਵੀ ਖੁੱਲ੍ਹ ਦਿੱਤੀ ਜਾਂਦੀ ਹੈ। ਕੀ ਇਹ ਸਿੱਖ ਧਰਮ ਵਿੱਚ ‘ਵੀ.ਆਈ.ਪੀ.’ ਕਲਚਰ ਤਾਂ ਭਾਰੂ ਨਹੀਂ ਹੋ ਰਿਹਾ। ਕੀ ਇਹ ਮਰਿਆਦਾ ਦੀ ਉਲੰਘਣਾ ਤਾਂ ਨਹੀਂ ਹੋ ਰਹੀ? ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਮਰਿਆਦਾ ਹਰ ਹੀਲੇ ਕਾਇਮ ਰੱਖੀ ਜਾਣੀ ਜ਼ਰੂਰੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਇਸ ਪਾਸੇ ਵੀ ਧਿਆਨ ਦੇਣ ਦੀ ਲੋੜ ਹੈ।

ਭਾਰਤੀ ਰਾਜਨੀਤੀ ਦਾ ਬਦਲਦਾ ਸਰੂਪ: ਬੰਗਾਲ ਤੋਂ ਬਾਅਦ ਪੰਜਾਬ ਦੀ ਵਾਰੀ?

ਬਘੇਲ ਸਿੰਘ ਧਾਲੀਵਾਲ
9815700916

ਭਾਰਤ ਦੀ ਮੌਜੂਦਾ ਸਮੇਂ ਦੀ ਰਾਜਨੀਤੀ ਨੂੰ ਸਮਝਣਾ ਕੋਈ ਸੁਖਾਲਾ ਕਾਰਜ ਨਹੀਂ ਰਿਹਾ, ਕਿਉਂਕਿ ਇਹ ਇੱਕੋ-ਇੱਕ ਅਜਿਹਾ ਖੇਤਰ ਹੈ ਜਿਸ ਦਾ ਨਾ ਕੋਈ ਮਿਆਰ ਹੈ ਅਤੇ ਨਾ ਹੀ ਕੋਈ ਮਾਪਦੰਡ। ਭਾਰਤੀ ਰਾਜਨੀਤੀ ਦੇ ਇਸ ਦੌਰ ਨੂੰ ਜੇ ਧਿਆਨ ਨਾਲ ਵੇਖੀਏ ਤਾਂ ਪੁਰਾਣੀਆਂ ਕਹਾਵਤਾਂ ਦੇ ਅਸਲ ਅਰਥ ਆਪਣੇ-ਆਪ ਸਾਹਮਣੇ ਆ ਜਾਂਦੇ ਹਨ। ਪੰਜਾਬੀ ਕਹਾਵਤ ਡਾਢੇ ਦਾ ਸੱਤੀਂ ਵੀਹੀਂ ਸੌ , ਜਿੱਥੇ ਤਕੜੇ ਦੇ ਧੋਖੇ ਜਾਂ ਚਲਾਕੀ ਦੀ ਪ੍ਰਤੀਕ ਹੈ, ਉੱਥੇ ਹੀ ਇਹ ਅਜੋਕੇ ਰਾਜਨੀਤਿਕ ਪ੍ਰਬੰਧ ਦੀ ਉਸ ਸੱਚਾਈ ਨੂੰ ਵੀ ਨੰਗਿਆਂ ਕਰਦੀ ਹੈ ਜਿੱਥੇ ਰਾਜਨੀਤਕ ਤਾਕਤ ਕਾਨੂੰਨ ਤੋਂ ਵੀ ਵੱਡੀ ਹੋ ਜਾਂਦੀ ਹੈ। ਅੱਜ ਦਾ ਭਾਰਤ ਉਸੇ ਖ਼ਤਰਨਾਕ ਮੋੜ ’ਤੇ ਖੜ੍ਹਾ ਦਿਖਾਈ ਦਿੰਦਾ ਹੈ।

?ਪੱਛਮੀ ਬੰਗਾਲ ਦੀਆਂ ਚੋਣਾਂ ਨੂੰ ਦੇਖ ਕੇ ਇਹ ਅਹਿਸਾਸ ਹੋਰ ਵੀ ਗਹਿਰਾ ਹੋ ਜਾਂਦਾ ਹੈ ਕਿ ਹੁਣ ਭਾਰਤ ਦਾ ਲੋਕਤੰਤਰ ਆਪਣੇ ਆਖਰੀ ਸਾਹਾਂ ’ਤੇ ਹੈ। ਇਸ ਲਈ ਹੁਣ ਵੋਟਾਂ ਮਹਿਜ਼ ਇੱਕ ਰਸਮੀ ਕਾਰਵਾਈ (ਫਾਰਮੈਲਿਟੀ) ਰਹਿ ਗਈਆਂ ਹਨ, ਜਦੋਂਕਿ ਡੰਡੇ ਦੇ ਜ਼ੋਰ ਨਾਲ ਸੂਬਿਆਂ ਅਤੇ ਸੰਸਥਾਵਾਂ ਉੱਤੇ ਕਬਜ਼ਾ ਕਰਨ ਦੀ ਅਣ-ਐਲਾਨੀ ਜੰਗ ਸ਼ੁਰੂ ਹੋ ਚੁੱਕੀ ਹੈ। ਭਾਜਪਾ ਨੇ ਬੰਗਾਲ ਨੂੰ ਜਿੱਤਣ ਲਈ ਜਿਹੜਾ ਜ਼ੋਰ ਲਾਇਆ, ਉਹ ਕਿਸੇ ਆਮ ਚੋਣ ਮੁਹਿੰਮ ਵਰਗਾ ਨਹੀਂ ਸੀ। ਕੇਂਦਰੀ ਮੰਤਰੀਆਂ ਦੇ ਲਗਾਤਾਰ ਹਮਲਾਵਰ ਦੌਰੇ, ਗੋਦੀ ਮੀਡੀਆ ਦੀ ਇੱਕਤਰਫ਼ਾ ਮੁਹਿੰਮ, ਚੋਣ ਕਮਿਸ਼ਨ ਦੀ ਚੁੱਪ, ਸੁਰੱਖਿਆ ਬਲਾਂ ਦੀ ਅਸਧਾਰਨ ਤਾਇਨਾਤੀ, ਧੱਕੇਸ਼ਾਹੀ ਅਤੇ ਵੋਟਰਾਂ ਦੇ ਅਧਿਕਾਰਾਂ ਦਾ ਇਹ ‘ਕਾਤਲ ਵਰਤਾਰਾ’ ਅਨੇਕਾਂ ਸਵਾਲ ਖੜ੍ਹੇ ਕਰ ਗਿਆ ਹੈ।

ਇਹ ਸਾਰਾ ਕੁਝ ਲੋਕਤੰਤਰਕ ਪ੍ਰਕਿਰਿਆ ਦਾ ਹਿੱਸਾ ਨਹੀਂ ਹੈ। ਇਹ ਉਸ ‘ਸੱਤੀਂ ਵੀਹੀਂ ਸੌ’ ਵਾਲੀ ਰਾਜਨੀਤੀ ਦਾ ਆਧੁਨਿਕ ਰੂਪ ਹੈ ਜਿੱਥੇ ਜਨ-ਮਤ ਨਹੀਂ, ਸਗੋਂ ਤਾਨਾਸ਼ਾਹੀ ਪ੍ਰਬੰਧ ਦਾ ਡੰਡਾ ਜਿੱਤਦਾ ਹੈ। ਕਪਿਲ ਸਿੱਬਲ ਵਰਗੇ ਸੀਨੀਅਰ ਕਾਨੂੰਨਦਾਨ ਨੇ ਖੁੱਲ੍ਹੇ ਤੌਰ ’ਤੇ ਕਿਹਾ ਕਿ ਪੱਛਮੀ ਬੰਗਾਲ ਵਿੱਚ ਤ੍ਰਿਣਮੂਲ ਕਾਂਗਰਸ ਨੂੰ ਭਾਜਪਾ ਨੇ ਨਹੀਂ ਹਰਾਇਆ, ਸਗੋਂ ਚੋਣ ਕਮਿਸ਼ਨ, ਸੁਰੱਖਿਆ ਬਲਾਂ ਅਤੇ ਵੋਟਰਾਂ ਦੇ ਹੱਕ ਖੋਹਣ ਵਾਲੀ ਪ੍ਰਕਿਰਿਆ ਨੇ ਹਰਾਇਆ ਹੈ। ਉਹਨਾਂ ਦਾ ਇਹ ਬਿਆਨ ਭਾਰਤੀ ਲੋਕਤੰਤਰ ਦੀ ਡਿੱਗਦੀ ਭਰੋਸੇਯੋਗਤਾ ਦੇ ਦਰਦ ਨੂੰ ਦਰਸਾਉਂਦਾ ਹੈ। ਜੇ ਚੋਣਾਂ ਦੇ ਨਤੀਜੇ ਪਹਿਲਾਂ ਹੀ ਤੈਅ ਕੀਤੇ ਜਾਣ ਲੱਗ ਪੈਣ, ਜੇ ਪ੍ਰਬੰਧ ਇੱਕ ਧਿਰ ਦੇ ਹੱਕ ਵਿੱਚ ਖੜ੍ਹ ਜਾਵੇ, ਫਿਰ ਲੋਕਤੰਤਰ ਅਤੇ ਤਾਨਾਸ਼ਾਹੀ ਵਿੱਚ ਫਰਕ ਹੀ ਕੀ ਰਹਿ ਜਾਂਦਾ ਹੈ?

ਅੱਜ ਹਾਲਾਤ ਇਹ ਹਨ ਕਿ ਜਿੱਥੇ ਭਾਜਪਾ ਦੀ ਸਰਕਾਰ ਨਹੀਂ ਹੈ, ਉੱਥੇ ਹਰ ਛੋਟੀ ਘਟਨਾ ਨੂੰ ਰਾਸ਼ਟਰੀ ਸੰਕਟ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਮੀਡੀਆ ਦਾ ਵੱਡਾ ਹਿੱਸਾ ਕੇਂਦਰੀ ਤਾਕਤਾਂ ਦੇ ਹੱਕ ਵਿੱਚ ਮਨੋਵਿਗਿਆਨਕ ਜੰਗ ਲੜਦਾ ਦਿਖਾਈ ਦਿੰਦਾ ਹੈ। ਬੰਗਾਲ ਵਿੱਚ ਮਮਤਾ ਬੈਨਰਜੀ ਨੂੰ ਬਦਨਾਮ ਕਰਨ ਲਈ ਜਿਹੜੀ ਭਾਸ਼ਾ ਵਰਤੀ ਗਈ, ਉਹ ਰਾਜਨੀਤਿਕ ਅਸਹਿਮਤੀ ਨਹੀਂ, ਬਲਕਿ ਇੱਕ ਚੁਣੀ ਹੋਈ ਸਰਕਾਰ ਨੂੰ ਲੋਕਾਂ ਦੀ ਨਜ਼ਰ ਵਿੱਚ ਗਿਰਾਉਣ ਦੀ ਕੋਝੀ ਅਤੇ ਸੋਚੀ-ਸਮਝੀ ਮੁਹਿੰਮ ਸੀ। ਮਮਤਾ ਲਈ ਹਰ ਉਹ ਸ਼ਬਦ ਵਰਤੋਂ ਵਿੱਚ ਲਿਆਂਦਾ ਗਿਆ, ਜਿਹੜਾ ਉਹਨਾਂ ਦੀ ਇਮਾਨਦਾਰ ਛਵੀ ਨੂੰ ਖ਼ਰਾਬ ਕਰਨ ਲਈ ਢੁਕਵਾਂ ਜਾਪਿਆ। ਮਿਸਾਲ ਦੇ ਤੌਰ ’ਤੇ, ਕਦੇ ਉਹਨਾਂ ਨੂੰ ਅਰਾਜਕਤਾਵਾਦੀ (ਅਨਾਰਕੀ), ਕਦੇ ਰਾਸ਼ਟਰ-ਵਿਰੋਧੀ ਅਤੇ ਕਦੇ ਘੁਸਪੈਠੀਆਂ ਦੀ ਹਮਾਇਤੀ ਕਿਹਾ ਗਿਆ। ਇਹ ਹਰ ਤਾਨਾਸ਼ਾਹੀ ਸੋਚ ਦਾ ਸਾਜਿਸ਼ੀ ਢੰਗ ਹੈ ਕਿ ਪਹਿਲਾਂ ਵਿਰੋਧੀ ਨੂੰ ਬਦਨਾਮ ਕਰੋ, ਫਿਰ ਉਸ ਦੀ ਰਾਜਨੀਤਕ ਜ਼ਮੀਨ ਖੋਹਣੀ ਆਸਾਨ ਹੋ ਜਾਂਦੀ ਹੈ।

ਮੁੱਢ ਤੋਂ ਹੀ ਹਰ ਹਾਕਮ ਨੂੰ ਇਹ ਭਰਮ ਰਿਹਾ ਹੈ ਕਿ ਉਹ ਸਦੀਵੀ ਹੈ। ਔਰੰਗਜ਼ੇਬ ਨੂੰ ਵੀ ਅਜਿਹਾ ਹੀ ਭਰਮ ਸੀ। ਉਸ ਨੇ ਤਲਵਾਰ ਦੇ ਜ਼ੋਰ ’ਤੇ ਪੂਰੇ ਭਾਰਤ ਨੂੰ ਇੱਕ ਮਜ਼ਹਬੀ ਰਾਜ ਵਿੱਚ ਬਦਲਣ ਦੀ ਕੋਸ਼ਿਸ਼ ਕੀਤੀ, ਪਰ ਉਹ ਖ਼ੁਦ ਥੱਕ ਗਿਆ ਅਤੇ ਉਸ ਦਾ ਸਾਮਰਾਜ ਟੁੱਟ ਗਿਆ। ਸਿਕੰਦਰ ਨੇ ਦੁਨੀਆ ਜਿੱਤਣ ਦਾ ਸੁਪਨਾ ਵੇਖਿਆ ਸੀ, ਪਰ ਪੰਜਾਬ ਦੀ ਧਰਤੀ ਨੇ ਉਸ ਦਾ ਹੰਕਾਰ ਤੋੜ ਦਿੱਤਾ। ਅੰਗਰੇਜ਼ਾਂ ਨੂੰ ਲੱਗਦਾ ਸੀ ਕਿ ਉਹਨਾਂ ਦੇ ਸਾਮਰਾਜ ਵਿੱਚ ਸੂਰਜ ਕਦੇ ਨਹੀਂ ਡੁੱਬੇਗਾ, ਪਰ ਅਖ਼ੀਰ ਉਹਨਾਂ ਦਾ ਭਰਮ ਵੀ ਚਕਨਾਚੂਰ ਹੋ ਗਿਆ। ਇਹ ਸਦੀਵੀ ਸੱਚ ਹੈ ਕਿ ਜਿਹੜੀ ਤਾਕਤ ਲੋਕਾਂ ਦੇ ਹੱਕਾਂ ਨੂੰ ਕੁਚਲਦੀ ਹੈ, ਉਹ ਕੁਝ ਸਮੇਂ ਲਈ ਡਰ ਅਤੇ ਦਹਿਸ਼ਤ ਤਾਂ ਪੈਦਾ ਕਰ ਸਕਦੀ ਹੈ, ਪਰ ਇਤਿਹਾਸ ਵਿੱਚ ਕਦੇ ਸਦੀਵੀ ਨਹੀਂ ਰਹਿੰਦੀ।

ਅੱਜ ਭਾਜਪਾ ਵੀ ਅਜਿਹੇ ਹੀ ਭਰਮ ਵਿੱਚ ਜੀ ਰਹੀ ਪ੍ਰਤੀਤ ਹੁੰਦੀ ਹੈ। ਉਸ ਨੂੰ ਜਾਪਦਾ ਹੈ ਕਿ ਕੇਂਦਰੀ ਏਜੰਸੀਆਂ, ਮੀਡੀਆ, ਪੈਸਾ ਅਤੇ ਤਾਕਤ ਦੀ ਦੁਰਵਰਤੋਂ ਨਾਲ ਹਰ ਸੂਬੇ ਨੂੰ ਕਾਬੂ ਕੀਤਾ ਜਾ ਸਕਦਾ ਹੈ, ਪਰ ਹਰ ਸੂਬਾ ਇੱਕੋ ਜਿਹਾ ਨਹੀਂ ਹੁੰਦਾ। ਪੰਜਾਬ, ਬੰਗਾਲ ਜਾਂ ਕਸ਼ਮੀਰ ਸਿਰਫ਼ ਭੂਗੋਲਿਕ ਦਾਇਰੇ ਨਹੀਂ ਹਨ; ਇਹ ਆਪਣੀ ਵੱਖਰੀ ਹੋਣੀ ਅਤੇ ਇਤਿਹਾਸਿਕ ਪਛਾਣ ਵਾਲੇ ਖਿੱਤੇ ਹਨ। ਪੰਜਾਬ ਆਪਣੀ ਨਾਬਰੀ (ਬਗ਼ਾਵਤ/ਅਣਖ) ਕਰਕੇ ਬਾਕੀ ਸੂਬਿਆਂ ਤੋਂ ਵੀ ਵੱਖਰਾ ਹੈ।

ਬੰਗਾਲ ਤੋਂ ਬਾਅਦ ਹੁਣ ਨਿਸ਼ਾਨਾ ਪੰਜਾਬ ਹੈ। ਇਹ ਕਹਿਣਾ ਹੁਣ ਕੋਈ ਲੁਕਿਆ ਭੇਦ ਜਾਂ ਭੁਲੇਖੇ ਵਾਲੀ ਗੱਲ ਨਹੀਂ ਕਿ ਪੰਜਾਬ ਦੀ ਭੂਗੋਲਿਕ ਸਥਿਤੀ, ਪਾਣੀ, ਖੇਤੀ, ਜਵਾਨੀ, ਕਿਸਾਨੀ ਅਤੇ ਰਾਜਨੀਤਿਕ ਚੇਤਨਾ, ਦਿੱਲੀ ਲਈ ਹਮੇਸ਼ਾ ਸਿਰਦਰਦੀ ਅਤੇ ਕੰਟਰੋਲ ਕਰਨ ਵਾਲਾ ਮਸਲਾ ਰਿਹਾ ਹੈ। ਜਿਵੇਂ ਹੀ ਬੰਗਾਲ ਵਿੱਚ ਸਫਲਤਾ ਦਾ ਦਾਅਵਾ ਕੀਤਾ ਗਿਆ, ਪੰਜਾਬ ਦੇ ਭਾਜਪਾਈ ਲੀਡਰ ਵੀ ਜੋਸ਼ ਵਿੱਚ ਆ ਗਏ। ਉਹਨਾਂ ਦੇ ਬਿਆਨ ਸਾਫ਼ ਦੱਸ ਰਹੇ ਹਨ ਕਿ ਹੁਣ 2027 ਦੀਆਂ ਪੰਜਾਬ ਚੋਣਾਂ ਉਹਨਾਂ ਦਾ ਅਗਲਾ ਨਿਸ਼ਾਨਾ ਹਨ। ਪਰ ਉਹ ਸ਼ਾਇਦ ਪੰਜਾਬ ਵਿੱਚ ਰਹਿੰਦੇ ਹੋਏ ਵੀ ਇਸ ਦੀ ਗ਼ੈਰਤੀ ਮਾਨਸਿਕਤਾ ਨੂੰ ਸਮਝਣ ਵਿੱਚ ਅਸਮਰੱਥ ਰਹੇ ਹਨ।

ਪੰਜਾਬ ਕੋਈ ਆਮ ਧਰਤੀ ਨਹੀਂ ਹੈ। ਇੱਥੇ ਹਮੇਸ਼ਾ ਨਾਬਰੀ ਫਲੀ ਹੈ ਅਤੇ ਸ਼ਹਾਦਤਾਂ ਦੇ ਬੀਜ ਪੁੰਗਰਦੇ ਰਹੇ ਹਨ। ਇਹ ਇਤਿਹਾਸਿਕ ਸੱਚਾਈ ਹੈ ਕਿ ਇਸ ਧਰਤੀ ਨੇ ਦੁਨੀਆ ਦੇ ਅਜੇਤੂਆਂ ਦੀਆਂ ਗੋਡਣੀਆਂ ਲਵਾਈਆਂ ਹਨ। ਪੰਜਾਬ ਨੇ ਮੁਗ਼ਲਾਂ ਦੇ ਸਮੇਂ ਤੋਂ ਲੈ ਕੇ ਮੌਜੂਦਾ ਦੌਰ ਤੱਕ ਪੁੱਜਦਿਆਂ ਦਿੱਲੀ ਦੇ ਤਖ਼ਤ ਨੂੰ ਇੱਕ ਨਹੀਂ, ਅਨੇਕਾਂ ਵਾਰ ਚੁਣੌਤੀ ਦਿੱਤੀ ਹੈ। ਦਿੱਲੀ ਦਾ ਕਿਸਾਨੀ ਅੰਦੋਲਨ ਇਸ ਦੀ ਸਭ ਤੋਂ ਵੱਡੀ ਮਿਸਾਲ ਹੈ। ਸੱਤ ਸੌ ਤੋਂ ਵੱਧ ਕਿਸਾਨ ਅਤੇ ਮਜ਼ਦੂਰ ਸ਼ਹੀਦ ਹੋ ਗਏ, ਪਰ ਪੰਜਾਬ ਨੇ ਪਿੱਛੇ ਮੁੜਨਾ ਪ੍ਰਵਾਨ ਨਾ ਕੀਤਾ, ਬਲਕਿ ਤਿੰਨ ਕਿਸਾਨੀ ਕਾਨੂੰਨਾਂ ਨੂੰ ਵਾਪਸ ਨਾ ਲੈਣ ਦੇ ਦਾਅਵੇ ਕਰਨ ਵਾਲੀ ਕੇਂਦਰੀ ਹਕੂਮਤ ਨੂੰ ਝੁਕਣਾ ਪਿਆ।

ਪੰਜਾਬ ਨਾਲ ਧੱਕੇ ਦੀ ਸੂਚੀ ਵੀ ਬਹੁਤ ਲੰਮੀ ਹੈ। ਹਰ ਵਾਰ ਪੰਜਾਬ ਦੇ ਹੱਕਾਂ ਨੂੰ ਰਾਸ਼ਟਰੀ ਹਿੱਤ ਦੇ ਨਾਂਅ ’ਤੇ ਦਬਾਉਣ ਦੀ ਕੋਸ਼ਿਸ਼ ਹੋਈ ਹੈ। ਇਹੀ ਕਾਰਨ ਹੈ ਕਿ ਪੰਜਾਬ ਵਿੱਚ ਕੇਂਦਰੀ ਦਖ਼ਲਅੰਦਾਜ਼ੀ ਪ੍ਰਤੀ ਹਮੇਸ਼ਾ ਸ਼ੱਕ ਅਤੇ ਗੁੱਸਾ ਬਰਕਰਾਰ ਰਿਹਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਇਸ ਦੇਸ਼ ਦੀ ਆਰਥਿਕ, ਸੱਭਿਆਚਾਰਕ ਅਤੇ ਜਜ਼ਬਾਤੀ ਤਾਕਤ ਰਿਹਾ ਹੈ। ਇਸ ਧਰਤੀ ਨੇ ਦੇਸ਼ ਨੂੰ ਅੰਨ ਦਿੱਤਾ, ਸਰਹੱਦਾਂ ਦੀ ਰੱਖਿਆ ਕੀਤੀ ਅਤੇ ਹਰ ਸੰਕਟ ਵੇਲੇ ਆਪਣਾ ਲਹੂ ਦਿੱਤਾ। ਪਰ ਇਸ ਦੇ ਬਾਵਜੂਦ ਪੰਜਾਬ ’ਤੇ ਕੇਂਦਰੀ ਤਾਕਤਾਂ ਦੀ ਹਮੇਸ਼ਾ ਮਾੜੀ ਨਜ਼ਰ ਹੀ ਰਹੀ ਹੈ। ਪਹਿਲਾ ਹਮਲਾ ਪਾਣੀਆਂ ’ਤੇ ਹੋਇਆ, ਫਿਰ ਹਮਲਿਆਂ ਦਾ ਸਿਲਸਿਲਾ ਲਗਾਤਾਰ ਜਾਰੀ ਰਿਹਾ—ਜ਼ਮੀਨ ’ਤੇ, ਕਿਸਾਨੀ ’ਤੇ, ਜਵਾਨੀ ’ਤੇ ਅਤੇ ਸਭ ਤੋਂ ਵੱਡਾ ਹਮਲਾ ‘ਬਾਬੇ ਕਿਆਂ ਦੀ ਸੋਚ’ (ਗੁਰੂ ਨਾਨਕ ਦੀ ਸੋਚ) ’ਤੇ ਹੈ।

ਜੇ ਲੋਕ ਅਜੇ ਵੀ ਨਾ ਸਮਝੇ ਤਾਂ ਆਉਣ ਵਾਲਾ ਸਮਾਂ ਬਹੁਤ ਖ਼ਤਰਨਾਕ ਹੋ ਸਕਦਾ ਹੈ। ਇਸ ਲਈ ਪੰਜਾਬੀਆਂ ਨੂੰ ਹੁਣੇ ਤੋਂ ਤਿਆਰ ਹੋਣਾ ਪਵੇਗਾ। ਪਿੰਡਾਂ, ਸ਼ਹਿਰਾਂ, ਯੂਨੀਵਰਸਿਟੀਆਂ ਅਤੇ ਸਮਾਜਿਕ ਸੰਸਥਾਵਾਂ ਵਿੱਚ ਚੇਤਨਾ ਪੈਦਾ ਕਰਨੀ ਪਵੇਗੀ। ਇੱਥੋਂ ਦੇ ਰਾਜਨੀਤਕ ਨੇਤਾਵਾਂ ਵਿੱਚ ਮਮਤਾ ਬੈਨਰਜੀ ਜਿੰਨੀ ਦਲੇਰੀ ਅਤੇ ਸੂਬੇ ਪ੍ਰਤੀ ਇਮਾਨਦਾਰੀ ਵਾਲੀ ਸੋਚ ਨੂੰ ਦ੍ਰਿੜ੍ਹ ਕਰਨਾ ਪਵੇਗਾ। ਲੋਕਾਂ ਨੂੰ ਵੀ ਇਹ ਸਮਝਣਾ ਪਵੇਗਾ ਕਿ ਚੋਣਾਂ ਸਿਰਫ਼ ਸਰਕਾਰ ਚੁਣਨ ਲਈ ਹੀ ਨਹੀਂ, ਸਗੋਂ ਭਵਿੱਖ ਦੀ ਦਿਸ਼ਾ ਚੁਣਨ ਦਾ ਮੌਕਾ ਹੋਣੀਆਂ ਚਾਹੀਦੀਆਂ ਹਨ।

ਪੱਛਮੀ ਬੰਗਾਲ ਦੀ ਅਣਖੀਲੀ ਔਰਤ ਮਮਤਾ ਬੈਨਰਜੀ ਨੇ ਬੰਗਾਲ ਵਿੱਚ ਹਾਰ ਮੰਨਣ ਤੋਂ ਇਨਕਾਰ ਕਰਕੇ ਇਹ ਸਪੱਸ਼ਟ ਸੰਦੇਸ਼ ਦਿੱਤਾ ਹੈ ਕਿ ਕੇਂਦਰ ਦੀਆਂ ਫਿਰਕੂ ਧੱਕੇਸ਼ਾਹੀਆਂ ਦੇ ਖ਼ਿਲਾਫ਼ ਲੜਾਈ ਜਾਰੀ ਰਹੇਗੀ। ਮਮਤਾ ਬੈਨਰਜੀ ਵੱਲੋਂ ਅਸਤੀਫ਼ਾ ਨਾ ਦੇਣ ਦੇ ਐਲਾਨ ਤੋਂ ਸਾਫ਼ ਹੁੰਦਾ ਹੈ ਕਿ ਉਹ ਦਬਾਅ ਅੱਗੇ ਝੁਕੇਗੀ ਨਹੀਂ। ਇਹ ਸਮਝ ਲੈਣ ਦੀ ਲੋੜ ਹੈ ਕਿ ਇਹ ਸਿਰਫ਼ ਬੰਗਾਲ ਦੀ ਲੜਾਈ ਨਹੀਂ ਰਹੀ; ਇਹ ਹੁਣ ਉਹਨਾਂ ਸਾਰੇ ਸੂਬਿਆਂ ਦੀ ਲੜਾਈ ਬਣਨੀ ਚਾਹੀਦੀ ਹੈ ਜੋ ਕੇਂਦਰੀਕਰਨ ਅਤੇ ਸੰਸਥਾਵਾਂ ਦੇ ਦੁਰਉਪਯੋਗ ਦੇ ਸਤਾਏ ਹੋਏ ਹਨ।

ਪੰਜਾਬ ਨੂੰ ਵੀ ਇਹ ਸਮਝਣਾ ਪਵੇਗਾ ਕਿ ਆਉਣ ਵਾਲਾ ਸਮਾਂ ਸਿਰਫ਼ ਰਾਜਨੀਤਿਕ ਨਹੀਂ, ਬਲਕਿ ਸਵੈਮਾਣ ਦੀ ਲੜਾਈ ਦਾ ਸਮਾਂ ਵੀ ਹੋ ਸਕਦਾ ਹੈ। ਜੇ ਪੰਜਾਬ ਦੀ ਜਨਤਾ ਜਾਤਾਂ, ਧੜਿਆਂ, ਛੋਟੇ ਲਾਲਚਾਂ ਅਤੇ ਝੂਠੇ ਨਾਅਰਿਆਂ ਵਿੱਚ ਫਸੀ ਰਹੀ ਤਾਂ ਇਤਿਹਾਸ ਮਾਫ਼ ਨਹੀਂ ਕਰੇਗਾ। ਸਮਾਂ ਆ ਗਿਆ ਹੈ ਕਿ ਪੰਜਾਬ ਆਪਣੀ ‘ਨਾਬਰੀ’ ਦੇ ਦਾਅਵੇ ਨੂੰ ਮਜ਼ਬੂਤ ਕਰੇ; ਆਪਣੇ ਪਾਣੀਆਂ, ਆਪਣੀ ਭਾਸ਼ਾ, ਆਪਣੀ ਜਵਾਨੀ, ਕਿਸਾਨੀ ਅਤੇ ਆਪਣੀ ਅਣਖ ਨੂੰ ਪਛਾਣੇ, ਕਿਉਂਕਿ ਹੁਣ ਫਿਰਕੂ ਤਾਕਤਾਂ ਦਾ ਅਗਲਾ ਨਿਸ਼ਾਨਾ ਪੰਜਾਬ ਹੋਵੇਗਾ।

ਕਿਵੇਂ ਰੋਕੀਏ ਪੰਜਾਬ ਨਾਲ ਕੇਂਦਰ ਦੀ ਧੱਕੇਸ਼ਾਹੀ ?

ਰਜਿੰਦਰ ਸਿੰਘ ਦੀਪ ਸਿੰਘ ਵਾਲਾ
84279-92567
ਜਨਰਲ ਸਕੱਤਰ ਕਿਰਤੀ ਕਿਸਾਨ ਯੂਨੀਅਨ

ਪੰਜਾਬ ਦੀ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿਚੋਂ ਮੈਂਬਰਸ਼ਿਪ ਕੇਂਦਰ ਸਰਕਾਰ ਨੇ ਖ਼ਤਮ ਕਰ ਦਿੱਤੀ ਹੈ। ਸੰਯੁਕਤ ਕਿਸਾਨ ਮੋਰਚਾ ਇਸ ਖ਼ਿਲਾਫ਼ 15 ਮਈ ਨੂੰ ਗਵਰਨਰ ਹਾਊਸ ਵੱਲ ਮੁਜ਼ਾਹਰਾ ਕਰਕੇ ਅੰਦੋਲਨ ਦਾ ਆਗਾਜ਼ ਕਰਨ ਜਾ ਰਿਹਾ ਹੈ। ਜਦੋਂ ਕਦੇ ਵੀ ਕੇਂਦਰ ਪੰਜਾਬ ਨਾਲ ਵਧੀਕੀ ਕਰਦਾ ਖਾਸਕਰ ਸੂਬਿਆਂ ਦੇ ਅਧਿਕਾਰਾਂ ਦੇ ਮਾਮਲੇ ਵਿੱਚ ਤਾਂ ਪੰਜਾਬ ’ਚ ਇਨ੍ਹਾਂ ਧੱਕਿਆਂ ਦਾ ਮੁੱਢ ਬਣੇ ਪੰਜਾਬ ਪੁਨਰਗਠਨ ਐਕਟ 1966 ਦੀਆਂ ਉਹ ਮਦਾਂ ਜੋ ਸੂਬਿਆਂ ਦੇ ਅਧਿਕਾਰਾਂ ’ਚ ਦਖਲਅੰਦਾਜ਼ੀ ਹਨ ਉਨ੍ਹਾਂ ’ਤੇ ਚਰਚਾ ਕੇਂਦਰਿਤ ਕਰਕੇ ਇਨ੍ਹਾਂ ਨੂੰ ਰੱਦ ਕਰਾਉਣ ਵਾਲੇ ਪਾਸੇ ਵਧਣ ਦੀ ਰੂਪ ਰੇਖਾ ਨਹੀਂ ਬਣਦੀ, ਵਕਤੀ ਚਰਚਾ ਤੱਕ ਗੱਲ ਸੀਮਤ ਰਹਿ ਜਾਂਦੀ ਹੈ। ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿਚੋਂ ਪੰਜਾਬ ਦੀ ਪੱਕੀ ਮੈਂਬਰਸ਼ਿਪ ਖ਼ਤਮ ਕਰਨ ਦਾ ਫ਼ੈਸਲਾ ਕਰਨ ਤੋਂ ਇਲਾਵਾ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਕੇਂਦਰ ਮੁਕੰਮਲ ਤੌਰ ’ਤੇ ਕੰਟਰੋਲ ਕਰ ਕੇ ਪੰਜਾਬ ਦੇ ਦਾਅਵੇ ਨੂੰ ਮੁੱਢੋਂ ਖਾਰਿਜ ਕਰਨਾ ਚਾਹੁੰਦਾ ਹੈ, ਇਸ ਤੋਂ ਪਹਿਲਾਂ 1 ਅਪ੍ਰੈਲ 2022 ਨੂੰ ਚੰਡੀਗੜ੍ਹ ਵਿਚ ਪੰਜਾਬ ਦੇ ਸਰਵਿਸ ਰੂਲ ਖ਼ਤਮ ਕਰਕੇ ਪੰਜਾਬ ਦੇ ਹਿੱਸੇ ਦੀਆਂ ਨੌਕਰੀਆਂ ਵੀ ਖ਼ਤਮ ਕਰਨ ਵੱਲ ਕਦਮ ਚੁੱਕਿਆ ਗਿਆ ਸੀ, ਡੈਮ ਸੇਫਟੀ ਐਕਟ ਲਿਆ ਕੇ ਮੁਲਕ ਭਰ ਦੇ ਡੈਮ ਵੀ ਕੇਂਦਰ ਨੇ ਆਪਣੇ ਕੰਟਰੋਲ ’ਚ ਕਰ ਲਏ, ਇਨ੍ਹਾਂ ਮਸਲਿਆਂ ’ਤੇ ਜਦੋਂ ਪੰਜਾਬ ਸੰਘਰਸ਼ ਕਰਦਾ ਤਾਂ ਵਕਤੀ ਤੌਰ ’ਤੇ ਕਈਂ ਵਾਰ ਕੇਂਦਰ ਪਿੱਛੇ ਵੀ ਹਟ ਜਾਂਦਾ ਹੈ, ਜਿਵੇ ਪੰਜਾਬ ਯੂਨੀਵਰਸਿਟੀ ਦੀ ਸੈਨਟ ਚੋਣ ਬਹਾਲ ਹੋਣ ਨਾਲ ਹੋਇਆ। ਪਰ ਇਨ੍ਹਾਂ ਹਮਲਿਆਂ ਦੀ ਜੜ੍ਹ ਪੰਜਾਬ ਪੁਨਰਗਠਨ ਐਕਟ 1966 ਨੂੰ ਸਿੱਧੇ ਮੱਥੇ ਟੱਕਰਨ ਦੀ ਸਖ਼ਤ ਜਰੂਰਤ ਹੈ। ਪੰਜਾਬ ਪੁਨਰਗਠਨ ਐਕਟ ਹੀ ਕੇਂਦਰ ਦੀਆਂ ਵਧੀਕੀਆਂ ਤੇ ਕਾਨੂੰਨੀ ਮੋਹਰ ਲਾਉਂਦਾ ਹੈ।

ਇੱਕ ਨਵੰਬਰ 1966 ਵਿੱਚ ਪੰਜਾਬ ਤੋਂ ਵੱਖ ਹੋਏ ਹਰਿਆਣੇ ਨਾਲ ਹੀ ਪੰਜਾਬ ਪੁਨਰਗਠਨ ਐਕਟ 1966 ਹੋਂਦ ਵਿੱਚ ਆਇਆ। ਇਸ ਦੇ ਸੈਕਸ਼ਨ 2 ਆਈ (9) ਮੁਤਾਬਕ 1966 ਤੋਂ ਪਹਿਲੇ ਪੰਜਾਬ ਦੀ ਆਬਾਦੀ ਦਾ 37.38 ਫੀਸਦੀ ਹਰਿਆਣਾ 54.84 ਫੀਸਦੀ ਪੰਜਾਬ ਤੇ 7.78 ਫੀਸਦੀ ਆਬਾਦੀ ਚੰਡੀਗੜ੍ਹ ਦੀ ਹੋਵੇਗੀ। ਪੰਜਾਬ ਤੇ ਹਰਿਆਣਾ ਵਿਚ ਅਧਿਕਾਰਾਂ ਤੇ ਅਸਾਸਿਆਂ ਦੀ ਵੰਡ 60:40 ਦੇ ਅਨੁਪਾਤ ਮੁਤਾਬਕ ਹੋਵੇਗੀ। ਪੁਨਰਗਠਨ ਐਕਟ ਦੇ ਕਿਸੇ ਵੀ ਸੈਕਸ਼ਨ ਵਿੱਚ 60:40 ਦਾ ਵਰਣਨ ਨਹੀਂ ਪਰ ਇਸਦੇ ਬਹੁਤ ਸਾਰੇ ਸੈਕਸ਼ਨ ਦਾ ਤੱਤ ਇਹੀ ਹੈ ਕਿ ਬਹੁਤ ਕੁਝ ਮਸਲਿਆਂ ਦਾ ਨਿਪਟਾਰਾ 60:40 ਦੇ ਅਨੁਪਾਤ ਅਨੁਸਾਰ ਕੀਤਾ ਜਾਵੇਗਾ।

ਸੈਕਸ਼ਨ 4 ਮੁਤਾਬਿਕ ਇੱਕ ਕੇਂਦਰੀ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਹੋਵੇਗਾ ਜੋ ਹਰਿਆਣਾ ਪੰਜਾਬ ਦੀ ਸਾਂਝੀ ਰਾਜਧਾਨੀ ਹੋਵੇਗੀ। ਜਦਕਿ ਮੁਲਕ ਭਰ ’ਚ ਜਦੋਂ ਵੀ ਨਵੇਂ ਸੂਬੇ ਹੋਂਦ ’ਚ ਆਏ ਤਾਂ ਰਾਜਧਾਨੀ ਪਹਿਲਾਂ ਵਾਲੇ ਸੂਬੇ ਦੀ ਰਹੀ, ਪਰ ਪੰਜਾਬ ਨਾਲ ਉਸ ਦਾ ਹੀ ਹਿੱਸਾ ਰਹੇ ਚੰਡੀਗੜ੍ਹ ਨੂੰ ਕੇਂਦਰੀ ਸ਼ਾਸਿਤ ਪ੍ਰਦੇਸ਼ ਬਣਾ ਕੇ ਪੰਜਾਬ ਨਾਲ ਵਧੀਕੀ ਕੀਤੀ ਗਈ। ਚੰਡੀਗੜ੍ਹ ਨੂੰ ਕੇਂਦਰੀ ਸ਼ਾਸਿਤ ਪ੍ਰਦੇਸ਼ ਬਣਾ ਕੇ ਪੰਜਾਬ ਦੀ ਵਿਰਾਸਤ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ’ਤੇ ਵੀ ਪੰਜਾਬ ਦੇ ਅਧਿਕਾਰ ਦੀ ਬਜਾਏ ਕੇਂਦਰ ਨੇ ਆਪਣਾ ਅਧਿਕਾਰ ਜਮਾ ਲਿਆ।

ਸੈਕਸ਼ਨ 72 ਮੁਤਾਬਕ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਇੰਟਰਸਟੇਟ ਬਾਡੀ ਕਾਰਪੋਰੇਟ ਕਹਿ ਕੇ ਕੇਂਦਰ ਨੇ ਇਸ ਦੇ ਉੱਪਰ ਆਪਣਾ ਅਧਿਕਾਰ ਜਮਾ ਲਿਆ।

ਸੈਕਸ਼ਨ 78 ਮੁਤਾਬਕ ਪਾਣੀ ਉੱਪਰ ਤੇ ਇਸ ਦੀ ਵੰਡ ਦੇ ਬਾਰੇ ਅਧਿਕਾਰ ਕੇਂਦਰ ਕੋਲ ਹੋਵੇਗਾ ਜਦ ਕਿ ਪਾਣੀ ਸੂਬਿਆਂ ਦਾ ਅਧਿਕਾਰ ਖੇਤਰ ਹੈ ਪਰ ਕੇਂਦਰ ਨੇ ਪੰਜਾਬ ਦੇ ਪਾਣੀਆਂ ਬਾਰੇ ਇਸ ਸੈਕਸ਼ਨ ਤਹਿਤ ਅਧਿਕਾਰ ਆਪਣੇ ਕੋਲ ਲੈ ਲਿਆ। ਸਿਰਫ਼ ਪਾਣੀ ਹੀ ਨਹੀਂ ਪਾਣੀ ਤੋਂ ਬਣਦੀ ਪਣ ਬਿਜਲੀ ਵੀ ਸੂਬਿਆਂ ਦਾ ਅਧਿਕਾਰ ਖੇਤਰ ਹੈ ਪਰ ਪਾਣੀ ਸਮੇਤ ਪਣ ਬਿਜਲੀ ’ਤੇ ਵੀ ਕੇਂਦਰ ਨੇ ਆਪਣਾ ਕਬਜ਼ਾ ਕਰ ਲਿਆ।



ਸੈਕਸ਼ਨ 79 ਤਹਿਤ ਕੇਂਦਰ ਭਾਖੜਾ ਮੈਨੇਜਮੈਂਟ ਬੋਰਡ ਬਣਾਵੇਗਾ ਇਸ ਦਾ ਪ੍ਰਬੰਧ ਰੱਖ ਰਖਾਅ ਅਤੇ ਚਲਾਉਣ ਦਾ ਕੰਮ ਬੋਰਡ ਕਰੇਗਾ। ਭਾਖੜਾ ਡੈਮ ਅਤੇ ਇਸ ਦੇ ਰਿਜ਼ਰਵੋਇਰ ਨੰਗਲ ਡੈਮ, ਨੰਗਲ ਡੈਮ ਹਾਈਡਲ ਚੈਨਲ ਤੋਂ ਕੋਟਲਾ ਪਾਵਰ ਹਾਊਸ, ਸਿੰਜਾਈ ਹੈੱਡਵਰਕਸ ਜਿਸ ਵਿਚ ਰੋਪੜ, ਹਰੀਕੇ, ਫਿਰੋਜ਼ਪੁਰ ਹਨ। ਸਭ ਕੇਂਦਰ ਦੇ ਕੰਟਰੋਲ ’ਚ ਹੋਣਗੇ ਭਾਖੜਾ ਪਾਵਰ ਹਾਊਸ ਅਤੇ ਇਸ ਨਾਲ ਜੁੜੇ ਸਬ ਸਟੇਸ਼ਨ ਸਾਰੇ ਇਸ ਬੋਰਡ(ਕੇਂਦਰ ਸਰਕਾਰ)ਦੇ ਅਧੀਨ ਹੋਣਗੇ ਅਤੇ ਭਾਖੜਾ ਮੈਨੇਜਮੈਂਟ ਬੋਰਡ ਵਿਚ ਇੱਕ ਕੁੱਲ ਵਕਤੀ ਚੇਅਰਮੈਨ ਦੋ ਕੁੱਲ ਵਕਤੀ ਮੈਂਬਰ ਕੇਂਦਰ ਨਿਯੁਕਤ ਕਰੇਗਾ ਅਤੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਦੀ ਸਰਕਾਰ ਇਸ ਵਿੱਚ ਇੱਕ ਇੱਕ ਆਪਣਾ ਨੁਮਾਇੰਦਾ ਦੇਵੇਗੀ। ਇਹ ਸੈਕਸ਼ਨ 79(2)2 ਵਿੱਚ ਦਰਜ ਹੈ ਜਿਸ ਨੂੰ ਕੇਂਦਰ ਸਰਕਾਰ ਹੁਣ ਸੋਧ ਕੇ ਪੰਜਾਬ ਦੀ ਇਸ ਬੋਰਡ ਵਿਚੋਂ ਪੱਕੀ ਨੁਮਾਇੰਦਗੀ ਖਤਮ ਕਰ ਰਹੀ ਹੈ

ਪੰਜਾਬ ’ਚੋਂ ਨਿਕਲਿਆ ਹਰਿਆਣਾ ਆਪਣੇ ਹੈੱਡ ਵਰਕਸ ਦਾ ਮਾਲਿਕ ਤੇ ਪੰਜਾਬ ਦੇ ਰੋਪੜ ਹਰੀਕੇ ਤੇ ਫਿਰੋਜ਼ਪੁਰ ਦੇ ਹੈੱਡ ਵਰਕਸ ਤਕ ਕੇਂਦਰ ਦੀ ਮਾਲਕੀ ਫੈਲੀ ਹੋਈ ਹੈ। ਪੰਜਾਬ ਕਿੰਨਾ ਪਾਣੀ ਕਦੋਂ ਵਰਤੂ ਇਹ ਵੀ ਪੰਜਾਬ ਤਹਿ ਨਹੀਂ ਕਰ ਸਕਦਾ ? ਇਸਨੂੰ ਵਾਜਿਬ ਕੌਣ ਕਹਿ ਸਕਦਾ ?

ਸੈਕਸ਼ਨ 79(6) ਮੁਤਾਬਿਕ ਭਾਖੜਾ ਮੈਨੇਜਮੈਂਟ ਬੋਰਡ ਕੇਂਦਰ ਸਰਕਾਰ ਦੇ ਅਧੀਨ ਹੋਵੇਗਾ ਉਸਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰੇਗਾ ਜੋ ਕੇਂਦਰ ਸਰਕਾਰ ਸਮੇਂ ਸਮੇਂ ਤੇ ਉਸ ਨੂੰ ਦੇਵੇਗੀ ਜਿਸਤੋਂ ਸਾਫ਼ ਹੈ ਕਿ ਜੇਕਰ ਪੰਜਾਬ ਦੀ ਮੈਂਬਰਸ਼ਿਪ ਖ਼ਤਮ ਕਰਨ ਵਾਲੇ ਸੈਕਸ਼ਨ 79(2)ਬੀ ਦੀ ਸੋਧ ਕੇਂਦਰ ਕਿਸੇ ਸੰਘਰਸ਼ ਦੇ ਚਲਦਿਆਂ ਵਾਪਿਸ ਵੀ ਲੈ ਲਵੇ ਤਾਂ ਮਸਲਾ ਫਿਰ ਵੀ ਜਿਉਂ ਤਾਂ ਤਿਓਂ ਹੀ ਰਹੇਗਾ।

ਸੈਕਸ਼ਨ 80 ਕੇਂਦਰ ਦੇ ਪੰਜਾਬ ਦੇ ਪਾਣੀਆਂ ਤੇ ਏਕਾਧਿਕਾਰ ਨੂੰ ਹੀ ਅੱਗੇ ਵਧਾਉਂਦਾਹੈ। ਇਹ ਸੈਕਸ਼ਨ ਬਿਆਸ ਪ੍ਰੋਜੈਕਟ ਦੀ ਉਸਾਰੀ ਬਾਰੇ ਹੈ ਤੇ ਇਸ ਲਈ ਜ਼ਰੂਰੀ ਫੰਡ ਸੰਬੰਧਤ ਰਾਜ ਤੇ ਰਾਜਸਥਾਨ ਮੁਹੱਈਆ ਕਰੇਗਾ ਅਤੇ ਜਦੋਂ ਬਿਆਸ ਪ੍ਰੋਜੈਕਟ ਮੁਕੰਮਲ ਹੋ ਜਾਵੇਗਾ ਸੈਕਸ਼ਨ 80(6) ਮੁਤਾਬਿਕ ਭਾਖੜਾ ਮੈਨੇਜਮੈਂਟ ਬੋਰਡ ਜੋ ਸੈਕਸ਼ਨ 79 ਤਹਿਤ ਬਣਾਇਆ ਗਿਆ ਹੈ, ਬਿਆਸ ਪ੍ਰੋਜੈਕਟ ਮੁਕੰਮਲ ਹੋਣ ਤੇ ਉਸ ਦਾ ਮੁੜ ਨਾਮਕਰਨ ਕੀਤਾ ਜਾਵੇਗਾ ਜਿਸ ਦਾ ਨਾਮ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਹੋਵੇਗਾ ਅਤੇ ਬਿਆਸ ਪ੍ਰੋਜੈਕਟ ਪੂਰੀ ਤਰ੍ਹਾਂ ਇਸ ਬੋਰਡ ਦੇ ਅਧੀਨ ਹੋਵੇਗਾ ਭਾਵ ਕੇਂਦਰ ਸਰਕਾਰ ਦੇ ਅਧੀਨ ਹੋਵੇਗਾ। ਕੇਂਦਰ ਵਲੋਂ ਸੂਬਿਆਂ ਦੇ ਅਧਿਕਾਰਾਂ ’ਤੇ ਮਾਰੇ ਡਾਕੇ ਇਥੇ ਹੀ ਨਹੀਂ ਰੁਕਦੇ ਬਲਕਿ ਲਗਾਤਾਰ ਅੱਗੇ ਵਧ ਰਹੇ ਨੇ, ਜਿਸਦੀ ਅਗਲੀ ਕੜੀ ਡੈਮ ਸੇਫਟੀ ਐਕਟ ਹੈ।

ਡੈਮ ਸੇਫਟੀ ਐਕਟ ਤਾਕਤਾਂ ਦਾ ਕੇਂਦਰੀਕਰਨ, ਸੂਬਿਆਂ ਦੇ ਅਧਿਕਾਰ ਖੋਹਣ ਅਤੇ ਪਾਣੀ ਕਾਰਪੋਰੇਟ ਹਵਾਲੇ ਕਰਨ ਦੀ ਦਿਸ਼ਾ ਲੈਂਦਾ ਹੈ। ਇਹ ਮਾਮਲਾ ਸਿਰਫ ਭਾਖੜਾ ਡੈਮ ਦਾ ਨਹੀਂ, ਬਲਕਿ ਡੈਮ ਸੇਫਟੀ ਐਕਟ ਰਾਹੀਂ ਮੋਦੀ ਹਕੂਮਤ ਨੇ ਮੁਲਕ ਭਰਦੇ 5202 ਡੈਮ ਆਪਣੇ ਕਬਜ਼ੇ ਵਿੱਚ ਕਰ ਲਏ ਹਨ। ਸੈਂਟਰਲ ਵਾਟਰ ਕਮਿਸ਼ਨ ਮੁਤਾਬਿਕ ਮੁਲਕ ਭਰ ਵਿੱਚ 5202 ਡੈਮ ਹਨ, ਜੋ 15 ਮੀਟਰ ਦੀ ਉਚਾਈ ਤੱਕ ਹਨ। ਉਨ੍ਹਾਂ ਨੂੰ ਨੈਸ਼ਨਲ ਕਮੇਟੀ ਓਨ ਡੈਮ ਸੇਫਟੀ ਕੰਟਰੋਲ ਕਰੇਗੀ, ਇਸ ਤੋਂ ਪਹਿਲਾਂ ਇਹ ਸਭ ਸੂਬਿਆਂ ਦੇ ਅਧਿਕਾਰ ਖੇਤਰ ’ਚ ਸਨ। ਡੈਮ ਸੇਫਟੀ ਐਕਟ ਦੇ ਸੈਕਸ਼ਨ 26 ਮੁਤਾਬਿਕ ਦੇਸ਼ ਭਰ ਵਿੱਚ ਨਵੇਂ ਡੈਮ ਉਸਾਰਨ ਤੇ ਇਨ੍ਹਾਂ ਵਿੱਚ ਤਬਦੀਲੀ ਕਰਨ ’ਚ ਹੁਣ ਸੂਬਿਆਂ ਦੀ ਕੋਈ ਤਾਕਤ ਨਹੀਂ ਹੋਵੇਗੀ। ਇਹ ਸਿਰਫ ਕੇਂਦਰ ਦਾ ਅਧਿਕਾਰ ਹੋਵੇਗਾ। ਜਿਸ ਤੋਂ ਸਪੱਸ਼ਟ ਹੈ ਕਿ ਪਾਣੀ ਕਿਵੇਂ ਕੰਟਰੋਲ ਕਰਨਾ ਹੈ ? ਕਿੱਧਰ ਭੇਜਣਾ ਹੈ ? ਕਿੱਧਰ ਨਹੀਂ ਭੇਜਣਾ ? ਇਹ ਹੁਣ ਪੂਰੀ ਤਰ੍ਹਾਂ ਕੇਂਦਰ ਦਾ ਅਧਿਕਾਰ ਹੋਵੇਗਾ। ਭਾਜਪਾ ਲੰਮੇ ਸਮੇਂ ਤੋਂ ਦਰਿਆਵਾਂ ਨੂੰ ਜੋੜਨ ਦੀ ਕੋਸ਼ਿਸ਼ ਕਰ ਰਹੀ ਸੀ, ਅਟਲ ਬਿਹਾਰੀ ਵਾਜਪਾਈ ਦੇ ਸਮੇਂ ਵੀ ਇਹ ਕੋਸ਼ਿਸ਼ ਹੋਈ ਮੋਦੀ ਹਕੂਮਤ ਨੇ ਵੀ ਇਸ ਪਾਸੇ ਹੀ ਵਧਣ ਦੀ ਨੀਤੀ ਅਪਨਾਈ ਹੈ। ਇਸ ਤੋਂ ਪਹਿਲਾਂ ਹੀ ਪੰਜਾਬ ਧੱਕਾ ਝੱਲ ਰਿਹਾ ਹੈ, ਪੰਜਾਬ ਦਾ ਪਾਣੀ ਜਿੱਥੇ ਜਬਰੀ ਖੋਹਿਆ ਜਾ ਰਿਹਾ ਹੈ, ਉਥੇ ਹੀ ਪੰਜਾਬ ਦਾ ਪਾਣੀ ਬਿਨਾਂ ਰਾਇਲਟੀ ਤੋਂ ਲਿਆ ਜਾ ਰਿਹਾ ਹੈ। ਡੈਮ ਸੇਫਟੀ ਐਕਟ ਰਿਪੇਰੀਅਨ ਸਿਧਾਂਤਾਂ ਅਤੇ ਫੈਡਰਲਿਜ਼ਮ ਨੂੰ ਮੁੱਢੋਂ ਰੱਦ ਕਰਦਾ ਹੈ। ਡੈਮ ਸੇਫਟੀ ਐਕਟ ਜਦੋਂ ਆਇਆ ਤਾਂ 30 ਜੂਨ 2022 ਵਿੱਚ ਕਿਰਤੀ ਕਿਸਾਨ ਯੂਨੀਅਨ ਨੇ ਚੰਡੀਗੜ੍ਹ ਵਿੱਚ ਇੱਕ ਵਿਸ਼ਾਲ ਮੁਜ਼ਾਹਰਾ ਕੀਤਾ ਸੀ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੀਟਿੰਗ ਵੀ ਦਿੱਤੀ ਪਰ ਮੀਟਿੰਗ ਕੀਤੀ ਨਹੀਂ। ਪੰਜ ਸਾਲ ਦੇ ਕਰੀਬ ਬੀਤ ਜਾਣ ’ਤੇ ਅੱਜ ਤੱਕ ਅਸੈਂਬਲੀ ਵਿੱਚ ਡੈਮ ਸੇਫਟੀ ਐਕਟ ਖਿਲਾਫ਼ ਮਤਾ ਨਹੀਂ ਲਿਆਂਦਾ ਗਿਆ। (**ਬਾਕੀ ਸਫ਼ਾ 27 ’ਤੇ**)

ਪੰਜਾਬ ਵਿੱਚ ਡੂੰਘੀਆਂ ਜੜ੍ਹਾਂ

ਸਤਨਾਮ ਸਿੰਘ

ਦਹਾਕਿਆਂ ਪਹਿਲਾਂ ਅਮਰੀਕਾ ਪਹੁੰਚੇ ਹਜ਼ਾਰਾਂ ਪਰਵਾਸੀ ਪੰਜਾਬੀਆਂ ਲਈ ਅਮਰੀਕੀ ਸੁਪਨਾ ਕਦੇ ਵੀ ਐਸ਼ੋ ਆਰਾਮ ਭਰਪੂਰ ਜੀਵਨ ਜਿਉਣ ਬਾਰੇ ਨਹੀਂ ਸੀ। ਇਹ ਆਪਣੇ ਆਪ ਨੂੰ ਬਚਾਉਣ, ਕੁਰਬਾਨੀ ਅਤੇ ਆਪਣੇ ਬੱਚਿਆਂ ਲਈ ਬਿਹਤਰ ਭਵਿੱਖ ਸੁਰੱਖਿਅਤ ਕਰਨ ਬਾਰੇ ਸੀ। ਅੱਜ ਜਿਵੇਂ ਹੀ ਇਨ੍ਹਾਂ ਵਿਅਕਤੀਆਂ ਨੇ ਆਪਣੀ ਉਮਰ ਦੇ ਆਖਰੀ ਪੜਾਅ ਵਿੱਚ ਪ੍ਰਵੇਸ਼ ਕੀਤਾ ਹੈ ਤਾਂ ਉਨ੍ਹਾਂ ਦੇ ਜੀਵਨ ਸਵੈਮਾਣ, ਇਕੱਲਤਾ, ਸੱਭਿਆਚਾਰਕ ਵਿਭਿੰਨਤਾ ਅਤੇ ਲਚਕਤਾ ਦੇ ਗੁੰਝਲਦਾਰ ਮਿਸ਼ਰਣ ਨੂੰ ਦਰਸਾਉਂਦੇ ਹਨ।

ਅਮਰੀਕਾ ਵਿੱਚ ਜ਼ਿਆਦਾਤਰ ਪੰਜਾਬੀ ਸੀਨੀਅਰ ਨਾਗਰਿਕ 1970, 1980 ਅਤੇ 1990 ਦੇ ਦਹਾਕੇ ਦੌਰਾਨ ਆਏ ਸਨ ਜੋ ਪੰਜਾਬੀ ਪਰਵਾਸੀਆਂ ਦੀ ਪਹਿਲੀ ਪੀੜ੍ਹੀ ਨਾਲ ਸਬੰਧਤ ਹਨ। ਉਨ੍ਹਾਂ ਨੇ ਖੇਤਾਂ, ਫੈਕਟਰੀਆਂ, ਛੋਟੇ ਕਾਰੋਬਾਰਾਂ ਅਤੇ ਆਵਾਜਾਈ ਦੇ ਖੇਤਰਾਂ ਵਿੱਚ ਅਣਥੱਕ ਮਿਹਨਤ ਕੀਤੀ। ਕਈਆਂ ਨੇ ਲੰਬੇ ਘੰਟੇ ਕੰਮ ਕੀਤਾ, ਭਾਸ਼ਾ ਦੀਆਂ ਰੁਕਾਵਟਾਂ ਨਾਲ ਦੋ-ਚਾਰ ਹੋਏ ਅਤੇ ਵਿਤਕਰੇ ਦਾ ਸਾਹਮਣਾ ਕੀਤਾ, ਪਰ ਉਨ੍ਹਾਂ ਨੇ ਇਸ ਬਾਰੇ ਘੱਟ ਹੀ ਸ਼ਿਕਾਇਤ ਕੀਤੀ। ਉਨ੍ਹਾਂ ਦਾ ਧਿਆਨ ਆਪਣੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਵੱਲ ਰਿਹਾ ਜਿਸ ਵਿੱਚ ਆਪਣੇ ਬੱਚਿਆਂ ਨੂੰ ਸਿੱਖਿਆ ਦੇਣਾ, ਘਰ ਖਰੀਦਣਾ ਅਤੇ ਵਿਦੇਸ਼ੀ ਧਰਤੀ ’ਤੇ ਸਥਿਰ ਜੀਵਨ ਸਥਾਪਤ ਕਰਨਾ ਸੀ। ਕਈ ਤਰੀਕਿਆਂ ਨਾਲ ਉਹ ਇਸ ਵਿੱਚ ਸਫਲ ਹੋਏ ਹਨ। ਅੱਜ ਉਨ੍ਹਾਂ ਦੇ ਬੱਚੇ ਡਾਕਟਰ, ਇੰਜਨੀਅਰ, ਉੱਦਮੀ ਅਤੇ ਪੇਸ਼ੇਵਰ ਹਨ ਜੋ ਅਮਰੀਕੀ ਸਮਾਜ ਵਿੱਚ ਘੁਲ ਮਿਲ ਚੁੱਕੇ ਹਨ।

ਹਾਲਾਂਕਿ, ਇਹ ਸਫਲਤਾ ਇੱਕ ਭਾਵਨਾਤਮਕ ਕੀਮਤ ਦੇ ਨਾਲ ਆਈ ਹੈ। ਆਪਣੇ ਬੁਢਾਪੇ ਵਿੱਚ ਬਹੁਤ ਸਾਰੇ ਪੰਜਾਬੀ ਬਜ਼ੁਰਗ ਆਪਣੇ ਆਪ ਨੂੰ ਦੋ ਸੰਸਾਰਾਂ ਵਿਚਕਾਰ ਫਸਿਆ ਹੋਇਆ ਮਹਿਸੂਸ ਕਰਦੇ ਹਨ। ਸਰੀਰਕ ਤੌਰ ’ਤੇ ਉਹ ਅਮਰੀਕਾ ਵਿੱਚ ਰਹਿੰਦੇ ਹਨ; ਭਾਵਨਾਤਮਕ ਤੌਰ ’ਤੇ ਉਹ ਪੰਜਾਬ ਵਿੱਚ ਡੂੰਘੀਆਂ ਜੜ੍ਹਾਂ ਰੱਖਦੇ ਹਨ। ਉਨ੍ਹਾਂ ਦਾ ਰੋਜ਼ਾਨਾ ਦਾ ਕੰਮ ਅਕਸਰ ਜਲਦੀ ਸ਼ੁਰੂ ਹੁੰਦਾ ਹੈ, ਕਈ ਵਾਰ ਪ੍ਰਾਰਥਨਾਵਾਂ ਜਾਂ ਗੁਰਬਾਣੀ ਸੁਣਨ ਨਾਲ। ਸਥਾਨਕ ਗੁਰਦੁਆਰੇ ਦੀ ਯਾਤਰਾ ਉਨ੍ਹਾਂ ਦੇ ਦਿਨ ਦਾ ਮੁੱਖ ਆਕਰਸ਼ਣ ਬਣ ਜਾਂਦੀ ਹੈ। ਇਹ ਸਿਰਫ਼ ਅਧਿਆਤਮਕ ਕਾਰਨਾਂ ਕਰਕੇ ਹੀ ਨਹੀਂ, ਸਗੋਂ ਸਮਾਜਿਕ ਸਬੰਧਾਂ ਲਈ ਵੀ। ਉੱਥੇ ਹੀ ਉਹ ਉਨ੍ਹਾਂ ਲੋਕਾਂ ਨੂੰ ਮਿਲਦੇ ਹਨ ਜੋ ਉਨ੍ਹਾਂ ਦੀ ਭਾਸ਼ਾ ਬੋਲਦੇ ਹਨ, ਆਪਣੀਆਂ ਯਾਦਾਂ ਸਾਂਝੀਆਂ ਕਰਦੇ ਹਨ ਅਤੇ ਉਨ੍ਹਾਂ ਦੇ ਜੀਵਨ ਸੰਘਰਸ਼ਾਂ ਨੂੰ ਸਮਝਦੇ ਹਨ।

ਆਪਣੇ ਪਰਿਵਾਰਾਂ ਨਾਲ ਰਹਿਣ ਦੇ ਬਾਵਜੂਦ ਉਨ੍ਹਾਂ ਵਿੱਚ ਇਕੱਲਤਾ ਦੀ ਭਾਵਨਾ ਅਸਧਾਰਨ ਨਹੀਂ ਹੈ। ਨੌਜਵਾਨ ਪੀੜ੍ਹੀ ਕੰਮ, ਸਕੂਲ ਅਤੇ ਆਪਣੀ ਜ਼ਿੰਦਗੀ ਵਿੱਚ ਰੁੱਝੀ ਹੋਈ ਹੈ। ਸੱਭਿਆਚਾਰਕ ਪਾੜੇ ਸਮੇਂ ਦੇ ਨਾਲ ਵਧਦੇ ਜਾਂਦੇ ਹਨ। ਗੱਲਬਾਤ ਛੋਟੀ ਹੋ ਜਾਂਦੀ ਹੈ, ਭਾਵਨਾਤਮਕ ਬੰਧਨ ਕਈ ਵਾਰ ਕਮਜ਼ੋਰ ਹੋ ਜਾਂਦੇ ਹਨ। ਬਹੁਤ ਸਾਰੇ ਬਜ਼ੁਰਗ ਅੰਗਰੇਜ਼ੀ ਨਾਲ ਸੰਘਰਸ਼ ਕਰਦੇ ਹਨ, ਜਿਸ ਨਾਲ ਉਨ੍ਹਾਂ ਦੇ ਨਜ਼ਦੀਕੀ ਭਾਈਚਾਰੇ ਤੋਂ ਬਾਹਰ ਗੱਲਬਾਤ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਡਾਕਟਰ ਨੂੰ ਮਿਲਣ, ਬੀਮਾ ਸਮਝਣ ਜਾਂ ਅਧਿਕਾਰਤ ਕਾਗਜ਼ੀ ਕਾਰਵਾਈਆਂ ਨਾਲ ਨਜਿੱਠਣ ਵਰਗੇ ਸਧਾਰਨ ਕੰਮ ਉਨ੍ਹਾਂ ਲਈ ਖੱਜਲ ਖੁਆਰੀ ਦਾ ਸਬੱਬ ਬਣਦੇ ਹਨ।

ਉਨ੍ਹਾਂ ਲਈ ਸਿਹਤ ਇੱਕ ਹੋਰ ਵੱਡੀ ਹੋ ਰਹੀ ਚਿੰਤਾ ਹੈ। ਉਮਰ ਦਾ ਵਧਣਾ ਕਈ ਤਰ੍ਹਾਂ ਦੀਆਂ ਸਰੀਰਕ ਚੁਣੌਤੀਆਂ ਲਿਆਉਂਦਾ ਹੈ। ਜਦੋਂ ਕਿ ਅਮਰੀਕਾ ਵਿੱਚ ਸਿਹਤ ਸੰਭਾਲ ਪ੍ਰਣਾਲੀ ਉੱਨਤ ਹੈ, ਪਰ ਇਹ ਬਹੁਤ ਗੁੰਝਲਦਾਰ ਅਤੇ ਮਹਿੰਗੀ ਵੀ ਹੈ। ਬਜ਼ੁਰਗ ਅਕਸਰ ਡਾਕਟਰਾਂ ਨਾਲ ਮੁਲਾਕਾਤਾਂ ਅਤੇ ਫੈਸਲਿਆਂ ਲਈ ਆਪਣੇ ਬੱਚਿਆਂ ’ਤੇ ਨਿਰਭਰ ਕਰਦੇ ਹਨ। ਕੁਝ ਆਪਣੇ ਦਰਦ ਜਾਂ ਜ਼ਰੂਰਤਾਂ ਨੂੰ ਪ੍ਰਗਟ ਕਰਨ ਤੋਂ ਝਿਜਕਦੇ ਹਨ ਕਿਉਂਕਿ ਉਹ ਆਪਣੇ ਬੱਚਿਆਂ ’ਤੇ ਬੋਝ ਨਹੀਂ ਬਣਨਾ ਚਾਹੁੰਦੇ।

ਇਹ ਸਭ ਕੁਝ ਹੋਣ ਦੇ ਬਾਵਜੂਦ ਲਚਕੀਲਾਪਣ ਉਨ੍ਹਾਂ ਨੂੰ ਪਰਿਭਾਸ਼ਤ ਕਰਦਾ ਹੈ। ਬਹੁਤ ਸਾਰੇ ਸੀਨੀਅਰ ਪੰਜਾਬੀ ਨਾਗਰਿਕ ਆਪਣੀਆਂ ਖੁਦ ਦੀਆਂ ਸਹਾਇਤਾ ਪ੍ਰਣਾਲੀਆਂ ਬਣਾਉਂਦੇ ਹਨ। ਉਹ ਸਮਾਜਿਕ ਦਾਇਰਾ ਬਣਾਉਂਦੇ ਹਨ, ਭਾਈਚਾਰਕ ਇਕੱਠਾਂ ਵਿੱਚ ਸ਼ਾਮਲ ਹੁੰਦੇ ਹਨ, ਗੁਰਦੁਆਰਿਆਂ ਵਿੱਚ ਸਵੈ-ਸੇਵਕ ਬਣਦੇ ਹਨ ਅਤੇ ਸੱਭਿਆਚਾਰਕ ਸਮਾਗਮਾਂ ਵਿੱਚ ਹਿੱਸਾ ਲੈਂਦੇ ਹਨ। ਉਨ੍ਹਾਂ ਲਈ ਵਿਸਾਖੀ ਅਤੇ ਦਿਵਾਲੀ ਵਰਗੇ ਤਿਉਹਾਰ ਖੁਸ਼ੀ ਦੇ ਪਲ ਬਣ ਜਾਂਦੇ ਹਨ, ਉਨ੍ਹਾਂ ਲਈ ਪੰਜਾਬ ਦੀਆਂ ਯਾਦਾਂ ਨੂੰ ਤਾਜ਼ਾ ਕਰਦੇ ਹਨ ਅਤੇ ਉਨ੍ਹਾਂ ਦੀ ਆਪਣੇਪਣ ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹਨ।

ਤਕਨਾਲੋਜੀ ਵੀ ਇੱਕ ਹੈਰਾਨੀਜਨਕ ਸਾਥੀ ਬਣ ਗਈ ਹੈ। ਪੰਜਾਬ ਵਿੱਚ ਰਿਸ਼ਤੇਦਾਰਾਂ ਨੂੰ ਵੀਡੀਓ ਕਾਲਾਂ, ਯੂਟਿਊਬ ’ਤੇ ਪੰਜਾਬੀ ਨਿਊਜ਼ ਚੈਨਲ ਦੇਖਣਾ ਅਤੇ ਵਟਸਐਪ ਸਮੂਹਾਂ ਰਾਹੀਂ ਜੁੜੇ ਰਹਿਣ ਨੇ ਦੂਰੀਆਂ ਘਟਾ ਦਿੱਤੀਆਂ ਹਨ। ਉਹ ਵੀ ਜੋ ਕਦੇ ਮੋਬਾਈਲ ਫੋਨਾਂ ਨਾਲ ਸੰਘਰਸ਼ ਕਰਦੇ ਸਨ, ਹੁਣ ਉਨ੍ਹਾਂ ਨੂੰ ਆਪਣੀ ਜੀਵਨ ਰੇਖਾ ਵਜੋਂ ਵਰਤਦੇ ਹਨ।

ਇਸ ਸਭ ਦੇ ਬਾਵਜੂਦ ਇੱਕ ਚੁੱਪ ਤਾਂਘ ਉਨ੍ਹਾਂ ਦੇ ਦਿਲਾਂ ਵਿੱਚ ਹਮੇਸ਼ਾਂ ਬਣੀ ਰਹਿੰਦੀ ਹੈ। ਉਹ ਇਹ ਕਿ ਘੱਟੋ ਘੱਟ ਇੱਕ ਫੇਰੀ ਪੰਜਾਬ ਲਾਈ ਜਾਵੇ, ਕਈ ਵਾਰ ਉਨ੍ਹਾਂ ਦੀ ਸਥਾਈ ਤੌਰ ’ਤੇ ਪੰਜਾਬ ਵਾਪਸ ਜਾਣ ਦੀ ਇੱਛਾ ਹੁੰਦੀ ਹੈ। ਬਹੁਤ ਸਾਰੇ ਆਪਣੇ ਆਖਰੀ ਸਾਲ ਆਪਣੇ ਵਤਨ ਵਿੱਚ ਬਿਤਾਉਣ ਦਾ ਸੁਪਨਾ ਦੇਖਦੇ ਹਨ, ਜਿੱਥੇ ਭਾਸ਼ਾ, ਸੱਭਿਆਚਾਰ ਅਤੇ ਯਾਦਾਂ ਕੁਦਰਤੀ ਮਹਿਸੂਸ ਹੁੰਦੀਆਂ ਹਨ, ਪਰ ਵਿਹਾਰਕ ਹਕੀਕਤਾਂ ਯਾਨੀ ਅਮਰੀਕਾ ਵਿੱਚ ਪਰਿਵਾਰਕ ਸਬੰਧ, ਸਿਹਤ ਸੰਭਾਲ ਦੀਆਂ ਜ਼ਰੂਰਤਾਂ ਅਤੇ ਵਿੱਤੀ ਵਿਚਾਰ ਅਕਸਰ ਉਨ੍ਹਾਂ ਨੂੰ ਉੱਥੇ ਹੀ ਟਿਕਾ ਕੇ ਰੱਖਦੇ ਹਨ ਜਿੱਥੇ ਉਹ ਹਨ।

ਸੰਯੁਕਤ ਰਾਜ ਅਮਰੀਕਾ ਵਿੱਚ ਇੱਕ ਸੀਨੀਅਰ ਪੰਜਾਬੀ ਨਾਗਰਿਕ ਦੀ ਅਸਲ ਜ਼ਿੰਦਗੀ ਸਿਰਫ਼ ਮੁਸ਼ਕਿਲਾਂ ਨਾਲ ਹੀ ਪਰਿਭਾਸ਼ਤ ਨਹੀਂ ਕੀਤੀ ਜਾਂਦੀ। ਇਹ ਮਾਣ, ਸਹਿਣਸ਼ੀਲਤਾ ਅਤੇ ਕੁਰਬਾਨੀ ਦੀ ਕਹਾਣੀ ਹੈ। ਉਹ ਦੋ ਪੀੜ੍ਹੀਆਂ ਅਤੇ ਦੋ ਸੱਭਿਆਚਾਰਾਂ ਵਿਚਕਾਰ ਪੁਲ ਹਨ। ਉਨ੍ਹਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਉਹ ਨਹੀਂ ਜੋ ਉਨ੍ਹਾਂ ਨੇ ਕਮਾਇਆ, ਸਗੋਂ ਉਹ ਹੈ ਜੋ ਉਨ੍ਹਾਂ ਨੇ ਦਿੱਤਾ ਯਾਨੀ ਆਪਣੀ ਜਵਾਨੀ, ਆਪਣਾ ਆਰਾਮ ਅਤੇ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਬਣਾਉਣ ਲਈ ਆਪਣੇ ਕੁਰਬਾਨ ਕੀਤੇ ਸੁਪਨੇ।

ਇਰਾਨ, ਅਮਰੀਕਾ-ਇਜ਼ਰਾਇਲ ਜੰਗ ਫ਼ੈਸਲਾਕੁਨ ਮੋੜ 'ਤੇ

ਡਾ. ਸੁਰਿੰਦਰ ਮੰਡ

ਇਰਾਨ, ਅਮਰੀਕਾ-ਇਜ਼ਰਾਇਲ ਜੰਗ ਫੈਸਲਾਕੁਨ ਨਾਜ਼ੁਕ ਦੌਰ ਵਿੱਚ ਪੁੱਜ ਗਈ ਹੈ। ਇਰਾਨ ਨੇ ਹਾਰਮੁਜ਼ ਸਮੁੰਦਰੀ ਲਾਂਘੇ ਕੋਲ ਅਤੇ ਅਮਰੀਕਾ ਨੇ ਸਾਰੇ ਇਰਾਨੀ ਸਮੁੰਦਰੀ ਤੱਟਾਂ ਦੀ ਨਾਕੇਬੰਦੀ ਕਰ ਰੱਖੀ ਹੈ। ਪਰ ਖ਼ਬਰ ਸੀ ਕਿ ਅਮਰੀਕਾ ਨੇ 'ਅਪਰੇਸ਼ਨ ਫਰੀਡਮ' ਸ਼ੁਰੂ ਕਰ ਦਿੱਤਾ ਹੈ, ਜਿਸ ਦੇ ਤਹਿਤ ਅਮਰੀਕੀ ਫ਼ੌਜ ਦੇ ਜ਼ੋਰ ਨਾਲ ਜਹਾਜ਼ ਹਾਰਮੂਜ਼ ਤੋਂ ਇਰਾਨ ਕੋਲੋਂ ਲੰਘਣਗੇ, ਇੱਕ ਜਹਾਜ਼ ਲੰਘਾਉਣ ਦੀ ਕੋਸ਼ਿਸ਼ ਵੀ ਕੀਤੀ, ਜਿਸ ਨੂੰ ਇਰਾਨ ਨੇ ਹਮਲਾ ਕਰਕੇ ਵਾਪਿਸ ਮੋੜ ਦਿੱਤਾ। ਇਰਾਨ ਆਪਣੀ ਹੱਦ ਵਿੱਚ ਆਉਂਦੇ ਹਾਰਮੂਜ਼ ਸਮੁੰਦਰੀ ਲਾਂਘੇ ਨੂੰ ਆਪਣੀ ਦੇਖਰੇਖ ਅਤੇ ਕੰਟਰੋਲ ਵਿੱਚ ਰੱਖਣ ਨੂੰ ਆਪਣੀ ਸੁਰੱਖਿਆ ਲਈ ਜ਼ਰੂਰੀ ਸਮਝਦਾ। ਇਰਾਨ ਨਾਲ ਟਕਰਾਅ ਤੋਂ ਬਚਣ ਲਈ 24 ਘੰਟੇ ਦੇ ਅੰਦਰ ਹੀ ਟਰੰਪ ਨੇ 'ਅਪਰੇਸ਼ਨ ਫਰੀਡਮ' ਵਾਲਾ ਫੈਸਲਾ ਵਾਪਿਸ ਲੈ ਲਿਆ ਹੈ। ਇਰਾਨ ਕਹਿੰਦਾ ਕਿ ਜਹਾਜ਼ ਸਾਡੀ ਆਗਿਆ ਲੈ ਕੇ ਹੀ ਲੰਘਣਗੇ।

ਯੂ.ਏ.ਈ ਦੀ ਇੱਕ ਤੇਲ ਰਿਫਾਈਨਰੀ, ਫਰਾਂਸ ਅਤੇ ਸਾਊਥ ਕੋਰੀਆ ਦੇ ਜਹਾਜ਼ਾਂ ਉੱਤੇ ਹਮਲੇ ਦਾ ਵੀ ਸਮਾਚਾਰ ਹੈ। ਸਾਰੇ ਖਾੜੀ ਦੇਸ਼ਾਂ ਵਿਚੋਂ ਯੂ.ਏ.ਈ ਦਿਲੋਂ ਮਨੋ ਇਜ਼ਰਾਇਲ ਅਮਰੀਕਾ ਦੇ ਨਾਲ ਹੈ। ਯੂ.ਏ.ਈ ਹੀ ਇਜ਼ਰਾਇਲੀ ਹਿੱਤਾਂ ਅਨੁਕੂਲ ਕੀਤੇ ਗਏ 'ਅਬਰਾਹੀਮ ਸਮਝੌਤੇ' ਦਾ ਮੁੱਖ ਖਿਲਾੜੀ ਹੈ। ਇਸਨੇ ਇਜ਼ਰਾਇਲੀ ਪੈਰ ਧਰਾਵੇ ਲਈ ਵੀ ਕਾਰਵਾਈ ਕੀਤੀ ਸੀ, ਜਿਸਦਾ ਸਊਦੀ ਅਰਬ ਨੇ ਵਿਰੋਧ ਕੀਤਾ ਸੀ। ਇਸ ਅੰਦਰਲਾ ਅਮਰੀਕੀ ਫ਼ੌਜੀ ਅੱਡਾ ਹੀ ਲਗਾਤਾਰ ਇਰਾਨ ਵਿਰੁੱਧ ਹਮਲਿਆਂ ਦਾ ਮੁੱਖ ਟਿਕਾਣਾ ਹੈ। ਇਸਨੇ ਹੁਣੇ ਹੁਣੇ ਇਜ਼ਰਾਇਲੀ ਹਵਾਈ ਰੱਖਿਆ ਪ੍ਰਣਾਲੀ ਨੂੰ ਤਾਇਨਾਤ ਕੀਤਾ ਹੈ। ਲੇਕਿਨ ਅਲ-ਜਜ਼ੀਰਾ ਅਨੁਸਾਰ ਇਰਾਨੀ ਫੌਜ ਦਾ ਬਿਆਨ ਹੈ ਕਿ ਸਾਡੀ ਯੂ.ਏ.ਈ ਉੱਤੇ ਹਮਲਾ ਕਰਨ ਦੀ ਕੋਈ ਯੋਜਨਾ ਨਹੀਂ, ਇਹ ਸ਼ਰਾਰਤ ਹੈ। ਟਰੰਪ ਲਗਾਤਾਰ ਇਰਾਨ ਨੂੰ ਧਰਤੀ ਦੇ ਨਕਸ਼ੇ ਤੋਂ ਮਿਟਾ ਦੇਣ ਦੀ ਧਮਕੀ ਦਿੱਤੀ ਜਾਂਦਾ ਹੈ। ਅਮਰੀਕਾ ਵੱਲੋਂ ਭੇਜੀਆਂ 9 ਸ਼ਰਤਾਂ ਦੇ ਜਵਾਬ ਵਿੱਚ ਇਰਾਨ ਵੱਲੋਂ ਵੀ 14 ਸ਼ਰਤਾਂ ਭੇਜ ਕੇ ਇੱਕ ਮਹੀਨੇ ਵਿੱਚ ਜਵਾਬ ਦੇਣ ਦੀ ਮੋਹਲਤ ਦਿੱਤੀ ਗਈ ਹੈ। ਤੇਲ ਗੈਸ ਸੰਕਟ ਨਾਲ ਜੁੜੇ ਮੌਜੂਦਾ ਹਾਲਾਤਾਂ ਤੋਂ ਸਾਰਾ ਸੰਸਾਰ ਹਿੱਲਿਆ ਪਿਆ ਹੈ। ਦੁਨੀਆਂ ਭਰ ਦੇ ਦੇਸ਼ਾਂ ਦੇ ਸਬੰਧਾਂ ਵਿੱਚ ਨਵੇਂ ਜੋੜ ਤੋੜ ਹੋ ਰਹੇ ਹਨ। ਅਮਰੀਕਾ ਦੀਆਂ ਯੂਰਪ, ਨਾਟੋ ਨਾਲੋਂ ਦੂਰੀਆਂ ਤੋੜ ਵਿਛੋੜਾ ਹੋਣ ਵਰਗੀਆਂ ਦਿੱਸ ਰਹੀਆਂ ਹਨ। ਅਮਰੀਕਾ ਨੇ ਸਾਰੇ ਯੂਰਪੀ ਦੇਸ਼ਾਂ ਦੀਆਂ ਕਾਰਾਂ ਟਰੱਕਾਂ ਉੱਤੇ 25% ਟੈਰਿਫ਼ ਲਾ ਦਿੱਤਾ ਹੈ। ਟਰੰਪ ਨੇ ਨਾਟੋ ਮੈਂਬਰ ਸਪੇਨ, ਇਟਲੀ, ਫਰਾਂਸ, ਜਰਮਨ ਅਤੇ ਇੰਗਲੈਂਡ ਵੱਲੋਂ ਜੰਗ ਵਿੱਚ ਸਾਥ ਨਾ ਦੇਣ ਕਰਕੇ ਉਹਨਾਂ ਵਿਰੁੱਧ ਤਿੱਖੇ ਬਿਆਨ ਦਿੱਤੇ ਹਨ। ਅਮਰੀਕਾ ਨੇ ਜਰਮਨ ਵਿਚੋਂ ਆਪਣੀਆਂ 5000 ਫੌਜਾਂ ਵਾਪਿਸ ਬੁਲਾ ਲਈਆਂ ਹਨ। ਇੰਗਲੈਂਡ ਦਾ ਰਾਜਾ ਚਾਰਲਸ ਤਾਂ ਅਮਰੀਕੀ ਸੰਸਦ ਵਿੱਚ ਉਚੇਚਾ ਆਣ ਕੇ ਟਰੰਪ ਨੂੰ ਬੋਲ ਕੇ ਗਿਆ ਕਿ ਤੂੰ ਕਹਿੰਨਾ ਕਿ ਜੇ ਅਸੀਂ ਨਾ ਹੁੰਦੇ ਤਾਂ ਸਾਰਾ ਯੂਰਪ ਜਰਮਨ ਬੋਲ ਰਿਹਾ ਹੁੰਦਾ। ਮੈਂ ਵੀ ਕਹਿੰਨਾ ਕਿ ਜੇ ਅਸੀਂ ਨਾ ਹੁੰਦੇ ਤਾਂ ਤੁਸੀਂ ਵੀ ਸਾਰੇ ਫਰੈਂਚ ਬੋਲ ਰਹੇ ਹੁੰਦੇ। ਉਸਦਾ ਇਸ਼ਾਰਾ ਅਮਰੀਕਾ ਵਿੱਚ ਹੋਈ ਇੰਗਲੈਂਡ ਫਰਾਂਸ ਜੰਗ ਵੱਲ ਸੀ। ਟਰੰਪ ਨੇ ਆਪਣੇ ਵਤੀਰੇ ਅਤੇ ਬੜਬੋਲੇਪਨ ਕਰਕੇ ਯੂਰਪ ਦੇ ਲੀਡਰਾਂ ਨੂੰ ਕਈ ਵਾਰ ਬੇਇਜ਼ਤ ਵੀ ਕੀਤਾ ਹੈ, ਨੀਵਾਂ ਵਖਾਇਆ ਹੈ।

ਗਰੀਨਲੈਂਡ ਅਤੇ ਕੈਨੇਡਾ ਉੱਤੇ ਕਬਜ਼ਾ ਕਰ ਲੈਣ ਵਰਗੇ ਬਿਆਨ ਦੇਣ, ਮਨਮਾਨੇ ਢੰਗ ਨਾਲ ਟੈਰਿਫ਼ ਥੋਪਣ, ਵੈਨਜ਼ੁਏਲਾ ਦੇ ਰਾਸ਼ਟਰਪਤੀ ਨੂੰ ਬੰਦੀ ਬਣਾਉਣ, ਮੈਕਸੀਕੋ, ਕੋਲੰਬੀਆ, ਕਿਊਬਾ ਦੀਆਂ ਸਰਕਾਰਾਂ

ਉਲਟਾਉਣ ਬਾਰੇ ਮਨਸ਼ਾ ਜ਼ਾਹਰ ਕਰਨ, ਇਜ਼ਰਾਇਲ ਬਾਰੇ ਨੀਤੀ, ਇਰਾਨ ਉੱਤੇ ਇਕਪਾਸੜ ਹਮਲਾ ਆਦਿ ਘਟਨਾਵਾਂ ਕਾਰਨ ਬੇਲੀ ਰਹੇ ਦੇਸ਼ ਵੀ ਸੋਚਣ ਲੱਗੇ ਹਨ ਕਿ ਅਮਰੀਕਾ ਦੀ ਧੱਕੇਸ਼ਾਹੀ ਨਾਲ ਕਦਮ ਮਿਲਾ ਕੇ ਚੱਲਣਾ ਔਖਾ ਹੈ।

ਨਵੇਂ ਰਿਸ਼ਤੇ ਬਣ ਰਹੇ ਹਨ। ਇਸ ਵੇਲੇ ਇਜ਼ਰਾਇਲ ਹਰ ਉਹ ਹਰਕਤ ਕਰ ਰਿਹਾ ਜਿਸ ਨਾਲ ਸੀਜ਼ਫਾਇਰ ਟੁੱਟ ਜਾਵੇ ਅਤੇ ਇਰਾਨ ਨੂੰ ਤਬਾਹ ਕਰਨ ਲਈ ਅਮਰੀਕਾ ਇਜ਼ਰਾਇਲ ਦੋਵੇਂ ਇਰਾਨ ਉੱਤੇ ਫਿਰ ਟੁੱਟ ਪੈਣ। ਇਜ਼ਰਾਇਲ ਨੇ ਲਿਬਨਾਨ ਦੇ ਇਲਾਕੇ ਉੱਤੇ ਕਬਜ਼ਾ ਕਰਨ ਲਈ ਜੰਗ ਛੇੜ ਰੱਖੀ ਹੈ। ਉਸਨੂੰ 'ਗਰੇਟਰ ਇਜ਼ਰਾਇਲ' ਮਨਸੂਬੇ ਲਈ ਇਹ ਸੁਨਹਿਰੀ ਮੌਕਾ ਜਾਪਦਾ।

ਅਮਰੀਕਾ ਨੇ ਇਰਾਨੀ ਸਰਕਾਰ ਉਲਟਾਉਣ ਲਈ ਹਮਲਾ ਕੀਤਾ ਹੈ, ਉਹ ਤਾਂ ਸਗੋਂ ਹੋਰ ਮਜ਼ਬੂਤ ਹੋ ਗਈ ਹੈ। ਤੇ ਹੁਣ ਛਿੱਥਾ ਜਿਹਾ ਪੈ ਕੇ ਉਹਨੇ ਆਪਣੇ ਲਕਸ਼ ਇੰਝ ਬਦਲ ਲਏ।

ਪਹਿਲਾਂ ਆਖਿਆ ਕਿ ਹਾਰਮੂਜ਼ ਦੀ ਸਮੁੰਦਰੀ ਆਵਾਜਾਈ ਨਾਲ ਸਾਡਾ ਕੋਈ ਸਬੰਧ ਨਹੀਂ, ਸਾਡੇ ਏਧਰੋਂ ਜਹਾਜ਼ ਨਹੀਂ ਗੁਜ਼ਰਦੇ, ਪਰ ਫਿਰ ਐਲਾਨ ਕਰ ਦਿੱਤਾ ਕਿ ਇਰਾਨ ਹਾਰਮੂਜ਼ ਲਾਂਘਾ ਸਭ ਲਈ ਖੋਲ੍ਹੇ, ਨਹੀਂ ਤਾਂ ਅਸੀਂ ਖ਼ੁਦ ਇਰਾਨ ਦੀ ਸਾਰੀ ਨਾਕਾਬੰਦੀ ਕਰ ਦਿਆਂਗੇ ਤੇ ਕਰ ਦਿੱਤੀ। ਏਸੇ ਤਰ੍ਹਾਂ ਪਹਿਲਾਂ ਜੂਨ 2025 ਦੇ ਹਮਲੇ ਬਾਅਦ ਆਖਿਆ ਕਿ ਇਰਾਨ ਦੀ ਪ੍ਰਮਾਣੂੰ ਸਮਰੱਥਾ ਮਲੀਆਮੇਟ ਕਰ ਦਿੱਤੀ ਹੈ। ਪਰ ਫਿਰ 28 ਫਰਵਰੀ 2026 ਨੂੰ ਇਹ ਆਖ ਕੇ ਹਮਲਾ ਕਰ ਦਿੱਤਾ ਕਿ ਇਰਾਨ ਦੀ ਨਿਊਕਲੀਅਰ ਬੰਬ ਬਣਾਉਣ ਦੀ ਸਮਰੱਥਾ ਖ਼ਤਮ ਕਰਨੀ ਹੈ। 40 ਦਿਨ ਦੀ ਤਬਾਹੀ ਕਰਕੇ ਗੋਲੀਬੰਦੀ ਕਰ ਦਿੱਤੀ। ਬਿਆਨ ਦਿੱਤੇ ਕਿ ਇਰਾਨ ਦੀ ਨੇਵੀ, ਹਵਾਈ, ਜ਼ਮੀਨੀ, ਨਿਊਕਲੀਅਰ ਤਾਕਤ ਖ਼ਤਮ ਕਰਕੇ ਅਮਰੀਕਾ ਜਿੱਤ ਗਿਆ ਹੈ। ਤੇ ਹੁਣ ਫਿਰ ਆਖਣ ਲੱਗ ਪਏ ਕਿ ਇਰਾਨ ਪ੍ਰਮਾਣੂ ਬੰਬ ਬਣਾ ਸਕਦਾ, ਆਪਣਾ ਸਾਰਾ ਸੋਧਿਆ ਯੂਰੇਨੀਅਮ ਸਾਡੇ ਹਵਾਲੇ ਕਰੇ ਨਹੀਂ ਤਾਂ ਮੁਕੰਮਲ ਤਬਾਹੀ ਕਰਕੇ ਪੱਥਰ ਯੁੱਗ ਵਿੱਚ ਪੁਚਾ ਦਿਆਂਗੇ। ਸੱਚਾਈ ਇਹ ਹੈ ਕਿ ਪ੍ਰਮਾਣੂੰ ਬੰਬ ਦਾ ਮੁੱਦਾ ਇਹਨਾਂ ਦਾ ਇਰਾਨ ਉਤੇ ਹਮਲਾ ਕਰਨ ਦਾ ਮਹਿਜ਼ ਬਹਾਨਾ ਹੈ। ਆਇਤੁਲਾ ਖ਼ੁਮੈਨੀ ਨੇ ਤਾਂ ਪ੍ਰਮਾਣੂੰ ਬੰਬ ਨੂੰ ਇਸਲਾਮ ਵਿਰੋਧੀ ਆਖ ਕੇ ਇਸ ਵਿਰੁੱਧ ਫ਼ਤਵਾ ਦਿੱਤਾ ਸੀ। ਇਰਾਨ ਨੇ 1973 ਦੇ 'ਪਰਮਾਣੂੰ ਬੰਬ ਰੋਕੂ ਸੰਧੀ' ਤੇ ਦਸਤਖ਼ਤ ਕੀਤੇ ਹੋਏ। ਉਸਦਾ ਸਾਰਾ ਪ੍ਰਮਾਣੂੰ ਵਿਕਾਸ ਕੰਮ 'ਅੰਤਰਰਾਸ਼ਟਰੀ ਅਟੌਮਿਕ ਅਨਰਜ਼ੀ ਏਜੰਸੀ ਦੀ' ਨਿਗਰਾਨੀ ਵਿੱਚ ਰਿਹਾ ਤੇ ਉਹ ਹੁਣ ਵੀ ਅਜਿਹੀ ਨਿਗਰਾਨੀ

ਲਈ ਆਪਣੀ ਸਹਿਮਤੀ ਦਿੰਦਾ। ਤਾਜ਼ੀ ਖ਼ਬਰ ਕਿ ਇਰਾਨ ਨਿਊਕਲੀਅਰ ਵਾਧਾ ਰੋਕਣ ਵਾਲੀ ਯੂ.ਐਨ ਸੰਸਥਾ ਐਨ.ਪੀ.ਟੀ ਦਾ ਮੀਤ ਪ੍ਰਧਾਨ ਚੁਣਿਆ ਗਿਆ ਹੈ। ਵੈਸੇ ਵੀ ਹਰ ਮੁਲਕ ਦਾ ਅਧਿਕਾਰ ਕਿ ਉਹ ਸ਼ਾਂਤਮਈ ਮਨੋਰਥ ਲਈ ਇੱਕ ਹੱਦ ਤਕ ਪ੍ਰਮਾਣੂੰ ਵਿਕਾਸ ਕਰ ਸਕਦਾ।

ਇਸ ਹਿਸਾਬ ਨਾਲ ਇਹ ਮੁੱਦਾ ਇਰਾਨ ਦੀ ਹੋਂਦ, ਅਜ਼ਾਦ ਮੁਲਕ ਵਾਲੀ ਹਸਤੀ ਅਤੇ ਅਣਖ ਨਾਲ ਜਿਉਣ ਨਾਲ ਜੁੜਿਆ ਹੋਇਆ। ਇਰਾਨ ਦਾ ਐਲਾਨ ਕਿ ਉਹ ਕਿਸੇ ਵੀ ਕੀਮਤ ਉੱਤੇ ਆਪਣਾ ਸੋਧਿਆ ਯੂਰੇਨੀਅਮ ਅਮਰੀਕਾ ਦੇ ਹਵਾਲੇ ਕਰਕੇ ਆਪਣਾ ਪ੍ਰਮਾਣੂੰ ਵਿਕਾਸ ਪ੍ਰੋਗਰਾਮ ਠੱਪ ਨਹੀਂ ਕਰੇਗਾ। ਪ੍ਰਮਾਣੂੰ ਬੰਬ ਨਾ ਬਣਾਉਣ ਬਾਰੇ ਸਹਿਮਤੀ ਇਰਾਨ ਜ਼ਰੂਰ ਦੇ ਸਕਦਾ, ਪਹਿਲੋਂ ਵੀ ਹੈ। ਇਸ ਸਹਿਮਤੀ ਨੂੰ ਆਪਣੀ ਵੱਡੀ ਜਿੱਤ ਵਜੋਂ ਪ੍ਰਚਾਰ ਕੇ ਅਮਰੀਕਾ ਸਮਝੌਤਾ ਕਰਨ ਵੱਲ ਵਧ ਸਕਦਾ। ਹਾਰਮੂਜ਼ ਲਾਂਘਾ ਵੀ ਇਰਾਨ ਖੋਲ੍ਹ ਦਏਗਾ, ਹਮਲੇ ਕਾਰਨ ਬੰਦ ਕੀਤਾ, ਲੇਕਿਨ ਉਸਦਾ ਲਾਂਘੇ ਵਾਲਾ ਕੰਟਰੋਲ ਆਪਣੇ ਕੋਲ ਰੱਖੇਗਾ ਕਿਉਂਕਿ ਇਹ ਸਮੁੰਦਰੀ ਲਾਂਘਾ ਉਸਦੀ ਹੱਦ ਵਿੱਚ ਹੈ। ਇਸ ਯੁੱਧ ਵਾਲੇ ਮਹੌਲ ਵਿੱਚ ਉਹ ਆਪਣੀ ਹੱਦ ਵਿੱਚ ਕਿਸੇ ਦੁਸ਼ਮਣ ਦੀ ਫੌਜ ਨੂੰ ਘੁੰਮਣ ਜਾਂ ਟਿਕਣ ਨਹੀਂ ਦੇ ਸਕਦੇ। ਅਗਰ ਏਥੇ ਕੁ ਸਮਝੌਤਾ ਹੋ ਜੇ ਤਾਂ ਸਭ ਦੇ ਹਿੱਤ ਵਿੱਚ ਹੋਵੇਗਾ। ਜੇ ਅਮਰੀਕਾ ਨੇ ਅੜੀ ਕਰਕੇ ਜਾਂ ਇਜ਼ਰਾਇਲ ਦੀ ਚੁੱਕ ਵਿੱਚ ਆ ਕੇ ਇਰਾਨ ਦਾ ਲੱਕ ਤੋੜਨ ਦਾ ਮਕਸਦ ਲੈ ਕੇ, ਹਮਲੇ ਦਾ ਕੋਈ ਵੀ ਬਹਾਨਾ ਬਣਾਇਆ ਤਾਂ ਫਿਰ ਜੰਗ ਹੋਵੇਗੀ। (ਬਾਕੀ ਸਫ਼ਾ 27 'ਤੇ)

ਗੰਭੀਰ ਹੋਇਆ ਪੱਛਮੀ ਏਸ਼ੀਆ ਦਾ ਸੰਕਟ

ਸੰਜੇ ਗੁਪਤ

ਹੋਰਮੁਜ਼ ਸਮੁੰਦਰੀ ਮਾਰਗ 'ਤੇ ਇਰਾਨ ਵੱਲੋਂ ਪੂਰਾ ਦਬਦਬਾ ਕਾਇਮ ਕਰਨ ਦੀ ਕੋਸ਼ਿਸ਼ ਅਤੇ ਇਸ ਦੇ ਜਵਾਬ ਵਿੱਚ ਅਮਰੀਕਾ ਦੀ ਇਰਾਨੀ ਬੰਦਰਗਾਹਾਂ ਦੀ ਨਾਕੇਬੰਦੀ ਕਾਰਨ ਦੁਨੀਆ ਭਰ ਵਿੱਚ ਊਰਜਾ ਦਾ ਨਾ ਸਿਰਫ਼ ਸੰਕਟ ਜਾਰੀ ਹੈ, ਸਗੋਂ ਉਹ ਡੂੰਘਾ ਵੀ ਹੁੰਦਾ ਜਾ ਰਿਹਾ ਹੈ। ਜਿੱਥੇ ਅਮਰੀਕਾ ਇਰਾਨ ਦੇ ਤੇਲ ਟੈਂਕਰਾਂ ਨੂੰ ਨਿਕਲਣ ਨਹੀਂ ਦੇ ਰਿਹਾ, ਉਥੇ ਹੀ ਇਰਾਨ ਹੋਰਮੁਜ਼ ਤੋਂ ਤੇਲ ਅਤੇ ਗੈਸ ਲੈ ਕੇ ਆ ਰਹੇ ਜਹਾਜ਼ਾਂ ਨੂੰ ਰਸਤਾ ਨਹੀਂ ਦੇ ਰਿਹਾ ਹੈ। ਦੋਵਾਂ ਦੇਸ਼ਾਂ ਨੇ ਇੱਕ-ਦੂਜੇ ਖ਼ਿਲਾਫ਼ ਅੜੀਅਲ ਰਵੱਈਆ ਅਪਣਾਇਆ ਹੋਇਆ ਹੈ। ਇਹ ਸਥਿਤੀ ਉਸ ਵੇਲੇ ਹੈ, ਜਦੋਂ ਅਮਰੀਕਾ ਅਤੇ ਇਰਾਨ ਵਿਚਕਾਰ ਜੰਗਬੰਦੀ ਵੀ ਜਾਰੀ ਹੈ। ਫ਼ਿਲਹਾਲ ਇਸ ਜੰਗਬੰਦੀ ਦਾ ਦੁਨੀਆ ਨੂੰ ਕੋਈ ਲਾਭ ਨਹੀਂ ਮਿਲ ਰਿਹਾ ਹੈ ਕਿਉਂਕਿ ਪੱਛਮੀ ਏਸ਼ੀਆ ਦਾ ਸੰਕਟ ਜਿਵੇਂ ਦਾ ਤਿਵੇਂ ਹੈ ਅਤੇ ਹੋਰਮੁਜ਼ 'ਚ ਪਹਿਲਾਂ ਦੀ ਤਰ੍ਹਾਂ ਹੀ ਅੜਿੱਕਾ ਪਿਆ ਹੋਇਆ ਹੈ।

ਡੋਨਾਲਡ ਟਰੰਪ ਨੇ ਜੰਗਬੰਦੀ ਨੂੰ ਅਨਿਸ਼ਚਿਤਕਾਲ ਲਈ ਵਧਾਉਣ ਤੋਂ ਬਾਅਦ ਜਦੋਂ ਇਰਾਨ 'ਤੇ ਪ੍ਰਮਾਣੂ ਮਸਲੇ 'ਤੇ ਜਲਦੀ ਸਮਝੌਤਾ ਕਰਨ ਲਈ ਦਬਾਅ ਪਾਉਣਾ ਸ਼ੁਰੂ ਕੀਤਾ ਤਾਂ ਸ਼ੁਰੂਆਤ ਵਿੱਚ ਤਾਂ ਇਰਾਨ ਇਸ ਦਬਾਅ ਦਾ ਵਿਰੋਧ ਕਰਦਾ ਦਿਖਾਈ ਦਿੱਤਾ ਪਰ ਹੁਣ ਉਹ ਆਪਣੀਆਂ ਬੰਦਰਗਾਹਾਂ ਦੀ ਅਮਰੀਕੀ ਨਾਕੇਬੰਦੀ ਕਾਰਨ ਕੁਝ ਬੇਚੈਨ ਦਿਖਾਈ ਦੇ ਰਿਹਾ ਹੈ। ਇਸ ਦਾ ਕਾਰਨ ਇਹ ਹੈ ਕਿ ਉਹ ਜਿਸ ਤੇਲ ਦਾ ਉਤਪਾਦਨ ਕਰ ਰਿਹਾ ਹੈ, ਉਸ ਦਾ ਨਿਰਯਾਤ ਨਹੀਂ ਕਰ ਪਾ ਰਿਹਾ ਅਤੇ ਹੁਣ ਉਸ ਕੋਲ ਹੋਰ ਜ਼ਿਆਦਾ ਤੇਲ ਦੇ ਭੰਡਾਰਨ ਦੀ ਸਮਰੱਥਾ ਨਹੀਂ ਰਹੀ। ਅਜਿਹੇ 'ਚ ਉਸ ਨੂੰ ਆਪਣੇ ਤੇਲ ਦੇ ਖੂਹਾਂ ਨੂੰ ਬੰਦ ਕਰਨਾ ਪੈ ਸਕਦਾ ਹੈ। ਇਸ ਦੇ ਨਤੀਜੇ 'ਚ ਉਨ੍ਹਾਂ ਨੂੰ ਸਥਾਈ ਤੌਰ 'ਤੇ ਨੁਕਸਾਨ ਹੋ ਸਕਦਾ ਹੈ। ਸ਼ਾਇਦ ਇਸੇ ਕਾਰਨ ਇਰਾਨ ਨੇ ਪਾਕਿਸਤਾਨ ਜ਼ਰੀਏ ਅਮਰੀਕਾ ਨੂੰ ਨਵਾਂ ਪ੍ਰਸਤਾਵ ਭੇਜਿਆ ਪਰ ਇਹ ਟਰੰਪ ਨੂੰ ਪਸੰਦ ਨਹੀਂ ਆਇਆ। ਹੁਣ ਦੇਖਣਾ ਇਹ ਹੈ ਕਿ ਇਰਾਨ ਕੀ ਕਰਦਾ ਹੈ ਅਤੇ ਟਰੰਪ ਕੀ ਕਰਦੇ ਹਨ? ਜੇਕਰ ਇਰਾਨ ਪਰਮਾਣੂ ਮਸਲੇ 'ਤੇ ਸਮਝੌਤੇ ਤੋਂ ਇਨਕਾਰ ਕਰਦਾ ਰਹਿੰਦਾ ਹੈ ਤਾਂ ਟਰੰਪ ਉਸ ਨੂੰ ਨਵੇਂ ਸਿਰੇ ਤੋਂ ਨਿਸ਼ਾਨਾ ਬਣਾ ਸਕਦੇ ਹਨ ਪਰ ਇਹ ਉਨ੍ਹਾਂ ਲਈ ਆਸਾਨ ਨਹੀਂ ਹੋਵੇਗਾ ਕਿਉਂਕਿ ਪੱਛਮੀ ਏਸ਼ੀਆ ਦੇ ਸੰਕਟ ਕਾਰਨ ਉਹ ਆਪਣੇ ਦੇਸ਼ ਵਿੱਚ ਹੀ ਆਲੋਚਨਾ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਦੇ ਰੱਖਿਆ ਮੰਤਰੀ ਵਿਰੋਧੀ ਡੈਮੋਕ੍ਰੈਟ ਸੰਸਦ ਮੈਂਬਰਾਂ ਨੂੰ ਇਹ ਦੱਸਣ ਵਿਚ ਨਾਕਾਮ ਰਹੇ ਹਨ ਕਿ ਇਰਾਨ ਖ਼ਿਲਾਫ਼ ਚੱਲੇ 40 ਦਿਨਾਂ ਦੇ ਯੁੱਧ ਵਿੱਚ ਅਮਰੀਕਾ ਨੂੰ ਕੀ ਹਾਸਲ ਹੋਇਆ?

ਅਮਰੀਕਾ ਅਤੇ ਇਰਾਨ ਵਿਚਕਾਰ ਪਹਿਲੇ ਦੌਰ ਦੀ ਗੱਲਬਾਤ ਟੁੱਟਣ ਅਤੇ ਦੂਜੇ ਗੇੜ ਦੀ ਗੱਲਬਾਤ ਕਰਵਾਉਣ

ਵਿੱਚ ਪਾਕਿਸਤਾਨ ਦੇ ਨਾਕਾਮ ਹੋ ਜਾਣ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਸੰਕਟ ਨੂੰ ਸੁਲਝਾਉਣ ਲਈ ਰੂਸੀ ਰਾਸ਼ਟਰਪਤੀ ਪੁਤਿਨ ਨਾਲ ਗੱਲ ਕੀਤੀ ਪਰ ਇਸ ਨਾਲ ਵੀ ਗੱਲ ਬਣਦੀ ਨਜ਼ਰ ਨਹੀਂ ਆਈ। ਇਸ ਗੱਲਬਾਤ ਵਿੱਚ ਰੂਸ ਨੇ ਈਰਾਨ ਦੇ ਸੋਧੇ ਹੋਏ ਯੂਰੇਨੀਅਮ ਨੂੰ ਆਪਣੇ ਕੋਲ ਰੱਖਣ ਦਾ ਪ੍ਰਸਤਾਵ ਦਿੱਤਾ ਪਰ ਇਸ 'ਤੇ ਗੱਲਬਾਤ ਉਦੋਂ ਹੀ ਅੱਗੇ ਵਧ ਸਕੇਗੀ ਜਦੋਂ ਇਰਾਨ ਸਹਿਮਤ ਹੋਵੇਗਾ।

ਅੱਜ ਅਹਿਮ ਸਵਾਲ ਇਹ ਨਹੀਂ ਹੈ ਕਿ ਅਮਰੀਕਾ ਅਤੇ ਇਰਾਨ ਵਿਚਕਾਰ ਜੰਗਬੰਦੀ ਕਾਇਮ ਰਹੇਗੀ ਜਾਂ ਨਹੀਂ ਸਗੋਂ ਇਹ ਹੈ ਕਿ ਹੋਰਮੁਜ਼ ਸਮੁੰਦਰੀ ਮਾਰਗ ਖੁੱਲ੍ਹੇਗਾ ਜਾਂ ਨਹੀਂ? ਜੇਕਰ ਇਹ ਸਮੁੰਦਰੀ ਮਾਰਗ ਨਹੀਂ ਖੁੱਲ੍ਹਦਾ ਤਾਂ ਤੇਲ ਅਤੇ ਗੈਸ ਦੀਆਂ ਕੀਮਤਾਂ ਘਟਣ ਵਾਲੀਆਂ ਨਹੀਂ ਹਨ ਅਤੇ ਜੇਕਰ ਇਹ ਇਸੇ ਤਰ੍ਹਾਂ ਵਧਦੀਆਂ ਰਹੀਆਂ ਤਾਂ ਪੂਰੀ ਦੁਨੀਆ ਦੀ ਅਰਥ-ਵਿਵਸਥਾ ਡਗਮਗਾ ਸਕਦੀ ਹੈ। ਕਈ ਦੇਸ਼ਾਂ ਵਿੱਚ ਤਾਂ ਤੇਲ ਅਤੇ ਗੈਸ ਦੀਆਂ ਕੀਮਤਾਂ ਵਧ ਵੀ ਗਈਆਂ ਹਨ। ਇਸ ਦਾ ਨਕਾਰਾਤਮਕ ਪ੍ਰਭਾਵ ਉਦਯੋਗਾਂ ਅਤੇ ਰੁਜ਼ਗਾਰ 'ਤੇ ਵੀ ਪੈ ਰਿਹਾ ਹੈ। ਹਾਲੇ ਤੱਕ ਭਾਰਤ ਨੂੰ ਸਿਰਫ਼ ਐੱਲ.ਪੀ.ਜੀ. ਦੀ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰ ਨੂੰ ਇਸ ਕਿੱਲਤ ਦੇ ਵਿਚਕਾਰ ਵਪਾਰਕ ਸਿਲੰਡਰਾਂ ਦੀਆਂ ਕੀਮਤਾਂ ਵਧਾਉਣੀਆਂ ਪਈਆਂ ਹਨ। ਪਿਛਲੇ ਕੁਝ ਸਮੇਂ ਤੋਂ ਕਾਰਖਾਨਿਆਂ ਵਿੱਚ ਇਸਤੇਮਾਲ ਹੋਣ ਵਾਲੀ ਗੈਸ ਦੀ ਕਮੀ ਵੀ ਦੇਖੀ ਜਾ ਰਹੀ ਹੈ ਅਤੇ ਉਨ੍ਹਾਂ ਦਾ ਉਤਪਾਦਨ ਪ੍ਰਭਾਵਿਤ ਹੋ ਰਿਹਾ ਹੈ। ਕਿਤੇ-ਕਿਤੇ ਮਜ਼ਦੂਰਾਂ ਦੇ ਕੰਮ ਦੇ ਘੰਟਿਆਂ ਅਤੇ ਦਿਨਾਂ ਵਿੱਚ ਵੀ ਕਟੌਤੀ ਹੋਣ ਲੱਗੀ ਹੈ। ਇੱਕ ਸਮੱਸਿਆ ਇਹ ਵੀ ਹੈ ਕਿ ਨਿਰਯਾਤਕ ਆਪਣੇ ਸਾਮਾਨ ਨੂੰ ਖਾੜੀ ਦੇ ਦੇਸ਼ਾਂ ਵਿੱਚ ਨਹੀਂ ਭੇਜ ਪਾ ਰਹੇ ਹਨ। ਇਸੇ ਤਰ੍ਹਾਂ ਖਾੜੀ ਦੇ ਦੇਸ਼ਾਂ ਤੋਂ ਤੇਲ ਅਤੇ ਗੈਸ ਦੇ ਨਾਲ-ਨਾਲ ਹੋਰ ਉਤਪਾਦ ਵੀ ਨਹੀਂ ਆ ਰਹੇ ਹਨ। ਇਸ ਦਾ ਵੀ ਉਦਯੋਗਾਂ 'ਤੇ ਅਸਰ ਪੈ ਰਿਹਾ ਹੈ।

ਜਿੱਥੇ ਤੇਲ ਦੇ ਦਾਮ 125 ਡਾਲਰ ਪ੍ਰਤੀ ਬੈਰਲ ਨੂੰ ਪਾਰ ਕਰ ਗਏ ਹਨ, ਉਥੇ ਹੀ ਰੁਪਇਆ ਡਾਲਰ ਦੇ ਮੁਕਾਬਲੇ 95 ਦੇ ਪੱਧਰ ਨੂੰ ਟੱਪ ਗਿਆ ਹੈ। ਇਹ ਭਾਰਤ ਲਈ ਦੋਹਰਾ ਸੰਕਟ ਹੈ, ਕਿਉਂਕਿ ਇਸ ਨਾਲ ਦਰਾਮਦ ਬਿੱਲ ਵਧ ਰਹੇ ਹਨ। ਕੱਚੇ ਤੇਲ ਦੇ ਵਧਦੇ ਭਾਅ ਅਤੇ ਰੁਪਏ ਵਿੱਚ ਗਿਰਾਵਟ ਨਾਲ ਮਹਿੰਗਾਈ ਵਧਣ ਦਾ ਖ਼ਤਰਾ ਹੈ। ਹੁਣ ਤਾਂ ਇਸ ਦੀ ਵੀ ਸ਼ੰਕਾ ਹੈ ਕਿ ਤੇਲ ਕੰਪਨੀਆਂ ਨੂੰ ਆਪਣਾ ਨੁਕਸਾਨ ਘਟਾਉਣ ਲਈ ਪੈਟਰੋਲ ਅਤੇ ਡੀਜ਼ਲ ਦੇ ਦਾਮ ਵੀ ਵਧਾਉਣੇ ਪੈ ਸਕਦੇ ਹਨ। ਜੇਕਰ ਅਜਿਹਾ ਹੁੰਦਾ ਹੈ ਤਾਂ ਮਹਿੰਗਾਈ ਦਾ ਤੇਜ਼ੀ ਨਾਲ ਵਧਣਾ ਨਿਸ਼ਚਤ ਹੈ। ਮਹਿੰਗਾਈ ਵਧਣ ਨਾਲ ਆਮ ਆਦਮੀ ਦੇ ਸਾਹਮਣੇ ਸੰਕਟ ਤਾਂ ਵਧੇਗਾ ਹੀ, ਸਰਕਾਰ ਲਈ ਵੀ ਮੁਸ਼ਕਿਲਾਂ ਵਧ ਜਾਣਗੀਆਂ। ਸਰਕਾਰ ਕੁਝ ਵੀ ਦਾਅਵਾ ਕਰੇ, ਉਸ ਲਈ ਬਹੁਤ ਦਿਨਾਂ ਤੱਕ ਪੈਟਰੋਲ ਅਤੇ ਡੀਜ਼ਲ ਦੇ ਮੁੱਲ ਸਥਿਰ ਰੱਖਣੇ ਮੁਸ਼ਕਿਲ ਕੰਮ ਹੋਵੇਗਾ। ਇਹ ਧਿਆਨ ਰਹੇ ਕਿ ਕੱਚੇ ਤੇਲ ਦੀਆਂ ਵਧੀਆਂ ਕੀਮਤਾਂ ਦੇ ਬੋਝ ਤੋਂ ਆਮ ਆਦਮੀ ਨੂੰ ਬਚਾਉਣ ਲਈ ਸਰਕਾਰ ਪਹਿਲਾਂ ਹੀ ਆਪਣੇ ਟੈਕਸ ਮਾਲੀਏ ਵਿੱਚ ਕਟੌਤੀ ਕਰ ਚੁੱਕੀ ਹੈ। ਇਸ ਤਹਿਤ ਪਿਛਲੇ ਮਹੀਨੇ ਪੈਟਰੋਲ ਅਤੇ ਡੀਜ਼ਲ, ਦੋਹਾਂ 'ਤੇ ਐਕਸਾਈਜ਼ ਡਿਊਟੀ ਵਿਚ ਕਮੀ ਕੀਤੀ ਗਈ ਸੀ ਪਰ ਅੱਗੇ ਉਸ ਲਈ ਅਜਿਹਾ ਕਰਨਾ ਮੁਸ਼ਕਿਲ ਹੋਵੇਗਾ।

ਸਰਕਾਰ ਨੇ ਹਾਲੇ ਤੱਕ ਭਾਵੇਂ ਹੀ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਸਥਿਰ ਰੱਖੀਆਂ ਹੋਣ ਪਰ ਉਸ ਨੂੰ ਕਮਰਸ਼ੀਅਲ ਸਿਲੰਡਰ ਦੀਆਂ ਕੀਮਤਾਂ ਵਧਾਉਣ ਦੇ ਨਾਲ-ਨਾਲ ਅੰਤਰਰਾਸ਼ਟਰੀ ਏਅਰਲਾਈਨਜ਼ ਲਈ ਏਵੀਏਸ਼ਨ ਟਰਬਾਈਨ ਫਿਊਲ (ਏਟੀਐੱਫ) ਦੇ ਮੁੱਲ ਵਧਾਉਣੇ ਪਏ ਹਨ। ਇਸ ਕਾਰਨ ਅੰਤਰਰਾਸ਼ਟਰੀ ਹਵਾਈ ਯਾਤਰਾ ਮਹਿੰਗੀ ਹੋ ਗਈ ਹੈ। ਬੀਤੇ ਦਿਨੀਂ ਫਿਰ ਤੋਂ ਏਟੀਐਫ ਦੀਆਂ ਕੀਮਤਾਂ ਵਧਾਈਆਂ ਗਈਆਂ। ਇਸ ਨਾਲ ਅੰਤਰਰਾਸ਼ਟਰੀ ਹਵਾਈ ਯਾਤਰਾ ਯਕੀਨਨ ਹੋਰ ਮਹਿੰਗੀ ਹੋ ਜਾਣੀ ਹੈ। ਕੁਝ ਏਅਰਲਾਈਨਜ਼ ਦੀ ਘਰੇਲੂ ਯਾਤਰਾ ਵੀ ਮਹਿੰਗੀ ਹੋ ਗਈ ਹੈ। ਸਪਸ਼ਟ ਹੈ ਕਿ ਇਸ ਦਾ ਅਸਰ ਆਮ ਲੋਕਾਂ ਦੇ ਨਾਲ-ਨਾਲ ਅਰਥਚਾਰੇ 'ਤੇ ਵੀ ਪਵੇਗਾ। (ਬਾਕੀ ਸਫ਼ਾ 27 'ਤੇ)

ਭਗਵੰਤ ਮਾਨ ਲਈ ਅਗਨੀ ਪ੍ਰੀਖਿਆ: ਸੱਤਾ ਦੀ ਔਖੀ ਡਗਰ

ਦਰਬਾਰਾ ਸਿੰਘ ਕਾਹਲੋਂ

ਸੱਤ ਰਾਜ ਸਭਾ ਮੈਂਬਰ ਤੋੜਨ ਦੀ ਭਾਜਪਾ ਦੀ ਰਾਜਨੀਤਿਕ ਪ੍ਰਕਿਰਿਆ ਆਮ ਆਦਮੀ ਪਾਰਟੀ ਦੇ ਅਜੋਕੇ ਰਾਜਨੀਤਿਕ ਢਾਂਚੇ ਨੂੰ ਸੁਨਿਆਰ ਦੀ ਨਹੀਂ ਲੁਹਾਰ ਦੇ ਵਦਾਣ ਵਾਲੀ ਅਜਿਹੀ ਸੱਟ ਹੈ ਜਿਸਦੀ ਮਾਰ ਸਹਿਣ ਦੀ ਸ਼ਕਤੀ ਇਸਦੇ ਏਕਾਧਿਕਾਰਵਾਦੀ ਆਗੂ ਅਰਵਿੰਦ ਕੇਜਰੀਵਾਲ ਕੋਲ ਵੀ ਬਚੀ ਨਹੀਂ ਲਗਦੀ। ਇਸ ਪ੍ਰਕਿਰਿਆ ਦੀ ਪੰਜਾਬ ਅੰਦਰ ਇਸ ਪਾਰਟੀ ਨੇ ਭਾਨਮਤੀ ਦਾ ਕੁਨਬਾ ਜੋੜ ਕੇ ਜੋ ਰਾਜਨੀਤਿਕ ਖਿੱਦੋ ਗੁੰਦਿਆ ਸੀ ਉਹ ਤਾਬ ਨਾ ਝੱਲਦਾ ਅੰਦਰੋਂ ਅੰਦਰ ਖਿਲਰਨਾ ਸ਼ੁਰੂ ਹੋ ਗਿਆ ਲਗਦਾ ਹੈ। ਲੇਕਿਨ ਬਾਹਰੀ ਤੌਰ 'ਤੇ ਅਜੇ ਵੀ ਇੱਕ ਜੁੱਟ ਗੁੰਦਿਆ ਨਜ਼ਰ ਆਉਂਦਾ ਹੈ ਜਿਵੇਂ ਕਿ ਪਹਿਲੀ ਮਈ ਨੂੰ ਮਜ਼ਦੂਰ ਦਿਵਸ 'ਤੇ ਸੱਦੇ ਵਿਸ਼ੇਸ਼ ਵਿਧਾਨ ਸਭਾ ਸੈਸ਼ਨ ਵਿੱਚ ਭਗਵੰਤ ਮਾਨ ਨੇ ਭਰੋਸੇ ਦਾ ਮਤ ਪ੍ਰਾਪਤ ਕਰਕੇ ਸਾਬਤ ਕੀਤਾ ਹੈ।

ਲੱਖ ਟਕੇ ਦਾ ਸਵਾਲ ਇਹ ਹੈ ਕਿ ਇਹ ਖਿਦੋ ਖਿਲਰਦਾ ਨਜ਼ਰ ਕਿਉਂ ਨਹੀਂ ਆ ਰਿਹਾ? ਦਰਅਸਲ ਜਿਸ ਅੰਨਾ ਹਜ਼ਾਰੇ ਅੰਦੋਲਨ ਭ੍ਰਿਸ਼ਟਾਚਾਰ ਖ਼ਿਲਾਫ਼ ਭਾਰਤ ਦੇ ਮੁੱਦੇ 'ਤੇ ਇਸ ਪਾਰਟੀ ਨੂੰ ਬਗੈਰ ਕਿਸੇ ਵਿਚਾਰਧਾਰਾ ਦੇ ਵਲੰਟੀਅਰ ਰਾਜਨੀਤਕ ਖੇਲ ਰਾਹੀਂ ਖੜ੍ਹਾ ਕੀਤਾ ਸੀ, ਇਸਦੀ ਆਰਥਿਕ ਮਜ਼ਬੂਤੀ ਅਤੇ ਵਿਆਪਕਤਾ, ਵੱਖ ਵੱਖ ਰਾਜਾਂ ਵਿੱਚ ਚੋਣ ਪ੍ਰਚਾਰ ਵੇਲੇ ਹੀ ਵੱਡੀ ਹਾਜ਼ਰੀ ਲਾਉਣ ਲਈ ਇਸੇ ਭ੍ਰਿਸ਼ਟਾਚਾਰ ਨੂੰ ਕੁੰਜੀਵਤ ਅਧਾਰ ਬਣਾਇਆ ਗਿਆ। ਦਿੱਲੀ ਵਿੱਚ ਸ਼ਰਾਬ ਨੀਤੀ ਦਾ ਖੇਲਾ, ਵੱਡੇ ਪੱਧਰ 'ਤੇ ਥਾਂ ਥਾਂ ਠੇਕੇ, ਬਾਰ ਸਿਸਟਮ ਦਾ ਤੌਰ ਤਰੀਕਾ, ਪੰਜਾਬ ਵਿੱਚ ਕੱਟੜ ਇਮਾਨਦਾਰ ਸਰਕਾਰ ਰਾਹੀਂ ਰੇਤ ਬਜਰੀ ਤੋਂ ਸਲਾਨਾ 20 ਹਜ਼ਾਰ ਕਰੋੜ, ਸ਼ਰਾਬ ਅਤੇ ਭ੍ਰਿਸ਼ਟਾਚਾਰ ਰੋਕ ਰਾਹੀਂ ਕੁੱਲ ਮਿਲਾ ਕੇ ਕਰੀਬ ਇੱਕ ਲੱਖ ਕਰੋੜ ਦੀ ਸਲਾਨਾ ਬੱਚਤ ਰਾਹੀਂ ਪੰਜਾਬ ਦੀ ਤਕਦੀਰ ਬਦਲਣ ਦੀ ਜੁਮਲਾਬਾਜ਼ੀ ਸਬੰਧੀ ਪੂਰੇ ਦੇਸ਼ ਵਿੱਚ ਇੱਕ ਨੈਰੇਟਿਵ ਸਿਰਜਣ ਲਈ 850 ਕਰੋੜ ਤੋਂ ਵੱਧ ਦਾ ਪ੍ਰਚਾਰ ਖਰਚਾ ਕੀਤਾ। ਲੇਕਿਨ ਅੰਦਰਖਾਤੇ ਇਸ ਭ੍ਰਿਸ਼ਟਾਚਾਰ ਨੂੰ ਨਿਰੰਤਰ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰ ਵਾਂਗ ਮਿੰਟਿੰਗ ਮਸ਼ੀਨ ਵਜੋਂ ਵਰਤਣਾ ਜਾਰੀ ਰੱਖਿਆ। ਪਹਿਲੀਆਂ ਸਰਕਾਰਾਂ ਵਾਂਗ ਹਲਕਾ ਇੰਚਾਰਜ, ਵਿਧਾਇਕਾਂ, ਮੰਤਰੀਆਂ, ਹਰ ਹਲਕੇ ਵਿੱਚ ਅਤੇ ਹਰ ਵਿਭਾਗ ਵਿੱਚ ਤਾਇਨਾਤ ਦਿੱਲੀ ਤੋਂ ਵਿਸ਼ੇਸ਼ ਲੋਕਾਂ ਦੀ ਹਿੱਸੇਦਾਰੀ ਲਗਾਤਾਰ ਕਾਇਮ ਰਹੀ। ਸੋ ਅੱਜ ਅੰਦਰੋ ਅੰਦਰ ਖਿਲਰ ਚੁੱਕੇ ਆਮ ਆਦਮੀ ਪਾਰਟੀ ਦੇ ਖਿਦੋ ਨਾਲ ਸਬੰਧਿਤ ਵਿਧਾਇਕ ਹਲਕਾ ਇੰਚਾਰਜ ਅਤੇ ਵਿਸ਼ੇਸ਼ ਕਾਰਕੁਨ ਇਸੇ ਕਰਕੇ ਦੜ ਵੱਟ ਰਹੇ ਹਨ ਕਿ ਭ੍ਰਿਸ਼ਟਾਚਾਰੀ ਮਿੰਟਿੰਗ ਮਸ਼ੀਨ ਰਾਹੀਂ ਕਮਾਏ ਧਨ ਦਾ ਹਿੱਸਾ ਕਾਹਦੇ ਲਈ ਗਵਾਉਣਾ ਪਾਰਟੀ ਤੋਂ ਵੱਖ ਹੋ ਕੇ।

ਭਾਰਤ ਅੰਦਰ ਲੋਕਤੰਤਰ ਦਾ ਆਪਣਾ ਅਨੋਖਾ ਢੰਗ ਹੈ। ਲੋਕਤੰਤਰ ਲੋਕਾਂ ਦੀਆਂ ਵੋਟਾਂ ਨਾਲ ਸਿਰਜੇ ਰਾਜ ਨੂੰ ਮੰਨਿਆ ਜਾਂਦਾ ਹੈ। ਲੋਕ ਵੋਟ ਮੁਫਤਖੋਰੀਆਂ ਜਿਵੇਂ ਬਿਜਲੀ, ਪਾਣੀ, ਬੱਸ ਸਵਾਰੀ, ਆਟਾ-ਦਾਲ ਆਦਿ ਮੁਫਤ ਦੇਣ ਨਾਲ ਨਹੀਂ ਪਾਉਂਦੇ। ਜੇ

ਅਜਿਹਾ ਹੁੰਦਾ ਤਾਂ ਅਜਿਹੇ ਮੁਫਤਖੋਰੀਆਂ ਦੇ ਪਿਤਾਮਾ ਮੁੱਖ ਮੰਤਰੀ ਜਾਂ ਪ੍ਰਧਾਨ ਮੰਤਰੀ ਕਦੇ ਬਦਲੇ ਹੀ ਨਾ ਜਾਂਦੇ। ਵੋਟ ਭਾਰਤੀ ਲੋਕਤੰਤਰ ਅੰਦਰ ਲੋਕ ਭ੍ਰਿਸ਼ਟਾਚਾਰ ਅਤੇ ਰਾਜਕੀ ਜਾਂ ਗੈਰ ਰਾਜਕੀ ਬਾਹੂਬਲ ਦੇ ਮਾਧਿਅਮ ਨਾਲ ਦਿੰਦੇ ਹਨ। ਲੇਖਕ ਦੇ ਕੁਝ ਇੱਕ ਮੁੱਖ ਮੰਤਰੀਆਂ ਨਾਲ ਨੇੜਲੇ ਸਬੰਧਾਂ ਦਾ ਤਜਰਬਾ ਇਹੀ ਦਰਸਾਉਂਦਾ ਹੈ। ਪੰਜਾਬ ਵਿੱਚ ਇਹ ਵੋਟ ਸਿਧਾਂਤ ਪ੍ਰਤਾਪ ਸਿੰਘ ਕੈਰੋਂ ਵਰਗੇ ਬਾਹੂਬਲੀ ਮੁੱਖ ਮੰਤਰੀ ਕਾਲ ਤੋਂ ਜਾਰੀ ਹੈ। ਉਹ ਆਪਣੇ ਮੰਤਰੀਆਂ, ਵਿਧਾਇਕਾਂ ਅਤੇ ਆਗੂਆਂ ਨੂੰ ਅਜਿਹੀ ਛੋਟ ਦਿੰਦੇ ਸਨ ਪਰ ਨਾਲ ਗੁਪਤ ਫਾਈਲਾਂ ਵੀ ਬਣਾਈ ਰੱਖਦੇ ਸਨ। ਕਿਸੇ ਵੱਲੋਂ ਚੂੰ ਚਾਂ ਕਰਨ 'ਤੇ ਰਗੜ ਵੀ ਦਿੰਦੇ ਸਨ। ਇੱਕ ਵਾਰ ਇੱਕ ਰਗੜੇ ਵੱਡੇ ਆਗੂ ਦੀ ਮੁੱਖ ਧਾਰਾ ਵਿੱਚ ਮੁੜ ਬਹਾਲੀ ਤੋਂ ਬਾਅਦ ਜਦੋਂ ਸਟੇਜ 'ਤੇ ਜੱਫੀ ਪਾਉਂਦੇ ਹਨ ਤਾਂ ਉਹ ਅੱਗੋਂ ਵਿਅੰਗਮਈ ਢੰਗ ਨਾਲ ਮਾਈਕ ਵਿੱਚ ਹੀ ਬੋਲ ਗਿਆ, ਤਬਾਹੀ ਮੇ ਸ਼ਾਇਦ ਕਸਰ ਰਹਿ ਗਈ ਹੈ ਇਹਨੇ ਆਜ ਫਿਰ ਮਿਹਰਬਾਨ ਦਿਖਤੇ ਹੈ।

ਗਿਆਨੀ ਜ਼ੈਲ ਸਿੰਘ ਵੇਲੇ ਵੀ ਇਹ ਪ੍ਰਕਿਰਿਆ ਜਾਰੀ ਸੀ। ਇੱਕ ਸ਼ਰੀਫ ਵਿਧਾਇਕ ਸੀ। ਜਦੋਂ ਉਹ ਉਸਦੇ ਘਰ ਗਏ ਅਤੇ ਉਸਦੇ ਕੱਚੇ ਕੋਠੇ ਦੇਖ ਕੇ ਇੱਕ ਲੱਖ ਰੁਪਇਆ ਦੇ ਆਏ, ਜਿਸ ਨਾਲ ਉਸਨੇ ਪੱਕੀ ਕੋਠੀ ਉਸਾਰ ਲਈ। ਅੱਗੋਂ ਪੱਕਾ ਪ੍ਰਬੰਧ ਵੀ ਕਰ ਗਏ। ਬੇਅੰਤ ਸਿੰਘ, ਅਮਰਿੰਦਰ ਅਤੇ ਪ੍ਰਕਾਸ਼ ਸਿੰਘ ਬਾਦਲ ਨੀਤੀਗਤ ਤੌਰ 'ਤੇ ਆਪਣੇ ਵਿਧਾਇਕਾਂ ਨੂੰ ਭ੍ਰਿਸ਼ਟਾਚਾਰ ਦੀ ਖੁੱਲ੍ਹ ਦਿੰਦੇ ਸਨ। ਉਨ੍ਹਾਂ ਨੂੰ ਗਿਆਨ ਸੀ ਕਿ ਇਸ ਬਗੈਰ ਚੋਣਾਂ ਜਿੱਤਣਾ ਸੰਭਵ ਨਹੀਂ। ਸਰਦਾਰ ਬਾਦਲ ਦਾ ਪੱਕਾ ਫੰਡਾ ਸੀ ਕਿ ਹੱਟੀ ਭੰਨੋ ਜਾਂ ਭੱਠੀ, ਮੈਨੂੰ 59 ਵਿਧਾਇਕ ਜਿੱਤੇ ਚਾਹੀਦੇ ਹਨ ਤਾਂ ਕਿ ਮੁੱਖ ਮੰਤਰੀ ਬਣ ਸਕਾਂ। ਭਗਵੰਤ ਮਾਨ ਅਤੇ ਸੁਪਰੀਮੋ ਕੇਜਰੀਵਾਲ ਇਸ ਫੰਡੇ ਤੋਂ ਅਲਹਿਦਾ ਨਹੀਂ। ਵਿਧਾਇਕਾਂ, ਮੰਤਰੀਆਂ, ਮੁੱਖ ਮੰਤਰੀਆਂ ਦੀਆਂ ਜਾਇਦਾਦਾਂ ਪੰਜ ਸਾਲਾਂ ਵਿੱਚ ਹੀ ਭੁਕਾਨੇ ਵਾਂਗ ਕਿਉਂ ਫੁੱਲ ਜਾਂਦੀਆਂ ਹਨ? ਇਹ ਭ੍ਰਿਸ਼ਟਾਚਾਰ ਦੀ ਮਿੰਟਿੰਗ ਮਸ਼ੀਨ? ਕਮਾਲ ਹੀ ਹੁੰਦਾ ਹੈ।

ਮੁੱਖ ਮੰਤਰੀ ਭਾਵੇਂ ਸੱਤ ਦਲ ਬਦਲੂ ਰਾਜ ਸਭਾ ਮੈਂਬਰਾਂ ਨੂੰ ਗਦਾਰ ਕਹਿਣ ਦਾ ਹੋਕਾ ਦੇਈ ਜਾਣ ਪਰ ਜੋ ਕਾਂਗਰਸ, ਅਕਾਲੀ, ਭਾਜਪਾ, ਬਸਪਾ, ਕਾਮਰੇਡਾਂ ਦੀਆਂ ਸਫਾਂ ਵਿੱਚੋਂ ਇਕੱਤਰ ਭਾਨਮਤੀ ਦਾ ਕੁਨਬਾ ਜੋੜ ਕੇ ਆਪ ਵਿੱਚ ਇਕੱਤਰ ਕੀਤਾ, ਉਹ ਕੌਣ ਹਨ? ਆਮ ਆਦਮੀ ਪਾਰਟੀ ਨੇ ਅਕਸਰ ਉਪ ਚੋਣਾਂ ਵਿੱਚ ਦੂਸਰੀਆਂ ਪਾਰਟੀਆਂ ਵਿੱਚੋਂ ਆਏ ਗਦਾਰ ਹੀ ਉਮੀਦਵਾਰ ਬਣਾਏ। ਜਿਵੇਂ ਭਾਜਪਾ ਦੀ ਰਾਜਨੀਤਿਕ ਵਾਸ਼ਿੰਗ ਮਸ਼ੀਨ ਵਿੱਚ ਈਡੀ, ਸੀਬੀਆਈ, ਐੱਨਆਈਏ, ਫੇਮਾ ਆਦਿ ਏਜੰਸੀਆਂ ਤੋਂ ਡਰਦੇ ਭ੍ਰਿਸ਼ਟਾਚਾਰੀ ਆਗੂ ਸ਼ਾਮਲ ਹੋ ਕੇ ਸਾਫ ਹੋ ਜਾਂਦੇ ਹਨ, ਇਵੇਂ ਹੀ ਆਪ ਵਿੱਚ ਰਲ ਕੇ ਸਾਫ ਹੋ ਗਏ।

ਅਗਸਤ ਸੰਨ 1984 ਵਿੱਚ ਜਦੋਂ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐਨ.ਟੀ. ਰਾਮਾ ਰਾਓ ਆਪਣੇ ਦਿਲ ਦੀ ਸਰਜਰੀ ਲਈ ਵਿਦੇਸ਼ ਗਏ ਤਾਂ ਉਹਨਾਂ ਦੀ ਗੈਰ ਹਾਜ਼ਰੀ ਵਿੱਚ ਉਹਨਾਂ ਦੇ ਵਿੱਤ ਮੰਤਰੀ ਭਾਸਕਰ ਰਾਓ ਨੇ ਕਾਂਗਰਸ ਪਾਰਟੀ ਦੀ ਬਾਹਰੀ ਹਮਾਇਤ ਨਾਲ ਉਹਨਾਂ ਦਾ ਤਖਤਾ ਪਲਟਣ ਦੀ ਯੋਜਨਾ ਬਣਾ ਲਈ ਸੀ। ਦੇਸ਼ ਪਰਤਦੇ ਹੀ ਰਾਮਾਰਾਓ ਬਹੁਮਤ ਵਿਧਾਇਕਾਂ ਨੂੰ ਰੇਲ ਗੱਡੀ 'ਤੇ ਬਿਠਾ ਕੇ ਦਿੱਲੀ ਪਹੁੰਚੇ ਅਤੇ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਸਨਮੁਖ ਪਰੇਡ ਕਰਵਾਈ। ਇਵੇਂ ਹੀ ਉਹਨਾਂ ਤੋਂ ਬਾਗੀ ਹੋਏ ਉਹਨਾਂ ਦੇ ਜਵਾਈ ਚੰਦਰ ਬਾਬੂ ਨਾਇਡੂ ਨੇ ਬਹੁਮਤ ਵਿਧਾਇਕਾਂ ਨੂੰ ਨਾਲ ਲੈ ਕੇ ਅਗਸਤ 1995 ਵਿੱਚ ਤਤਕਾਲੀ ਰਾਸ਼ਟਰਪਤੀ ਸਾਹਮਣੇ ਪਰੇਡ ਕਰਵਾਈ। ਇੱਥੇ ਇਹ ਵੀ ਡਰ ਹੈ ਕਿ ਕਿਤੇ ਖੁਦ ਭਗਵੰਤ ਮਾਨ, ਜਿਵੇਂ 23 ਮਈ 1982 ਨੂੰ ਹਰਿਆਣੇ ਦਾ ਜਨਤਾ ਪਾਰਟੀ ਦਾ ਮੁੱਖ ਮੰਤਰੀ ਭਜਨ ਲਾਲ ਆਪਣੀ ਪੂਰੀ ਕੈਬਨਟ ਅਤੇ ਵਿਧਾਇਕ ਦਲ ਸਮੇਤ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਿਆ ਸੀ, ਭਾਜਪਾ ਜਾਂ ਕਿਸੇ ਹੋਰ ਪਾਰਟੀ ਵਿੱਚ ਜਾ ਨਾ ਮਿਲਣ। ਦਰਅਸਲ ਭਾਜਪਾ ਨੂੰ ਇਸ ਸੱਚਾਈ ਦਾ ਅਹਿਸਾਸ ਹੈ ਕਿ ਉਹ ਜੇਕਰ ਪੰਜਾਬ ਅੰਦਰ ਆਪ ਦੇ ਵਿਧਾਇਕ ਦਲ ਨੂੰ ਤੋੜਦੀ ਤਾਂ ਪੰਜਾਬ ਅੰਦਰ ਉਸ ਵਿਰੁੱਧ ਭਾਰੀ ਰੋਸ ਪੈਦਾ ਹੋ ਜਾਵੇਗਾ। ਭਾਵੇਂ ਰਾਜ ਵਿੱਚ ਅਮਨ ਕਾਨੂੰਨ ਦੀ ਸਥਿਤੀ ਵਿਗੜੀ ਪਈ ਹੈ, ਲੇਕਿਨ ਇਸਦੇ ਬਾਵਜੂਦ ਕਾਂਗਰਸ ਸੰਸਦ ਮੈਂਬਰ ਸੁਖਜਿੰਦਰ ਰੰਧਾਵਾ ਦੇ ਰਾਜਨੀਤਿਕ ਪੱਖੋਂ ਖੋਖਲੇ ਅਤੇ ਦੂਰ ਦ੍ਰਿਸ਼ਟੀਹੀਣ ਸੁਝਾ ਕਿ ਰਾਜ ਵਿੱਚ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਣਾ ਚਾਹੀਦਾ ਹੈ, ਦੇ ਟਰੈਪ ਵਿੱਚ ਸ੍ਰੀ ਮੋਦੀ ਦੀ ਅਗਵਾਈ ਵਾਲੀ ਸਰਕਾਰ ਆਉਣ ਵਾਲੀ ਨਹੀਂ।

ਭਗਵੰਤ ਮਾਨ ਸਰਕਾਰ ਪੰਜਾਬ ਪੁਲਿਸਸ਼ਾਹੀ ਦੀਆਂ ਜ਼ਿਆਦਤੀਆਂ ਤੋਂ ਲਗਾਤਾਰ ਸ਼ਿਕਾਰ ਲੋਕਾਂ ਦੀ ਨਬਜ਼ ਪਛਾਣ ਹੀ ਨਹੀਂ ਸਕੀ। ਆਪਣੇ ਸੁਰਾਜ ਸ਼ਾਸਨ ਦੇ ਸਿਧਾਂਤ ਦੇ ਬਿਲਕੁਲ ਉਲਟ ਰਾਜ ਵਿੱਚ ਦਬਦਬਾ ਕਾਇਮ ਰੱਖਣ ਲਈ ਲਗਾਤਾਰ ਪੁਲਿਸਸ਼ਾਹੀ ਦੀ ਕੁਵਰਤੋਂ ਜਾਰੀ ਰੱਖੀ। ਝੂਠੇ ਪੁਲਿਸ ਮੁਕਾਬਲਿਆਂ ਲਈ ਪੰਜਾਬ ਪੁਲਿਸ ਇੱਥੇ 10-12 ਸਾਲਾਂ ਰਾਜਕੀ ਅਤੇ ਗੈਰ ਰਾਜਕੀ ਅੱਤਵਾਦ ਕਾਲ ਤੋਂ ਬਦਨਾਮ ਹੈ। ਪ੍ਰਕਾਸ਼ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਰਕਾਰਾਂ ਨੇ ਪੰਜਾਬੀਆਂ ਦੇ ਜਖਮਾਂ 'ਤੇ ਮੱਲ੍ਹਮ ਲਾਉਣ ਲਈ ਅਜੋਕੀ ਪੁਲਿਸ ਨੂੰ ਕਮਿਊਨਿਟੀ ਪੁਲੀਸਿੰਗ ਵਿੱਚ ਤਬਦੀਲ ਕਰਨ ਲਈ ਕੋਈ ਕਦਮ ਨਹੀਂ ਚੁੱਕਿਆ ਅਤੇ ਨਾ ਹੀ ਮਾਨ ਸਰਕਾਰ ਨੇ। ਕਮਿਊਨਿਟੀ ਪੋਲੀਸਿੰਗ ਮੰਗ ਕਰਦੀ ਹੈ ਕਿ ਕਿਸੇ ਵੀ ਸਮਾਜ ਵਿੱਚ ਪੁਲਿਸ ਅਫਸਰ ਅਤੇ ਸਥਾਨਕ ਲੋਕ ਸਥਾਨਕ ਸਮੱਸਿਆਵਾਂ ਦੇ ਨਿਵਾਰਨ ਲਈ ਮਿਲ ਕੇ ਕੰਮ ਕਰਨ। ਆਪ ਸਰਕਾਰ ਪੁਲਿਸਸ਼ਾਹੀ ਦੀ ਦਨ-ਦਨਾਹਟ ਅਤੇ ਆਪਣੇ ਦੁਆਲੇ ਪੁਲਿਸ ਸੰਗੀਨਾਂ ਦੀ ਦੀਵਾਰ ਖੜ੍ਹੀ ਕਰਨ ਕਰਕੇ ਲੋਕਾਂ ਵਿੱਚ ਮਕਬੂਲੀਅਤ ਹਾਸਲ ਕਰਨੋ ਨਕਾਮ ਰਹੀ। (ਬਾਕੀ ਸਫ਼ਾ 27 'ਤੇ)

ਜਨਗਣਨਾ 2026-27 'ਤੇ ਨਾਗਰਿਕਾਂ ਦੀ ਜ਼ਿੰਮੇਵਾਰੀ

ਮਨਪ੍ਰੀਤ ਸਿੰਘ

ਕਿਸੇ ਵੀ ਦੇਸ਼ ਦੀ ਉੱਨਤੀ ਉਸ ਦੇ ਨਾਗਰਿਕਾਂ ਦੀ ਸਹੀ ਗਿਣਤੀ ਤੇ ਉਨ੍ਹਾਂ ਦੀਆਂ ਸਥਿਤੀਆਂ ਦੇ ਸਹੀ ਅੰਕੜਿਆਂ 'ਤੇ ਨਿਰਭਰ ਕਰਦੀ ਹੈ। ਭਾਰਤ ਵਿੱਚ ਜਨਗਣਨਾ 2026-27 ਸਿਰਫ਼ ਇੱਕ ਪ੍ਰਬੰਧਕੀ ਅਭਿਆਸ ਨਹੀਂ, ਸਗੋਂ ਇਹ ਇੱਕ ਅਜਿਹਾ ਰਾਸ਼ਟਰੀ ਮਿਸ਼ਨ ਹੈ, ਜੋ ਅਗਲੇ ਦਹਾਕੇ ਲਈ ਭਾਰਤ ਦੇ ਸਮਾਜਿਕ ਤੇ ਆਰਥਿਕ ਵਿਕਾਸ ਦੀ ਨੀਂਹ ਰੱਖੇਗਾ। ਅਸਲ ਵਿੱਚ ਜਨਗਣਨਾ ਹੀ ਕਿਸੇ ਦੇਸ਼ ਦੀ ਤਰੱਕੀ ਦਾ ਆਧਾਰ ਮੰਨੀ ਜਾਂਦੀ ਹੈ। ਇਹ ਸਿਰਫ਼ ਲੋਕਾਂ ਦੀ ਗਿਣਤੀ ਕਰਨ ਦੀ ਪ੍ਰਕਿਰਿਆ ਨਹੀਂ, ਸਗੋਂ ਦੇਸ਼ ਦੇ ਸਮਾਜਿਕ, ਆਰਥਿਕ ਤੇ ਸੱਭਿਆਚਾਰਕ ਢਾਂਚੇ ਨੂੰ ਸਮਝਣ ਦਾ ਇੱਕ ਵਿਗਿਆਨਕ ਢੰਗ ਹੈ। ਭਾਰਤ ਵਰਗੇ ਵੱਡੇ ਤੇ ਭਿੰਨਤਾਵਾਂ ਭਰੇ ਦੇਸ਼ ਵਿੱਚ ਜਨਗਣਨਾ 2026 ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ, ਕਿਉਂਕਿ ਇਸ ਦੇ ਜ਼ਰੀਏ ਸਰਕਾਰ ਨੂੰ ਹਰ ਵਰਗ ਦੇ ਲੋਕਾਂ ਦੀ ਅਸਲ ਸਥਿਤੀ ਦਾ ਪਤਾ ਲਗਦਾ ਹੈ ਤੇ ਉਸ ਅਨੁਸਾਰ ਯੋਜਨਾਵਾਂ ਬਣਾਈਆਂ ਜਾ ਸਕਦੀਆਂ ਹਨ।

ਆਧੁਨਿਕ ਸਮੇਂ ਵਿਚ ਪਹਿਲੀ ਵਾਰ 1872 ਵਿੱਚ ਜਨਗਣਨਾ ਦੀ ਸ਼ੁਰੂਆਤ ਹੋਈ ਸੀ ਤੇ 1881 ਤੋਂ ਇਹ ਹਰ 10 ਸਾਲ ਬਾਅਦ ਲਗਾਤਾਰ ਹੋ ਰਹੀ ਹੈ। ਭਾਰਤੀ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੇ ਅਨੁਸਾਰ ਜਨਗਣਨਾ ਕਰਾਉਣਾ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਹੈ। ਇਸ ਵਾਰ ਦੀ ਗਣਨਾ ਇਸ ਲਈ ਵੀ ਵਿਲੱਖਣ ਹੈ ਕਿਉਂਕਿ ਇਹ ਕੋਵਿਡ-19 ਵਰਗੀ ਆਲਮੀ ਮਹਾਂਮਾਰੀ ਤੋਂ ਬਾਅਦ ਤੇ 10 ਦੀ ਥਾਂ 15 ਸਾਲਾਂ ਬਾਅਦ ਹੋ ਰਹੀ ਹੈ। ਕੋਵਿਡ ਮਹਾਂਮਾਰੀ ਨੇ ਜਿੱਥੇ ਸਮੁੱਚੇ ਸੰਸਾਰ ਨੂੰ ਪ੍ਰਭਾਵਿਤ ਕੀਤਾ, ਉੱਥੇ ਇਸ ਨੇ ਸਾਡੇ ਸਮਾਜਿਕ ਤੇ ਆਰਥਿਕ ਢਾਂਚੇ ਨੂੰ ਵੀ ਬੁਨਿਆਦੀ ਤੌਰ 'ਤੇ ਕਾਫ਼ੀ ਬਦਲ ਦਿੱਤਾ ਹੈ। ਇਸ ਲਈ ਇਹ ਅੰਕੜੇ ਸਿਰਫ਼ ਗਿਣਤੀ ਨਹੀਂ ਹੋਣਗੇ, ਸਗੋਂ ਇਹ ਮਹਾਂਮਾਰੀ ਤੋਂ ਬਾਅਦ ਉੱਭਰੇ ਨਵੇਂ ਭਾਰਤ ਦੀ ਇੱਕ ਅਸਲੀ ਤਸਵੀਰ ਪੇਸ਼ ਕਰਨਗੇ। ਜਦੋਂ ਅਸੀਂ ਇਸ ਨੂੰ ਇੱਕ 'ਕੌਮੀ ਲੋੜ' ਕਹਿੰਦੇ ਹਾਂ ਤਾਂ ਇਸ ਦਾ ਅਸਲ ਅਰਥ ਇਹ ਹੈ ਕਿ ਦੇਸ਼ ਦੇ ਹਰ ਹਸਪਤਾਲ ਵਿੱਚ ਸਿਹਤ ਸਹੂਲਤਾਂ ਦਾ ਮਿਆਰ ਤੇ ਉਪਲਬਧਤਾ, ਹਰ ਪਿੰਡ ਵਿੱਚ ਸਕੂਲੀ ਸਿੱਖਿਆ ਦਾ ਪ੍ਰਬੰਧ ਤੇ ਹਰ ਸ਼ਹਿਰ ਤੇ ਪਿੰਡ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਵਰਗੀਆਂ ਮੁੱਢਲੀਆਂ ਸਹੂਲਤਾਂ ਤੋਂ ਇਲਾਵਾ ਹੋਰ ਸਾਰੀਆਂ ਸਹੂਲਤਾਂ ਇਨ੍ਹਾਂ ਅੰਕੜਿਆਂ ਦੇ ਆਧਾਰ 'ਤੇ ਨਿਰਭਰ ਕਰਨਗੀਆਂ। ਇਸ ਪ੍ਰਕਿਰਿਆ ਦਾ ਇੱਕ ਹੋਰ ਗੰਭੀਰ ਪਹਿਲੂ ਦੇਸ਼ ਦੀ ਆਰਥਿਕ ਯੋਜਨਾਬੰਦੀ ਨਾਲ ਜੁੜਿਆ ਹੋਇਆ ਹੈ। ਦੇਸ਼ ਦੀ ਜੀ.ਡੀ.ਪੀ. ਤੇ ਮਨੁੱਖੀ ਵਿਕਾਸ ਦੀ ਦਰ ਸਿੱਧੇ ਤੌਰ 'ਤੇ

ਜਨਗਣਨਾ ਦੇ ਨਤੀਜਿਆਂ ਨਾਲ ਜੁੜੇ ਹੁੰਦੇ ਹਨ। ਸਰਕਾਰ ਨੂੰ ਇਹ ਪਤਾ ਲਗਾਉਣ ਦੀ ਲੋੜ ਹੁੰਦੀ ਹੈ ਕਿ ਕਿਹੜੇ ਖੇਤਰਾਂ 'ਚ ਬੇਰੁਜ਼ਗਾਰੀ ਦੀ ਦਰ ਜ਼ਿਆਦਾ ਹੈ, ਕਿੱਥੇ ਔਰਤਾਂ ਦੀ ਸਾਖ਼ਰਤਾ ਦਰ ਘੱਟ ਹੈ ਤੇ ਕਿਹੜੇ ਖੇਤਰਾਂ 'ਚ ਪ੍ਰਵਾਸ ਤੇਜ਼ੀ ਨਾਲ ਹੋ ਰਿਹਾ ਹੈ।

ਇਸ ਵਾਰ ਦੀ ਜਨਗਣਨਾ ਵਿਸ਼ਵ ਦੀ ਪਹਿਲੀ ਪੇਪਰ ਲੈੱਸ ਜਨਗਣਨਾ ਹੈ। ਇਸ ਪ੍ਰਕਿਰਿਆ ਦਾ ਡਿਜੀਟਲ ਹੋਣਾ ਹੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ। ਜਨਗਣਨਾ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੈ ਕਿ ਗਿਣਤੀਕਾਰ ਕਾਗਜ਼ੀ ਫਾਰਮ ਦੀ ਬਜਾਏ ਮੋਬਾਈਲ ਐਪਲੀਕੇਸ਼ਨਾਂ ਅਤੇ ਟੈਬਲੇਟਾਂ ਦੀ ਵਰਤੋਂ ਕਰਕੇ ਇਸ ਮੁਹਿੰਮ ਨੂੰ ਨੇਪਰੇ ਚਾੜ੍ਹ ਸਕਣਗੇ। ਇਸ ਵਾਰ ਵ

ਇੱਕ ਜੇਠ ਦਾ ਮਹੀਨਾ...

ਜੇਠ ਮਹੀਨਾ ਲੂਆਂ ਦਾ ਪਾਣੀ ਸੁੱਕਦਾ ਖੂਹਾਂ ਦਾ...

ਹਵਾਵਾਂ ਵਿੱਚ ਪੈਦਾ ਹੁੰਦੀ ਪੱਛਮੀ ਗੜਬੜੀ ਕਾਰਨ ਬਦਲਦੇ ਮੌਸਮ, ਜੇਠ ਮਹੀਨੇ ਦੌਰਾਨ ਪੈਂਦੀ ਕਹਿਰ ਦੀ ਗਰਮੀ, ਚਲਦੀਆਂ ਗਰਮ ਲੂੰਆਂ, ਹਰ ਪਾਸੇ ਝੁਲਸਾਈ ਬਨਸਪਤੀ ਦੇ ਬਾਵਜੂਦ ਪੈਲਾਂ ਪਾਉਂਦੇ, ਤਪਦੀ ਸਿਖਰ ਦੁਪਹਿਰੇ ਬਸੰਤ ਬਹਾਰ ਦਾ ਆਨੰਦ ਮਾਣਦੇ ਅਮਲਤਾਸ ਅਤੇ ਗੁਲਮੋਹਰ ਦੇ ਹਰੇ ਭਰੇ ਰੁੱਖਾਂ ਅਤੇ ਕੇਸੂ ਦੇ ਖਿੜੇ ਹੋਏ ਲਾਲ ਸੂਹੇ ਫੁੱਲਾਂ ਵਾਂਗ ਹਰ ਮਨੁੱਖ ਨੂੰ ਮਹਿਕਾਂ ਵੰਡਣ ਦਾ ਯਤਨ ਕਰਨ ਦੀ ਲੋੜ ਹੈ।

ਅੰਮ੍ਰਿਤ ਵੇਲੇ ਚਿੜੀਆਂ ਦੀ ਚੀਂ ਚੀਂ, ਕੋਇਲ ਦੀ ਮਿੱਠੀ ਕੂਕ ਦੇ ਨਾਲ ਹਲਕੇ ਨੀਲੇ ਅਸਮਾਨ 'ਤੇ ਚੜ੍ਹਦੇ ਸੂਰਜ ਦੀ ਫੈਲਦੀ ਲਾਲੀ, ਚਿਤਕਬਰੇ ਬੱਦਲਾਂ ਨਾਲ ਅੱਠਖੇਲੀਆਂ ਕਰਦੀ ਹੋਈ ਦਿਨ ਚੜ੍ਹਨ ਦੀ ਸੂਚਨਾ ਦਿੰਦੀ ਹੈ ਤਾਂ ਦੂਰੋਂ ਨੇੜਿਓਂ ਧਾਰਮਿਕ ਸਥਾਨ ਤੋਂ ਆਉਂਦੀ ਧਾਰਮਿਕ ਸ਼ਬਦਾਂ ਦੀ ਆਵਾਜ਼ ਸਭ ਆਮ ਤੇ ਖਾਸ ਨੂੰ ਸੂਚਨਾ ਦੇ ਦਿੰਦੀ ਹੈ ਕਿ ਭਾਈ, ਅੱਜ ਜੇਠ ਮਹੀਨੇ ਦੀ ਸੰਗਰਾਂਦ ਤੋਂ ਜੇਠ ਮਹੀਨਾ ਸ਼ੁਰੂ ਹੋ ਗਿਆ ਹੈ ਜੀ।

ਜੇਠ ਮਹੀਨੇ ਦੀ ਸ਼ੁਰੂਆਤ ਮੌਕੇ ਪਹਿਲੇ ਦਿਨ ਹੀ ਜਦੋਂ ਦਿਨ ਚੜ੍ਹਦਾ ਹੈ, ਸੂਰਜ ਦੀ ਤੇਜ਼ ਧੁੱਪ ਆਪਣਾ ਅਸਰ ਦਿਖਾਉਂਦੀ ਹੈ ਅਤੇ ਚਲਦੀ ਹੋਈ ਗਰਮ ਲੂ ਅੱਜ ਕੱਲ੍ਹ ਮਹਿੰਗਾਈ ਦੀ ਭੱਠੀ ਵਿੱਚ ਪਹਿਲਾਂ ਤੋਂ ਤਪ ਕੇ ਗਰਮ ਹੋਏ ਬੈਠੇ ਆਮ ਲੋਕਾਂ ਨੂੰ ਹੋਰ ਗਰਮ ਕਰ ਜਾਂਦੀ ਹੈ। ਆਮ ਲੋਕਾਂ ਨੂੰ ਇਹ ਸਮਝ ਨਹੀਂ ਲੱਗਦੀ ਕਿ ਉਹਨਾਂ ਨੂੰ ਜੇਠ ਮਹੀਨੇ ਦੌਰਾਨ ਚਲਦੀਆਂ ਗਰਮ ਲੂੰਆਂ ਨੇ ਤਪਾਇਆ ਹੈ ਜਾਂ ਦਿਨੋਂ ਦਿਨ ਅਮਰ ਵੇਲ ਵਾਂਗ ਵੱਧ ਰਹੀ ਮਹਿੰਗਾਈ ਨੇ। ਜੇਠ ਮਹੀਨਾ ਆਪਣੇ ਗਰਮ ਸੁਭਾਅ ਕਰਕੇ ਹਰ ਵਿਅਕਤੀ ਨੂੰ ਘਰਾਂ ਅੰਦਰ ਬੈਠਣ ਲਈ ਮਜਬੂਰ ਕਰ ਦਿੰਦਾ ਹੈ। ਜੇਠ ਮਹੀਨੇ ਦੌਰਾਨ ਸਿਰਫ਼ ਉਹ ਲੋਕ ਘਰਾਂ ਤੋਂ ਬਾਹਰ ਨਿਕਲਦੇ ਹਨ, ਜੋ ਕਿ ਜਾਂ ਤਾਂ ਦਫ਼ਤਰ ਜਾਂ ਕੰਮ ਧੰਦੇ ਜਾਣ ਵਾਲੇ ਹੁੰਦੇ ਨੇ, ਜਾਂ ਕਿਸੇ ਹੋਰ ਦੁੱਖ ਸੁੱਖ ਵਿੱਚ ਜਾਣ ਵਾਲੇ ਹੁੰਦੇ ਨੇ। ਜੇਠ ਮਹੀਨੇ ਦੌਰਾਨ ਬੱਚਿਆਂ ਨੂੰ ਘਰਾਂ ਤੋਂ ਬਾਹਰ ਨਿਕਲਣ ਤੋਂ ਸਖ਼ਤੀ ਨਾਲ ਵਰਜਿਆ ਜਾਂਦਾ ਹੈ।

ਜਦੋਂ ਤੋਂ ਮਨੁੱਖ ਨੇ ਆਪਣੇ ਲਾਲਚ ਲਈ ਕੁਦਰਤ ਨਾਲ ਛੇੜ-ਛਾੜ ਕਰਨੀ ਆਰੰਭ ਕੀਤੀ ਹੈ, ਉਦੋਂ ਤੋਂ ਕੁਦਰਤ ਵੀ ਸਮੇਂ ਸਮੇਂ ਆਪਣਾ ਰੋਸ ਪ੍ਰਗਟ ਕਰਦੀ ਰਹਿੰਦੀ ਹੈ ਪਰ ਲਾਲਚੀ ਮਨੁੱਖ ਅਜੇ ਤਕ ਕੁਦਰਤ ਦਾ ਇਸ਼ਾਰਾ ਨਹੀਂ ਸਮਝਿਆ, ਜਿਸ ਕਾਰਨ ਕੁਦਰਤ ਨਾਰਾਜ਼ ਹੁੰਦੀ ਜਾ ਰਹੀ ਹੈ, ਇਸ ਨਾਰਾਜ਼ਗੀ ਨਾਲ ਰੁੱਤਾਂ ਦਾ ਸਮਾਂ ਬਦਲ ਰਿਹਾ ਹੈ। ਜੇਠ ਮਹੀਨਾ ਲੂੰਆਂ ਦਾ ਮਹੀਨਾ ਮੰਨਿਆ ਜਾਂਦਾ ਹੈ, ਸੱਚਮੁੱਚ ਇਸ ਮਹੀਨੇ ਗਰਮ ਲੂਆਂ ਚੱਲਦੀਆਂ ਹਨ ਅਤੇ ਜੇਠ ਮਹੀਨੇ ਪੈਂਦੀ ਕਹਿਰ ਦੀ ਗਰਮੀ ਦੌਰਾਨ ਖੂਹਾਂ ਦੇ ਪਾਣੀ ਵੀ ਸੁੱਕ ਜਾਂਦੇ ਹਨ। ਜੇਠ ਮਹੀਨੇ ਧਰਤੀ ਵੀ ਪੂਰੀ ਤਪਦੀ ਹੋਈ ਭੱਠੀ ਵਰਗੀ ਹੋ ਜਾਂਦੀ ਹੈ ਅਤੇ ਧਰਤੀ ਦੀ ਰੂਹ ਤਕ ਪਾਣੀ ਮੰਗਦੀ ਮਹਿਸੂਸ ਹੁੰਦੀ ਹੈ। ਕੁਝ ਵਿਦਵਾਨਾਂ ਅਨੁਸਾਰ ਜੇਠ ਮਹੀਨੇ ਦੀ ਪੁੰਨਿਆ ਵਾਲੇ ਦਿਨ ਚੰਦਰਮਾ 'ਜੇਠ' ਨਛੱਤਰ ਵਿੱਚ ਹੁੰਦਾ ਹੈ, ਇਸ ਲਈ ਇਸ

ਮਹੀਨੇ ਨੂੰ ਜੇਠ ਮਹੀਨਾ ਕਿਹਾ ਜਾਂਦਾ ਹੈ। ਪੰਜਾਬੀ ਜਨ ਜੀਵਨ ਅਤੇ ਸੱਭਿਆਚਾਰ ਵਿੱਚ ਜੇਠ ਮਹੀਨੇ ਦਾ ਆਪਣਾ ਵੱਖਰਾ ਹੀ ਮਹੱਤਵ ਹੈ। ਦੇਸੀ ਸਾਲ ਵਿੱਚ ਜੇਠ ਮਹੀਨਾ ਚੇਤ ਅਤੇ ਵੈਸਾਖ ਮਹੀਨਿਆਂ ਤੋਂ ਬਾਅਦ ਤੀਜੇ ਨੰਬਰ ਦਾ ਮਹੀਨਾ ਮੰਨਿਆ ਜਾਂਦਾ ਹੈ। ਜੇਠ ਮਹੀਨਾ ਪੂਰੇ 31 ਦਿਨਾਂ ਦਾ ਹੁੰਦਾ ਹੈ ਅਤੇ ਚੇਤ ਮਹੀਨੇ ਦੌਰਾਨ ਜਿਹੜੀ ਬਸੰਤ ਰੁੱਤ ਹਰ ਬਨਸਪਤੀ

ਉੱਪਰ ਪੈਲਾਂ ਪਾਉਂਦੀ ਨਜ਼ਰ ਆਉਂਦੀ ਹੈ, ਉਹ ਬਸੰਤ ਬਹਾਰ ਜੇਠ ਮਹੀਨੇ ਦੌਰਾਨ ਕਿਤੇ ਦੂਰ ਚਲੀ ਜਾਂਦੀ ਹੈ ਅਤੇ ਜੇਠ ਮਹੀਨੇ ਦੌਰਾਨ ਤੇਜ਼ ਧੁੱਪਾਂ ਅਤੇ ਚਲਦੀਆਂ ਗਰਮ ਲੂੰਆਂ ਕਾਰਨ ਹਰੀ ਭਰੀ ਬਨਸਪਤੀ ਵੀ ਕੁੰਮਲਾਅ ਜਾਂਦੀ ਹੈ। ਜੇਠ ਮਹੀਨੇ ਦੇ ਆਉਣ ਤੱਕ ਕਿਸਾਨਾਂ ਨੇ ਕਣਕ ਦੀ ਫਸਲ ਦੀ ਕਟਾਈ ਕਰਕੇ ਫਸਲ ਸਾਂਭ ਲਈ ਹੁੰਦੀ ਹੈ ਜਾਂ ਫਿਰ ਫਸਲ ਵੇਚ ਕੇ ਚੰਗੀ ਕਮਾਈ ਕਰ ਲਈ ਹੁੰਦੀ ਹੈ। ਇਸ ਦੇ ਨਾਲ ਹੀ ਜੇਠ ਮਹੀਨੇ ਦੌਰਾਨ ਕਿਸਾਨਾਂ ਵੱਲੋਂ ਅਗਲੀ ਫਸਲ ਬੀਜਣ ਦੀ ਵਿਉਂਤਬੰਦੀ ਕੀਤੀ ਜਾਂਦੀ ਹੈ। ਜੇਠ ਮਹੀਨੇ ਦੌਰਾਨ ਵੱਡੀ ਗਿਣਤੀ ਖੇਤ ਅਗਲੀ ਫਸਲ ਦੀ ਬਿਜਾਈ ਲਈ ਖਾਲੀ ਹੁੰਦੇ ਹਨ, ਜਿਸ ਕਾਰਨ ਹਰ ਪਾਸੇ ਖਾਲੀਪਣ ਨਜ਼ਰ ਆਉਂਦਾ ਹੈ, ਜੋ ਕਿ ਚਲਦੀਆਂ ਤੇਜ਼ ਲੂੰਆਂ ਕਾਰਨ ਹੋਰ ਵੀ ਸੁੰਨਾ ਸੁੰਨਾ ਲੱਗਦਾ ਹੈ ਅਤੇ ਹਰ ਪਾਸੇ ਫੈਲੇ ਖਾਲੀਪਣ ਨੂੰ ਵੇਖ ਕੇ ਮਨੁੱਖੀ ਦਿਲ ਵੀ ਖਾਲੀ ਖਾਲੀ ਮਹਿਸੂਸ ਹੁੰਦਾ ਹੈ।

ਜੇਠ ਮਹੀਨੇ ਦੌਰਾਨ ਅੱਗ ਵਰਾਉਂਦੀਆਂ ਤੇਜ਼ ਧੁੱਪਾਂ ਅਤੇ ਚਲਦੀਆਂ ਗਰਮ ਲੂੰਆਂ ਕਾਰਨ ਜਿਥੇ ਪੂਰੀ ਬਨਸਪਤੀ ਕੁਮਲਾਅ ਜਾਂਦੀ ਹੈ, ਉਥੇ ਵੱਡੀ ਗਿਣਤੀ ਰੁੱਖ ਅਤੇ ਪੌਦੇ ਸੁੱਕ ਜਾਂਦੇ ਹਨ। ਹਰ ਪਾਸੇ ਹਰਿਆਲੀ ਨੂੰ ਔੜ ਪਈ ਲੱਗਦੀ ਹੈ। ਇਸ ਤਰਾਂ ਲੱਗਦਾ ਹੈ ਜਿਵੇਂ ਬਨਸਪਤੀ ਨੂੰ ਸੋਕਾ ਪੈ ਗਿਆ ਹੋਵੇ ਤੇ ਪੂਰੀ ਹਰਿਆਲੀ ਉੱਡ ਪੁੱਡ ਗਈ ਹੋਵੇ। ਜੇਠ ਮਹੀਨੇ ਸਾਨੂੰ ਆਪਣਾ ਆਲਾ ਦੁਆਲਾ ਉਜੜਿਆ ਉਜੜਿਆ ਲੱਗਦਾ ਹੈ। ਜੇਠ ਮਹੀਨੇ ਦੌਰਾਨ ਕੁਦਰਤ ਦੇ ਅਜੀਬ ਰੰਗ ਵੇਖਣ ਨੂੰ ਮਿਲਦੇ ਹਨ। ਜੇਠ ਮਹੀਨੇ ਦੀਆਂ ਤੇਜ਼ ਧੁੱਪਾਂ ਅਤੇ ਗਰਮ ਲੂੰਆਂ ਕਾਰਨ ਜਿਥੇ ਹਰ ਰੁੱਖ, ਹਰਿਆਲੀ ਅਤੇ ਪੂਰੀ ਬਨਸਪਤੀ ਝੁਲਸ ਜਿਹੀ ਜਾਂਦੀ ਹੈ, ਉਥੇ ਜੇਠ ਮਹੀਨੇ ਦੌਰਾਨ ਹੀ ਅਮਲਤਾਸ ਅਤੇ ਗੁਲਮੋਹਰ ਦੇ ਰੁੱਖਾਂ 'ਤੇ ਜਵਾਨੀ ਆਈ ਹੁੰਦੀ ਹੈ। ਜੇਠ ਮਹੀਨੇ ਅਮਲਤਾਸ ਅਤੇ ਗੁਲਮੋਹਰ ਦੇ ਰੁੱਖਾਂ 'ਤੇ ਖਿੜੇ ਪੀਲੇ-ਪੀਲੇ ਕੇਸਰ ਰੰਗੇ ਅਤੇ ਲਾਲ ਫੁੱਲ ਸਭ ਦਾ ਮਨ ਮੋਹ ਲੈਂਦੇ ਹਨ। ਜੇਠ ਮਹੀਨੇ ਅਮਲਤਾਸ ਦਾ ਰੁੱਖ ਪਹਿਲਾਂ ਪੂਰੇ ਦਾ ਪੂਰਾ ਖਿੜ ਜਾਂਦਾ ਹੈ ਅਤੇ ਫਿਰ ਪੱਤੀ ਪੱਤੀ ਹੋ ਕੇ ਬਿਖਰ ਜਾਂਦਾ ਹੈ। ਇਸ ਤਰਾਂ ਜੇਠ ਮਹੀਨੇ ਖੁਸ਼ੀਆਂ ਖੇੜਿਆਂ ਵਿੱਚ ਖੀਵੇ ਹੋ ਕੇ ਬਹਾਰ ਰੁੱਤ ਵਰਗਾ ਆਨੰਦ ਲੈਣਾ ਅਮਲਤਾਸ ਅਤੇ ਗੁਲਮੋਹਰ ਦੇ ਰੁੱਖਾਂ ਦੇ ਹਿੱਸੇ ਆਇਆ ਹੈ। ਜਿਥੇ ਅਮਲਤਾਸ ਦੇ ਰੁੱਖ ਲੱਗੇ ਹੁੰਦੇ ਹਨ, ਉਥੇ ਹਰ ਪਾਸੇ ਕੇਸਰ ਹੀ ਕੇਸਰ, ਉਪਰ ਵੀ ਕੇਸਰ ਅਤੇ ਹੇਠਾਂ ਵੀ ਕੇਸਰ ਹੁੰਦਾ ਹੈ। ਅਮਲਤਾਸ ਵਾਂਗ ਕੇਸੂ ਦੇ ਫੁੱਲ ਵੀ ਜੇਠ ਮਹੀਨੇ ਪੂਰੇ ਜੋਬਨ ਵਿੱਚ ਆ ਕੇ ਖਿੜ ਕੇ ਲਾਲ ਸੂਹੇ ਹੋ ਜਾਂਦੇ ਹਨ। ਜੇਠ ਮਹੀਨੇ ਅਮਲਤਾਸ ਦੇ ਰੁੱਖਾਂ ਅਤੇ ਕੇਸੂ ਦੇ ਫੁੱਲਾਂ ਨੂੰ ਵੇਖ ਕੇ ਇਸ ਤਰ੍ਹਾਂ ਜਾਪਦਾ ਹੈ ਕਿ ਜਿਵੇਂ ਪੂਰੀ ਬਸੰਤ ਬਹਾਰ ਨੇ ਇਹਨਾਂ ਉੱਪਰ ਹੀ ਆਪਣਾ ਰੈਣ ਬਸੇਰਾ ਬਣਾ ਲਿਆ ਹੋਵੇ। ਅਸਮਾਨੋਂ ਅੱਗ ਵਰਾਉਂਦੀ ਤੇਜ਼ ਧੁੱਪ ਅਤੇ ਚਲ ਰਹੀਆਂ ਗਰਮ ਲੂੰਆਂ ਦੌਰਾਨ ਅਮਲਤਾਸ ਦੇ ਰੁੱਖਾਂ ਉਪਰ ਆਈ ਬਹਾਰ ਵੇਖਣ ਦਾ ਨਜ਼ਾਰਾ ਅਦਭੁਤ ਹੁੰਦਾ ਹੈ। ਇਸੇ ਤਰਾਂ ਕੇਸੂ ਦੇ ਫੁੱਲ ਵੀ ਜੇਠ ਮਹੀਨੇ ਦੀ ਕੜਕਦੀ ਧੁੱਪ ਵਿੱਚ ਆਪਣਾ ਹੁਸਨ ਬਿਖੇਰ ਕੇ ਮਨੁੱਖ ਨੂੰ ਹਰ ਮੌਸਮ ਵਿਚ ਮੁਸਕਰਾਉਣ ਅਤੇ ਹੱਸਦਾ ਵਸਦਾ ਰਹਿਣ ਦੀ ਪ੍ਰੇਰਨਾ ਦਿੰਦੇ ਜਾਪਦੇ ਹਨ। ਜੇਠ ਮਹੀਨੇ ਦੇ ਸ਼ਬਦਾਦਿਕ ਅਰਥ ਵੀ ਹਨ । ਵੱਖ-ਵੱਖ ਵਿਦਵਾਨਾਂ ਵਲੋਂ ਜੇਠ ਮਹੀਨੇ ਬਾਰੇ ਕਈ ਤਰਾਂ ਦੀਆਂ ਕਥਾ ਕਹਾਣੀਆਂ ਲਿਖੀਆਂ ਗਈਆਂ ਹਨ। ਜੇ ਜੇਠ ਸ਼ਬਦ ਦਾ ਸ਼ਬਦਿਕ ਅਰਥ



ਵੇਖੀਏ ਤਾਂ ਜੇਠ ਦਾ ਅਰਥ 'ਵੱਡਾ' ਹੁੰਦਾ ਹੈ। ਇਸੇ ਕਾਰਨ ਵੱਡੇ ਪੁੱਤਰ ਨੂੰ ਜੇਠਾ ਪੁੱਤਰ ਕਿਹਾ ਜਾਂਦਾ ਹੈ। ਨੂੰਹਾਂ ਵੱਲੋਂ ਆਪਣੇ ਪਤੀ ਦੇ ਵੱਡੇ ਭਰਾ ਨੂੰ ਜੇਠ ਕਿਹਾ ਜਾਂਦਾ ਹੈ। ਨੂੰਹਾਂ ਵੱਲੋਂ ਸਹੁਰੇ ਵਾਂਗ ਹੀ ਜੇਠ ਸਾਹਮਣੇ ਵੀ ਘੁੰਡ ਕੱਢਣ ਦੀ ਪਰੰਪਰਾ ਸਦੀਆਂ ਪੁਰਾਣੀ ਹੈ। ਪੁਰਾਤਨ ਸਮੇਂ ਵਿੱਚ ਘਰ ਦੇ ਮੋਢੀ ਨੂੰ ਵੀ ਜੇਠ ਕਿਹਾ ਜਾਂਦਾ ਸੀ। ਘਰ ਦੇ ਮੋਢੀ ਜੇਠ ਕੋਲ ਹੀ ਪੈਸੇ- ਧੇਲੇ ਦਾ ਹਿਸਾਬ ਕਿਤਾਬ ਹੁੰਦਾ ਸੀ ਅਤੇ ਸਾਰੇ ਤਾਲਿਆਂ ਦੀ ਚਾਬੀ ਵੀ ਉਸ ਕੋਲ ਹੁੰਦੀ ਸੀ। ਜੇਠ ਦੇ ਕਿਸੇ ਵੀ ਫੈਸਲੇ ਅੱਗੇ ਪਰਿਵਾਰ ਦਾ ਕੋਈ ਮੈਂਬਰ ਕੁਸਕਦਾ ਨਹੀਂ ਸੀ। ਪੁਰਾਤਨ ਸੁੱਤੀਆਂ ਸਦੀਆਂ ਦੌਰਾਨ ਘਰ ਦੇ ਮੋਢੀ ਨੂੰ ਜੇਠ ਕਿਹਾ ਜਾਂਦਾ ਹੋਣ ਕਰਕੇ ਹੀ ਅੱਜ ਦੇ ਸਮੇਂ ਵਿੱਚ ਵੀ ਜਠੇਰਿਆਂ ਭਾਵ ਵੱਡ ਵਡੇਰਿਆਂ ਦੀ ਪੂਜਾ ਕੀਤੀ ਜਾਂਦੀ ਹੈ। ਜੇਠ ਮਹੀਨੇ ਦੌਰਾਨ ਤੇਜ਼ ਧੁੱਪ ਅਤੇ ਗਰਮ ਲੂੰਆਂ ਤੋਂ ਬਚਣ ਲਈ ਅਕਸਰ ਕੁੜੀਆਂ ਅਤੇ ਮਹਿਲਾਵਾਂ ਵੱਲੋਂ ਆਪਣਾ ਮੂੰਹ ਚੁੰਨੀ ਜਾਂ ਕਿਸੇ ਕਪੜੇ ਨਾਲ ਢੱਕ ਲਿਆ ਜਾਂਦਾ ਹੈ, ਜਿਸ ਕਰਕੇ ਅਕਸਰ ਮਨਚਲੇ ਮਸ਼ਕਰੀ ਕਰਦੇ ਹੋਏ ਕਹਿੰਦੇ ਹਨ ਕਿ ਜੇਠ ਮਹੀਨੇ ਨੂੰ ਜੇਠ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਇਹ ਮਹੀਨਾ ਹਰ ਮੁਟਿਆਰ ਨੂੰ ਘੁੰਡ ਕਢਵਾ ਦਿੰਦਾ ਹੈ, ਜਿਵੇਂ ਵਿਆਹੁਤਾ ਮੁਟਿਆਰਾਂ ਆਪਣੇ ਜੇਠ ਤੋਂ ਘੁੰਡ ਕੱਢਦੀਆਂ ਹਨ। ਜੇਠ ਮਹੀਨੇ ਭਰ ਤਿੱਖੀ ਦੁਪਹਿਰ ਨੂੰ ਫਰਾਂਹ ਦੇ ਰੁੱਖ ਅਤੇ ਹੋਰ ਰੁੱਖ ਸੀਟੀਆਂ ਮਾਰਦੇ ਜਾਪਦੇ ਹਨ, ਇਸ ਤਰ੍ਹਾਂ ਲਗਦਾ ਹੈ ਕਿ ਜਿਵੇਂ ਕੋਈ ਵੱਡਾ ਅਜਗਰ ਫੁੰਕਾਰਦਾ ਹੈ। ਜੇਠ ਮਹੀਨੇ ਗਰਮ ਲੂਆਂ ਮਨੁੱਖ, ਪਸ਼ੂ ਅਤੇ ਪੰਛੀ ਜਨੌਰਾਂ ਦੇ ਜਿਸਮ ਝੁਲਸਾਉਂਦੀਆਂ ਹੋਈਆਂ ਲੰਘਦੀਆਂ ਹਨ। ਜੇਠ ਮਹੀਨੇ ਆਮ ਲੋਕ ਦੁਪਹਿਰ ਸਮੇਂ ਸਿਵਿਆਂ, ਕਬਰਾਂ, ਸ਼ਮਸ਼ਾਨ ਘਾਟਾਂ, ਸਮਾਧਾਂ ਕੋਲੋਂ ਲੰਘਣ ਤੋਂ ਡਰਦੇ ਹਨ ਅਤੇ ਇਹਨਾਂ ਥਾਂਵਾਂ ਤੋਂ ਦੂਰ ਦੂਰ ਹੋ ਕੇ ਲੰਘਦੇ ਹਨ। ਆਮ ਲੋਕਾਂ ਵਿੱਚ ਵਿਸ਼ਵਾਸ ਪਾਇਆ ਜਾਂਦਾ ਹੈ ਕਿ ਜੇਠ ਮਹੀਨੇ ਦੀ ਦੁਪਹਿਰ ਵੇਲੇ ਸਿਵਿਆਂ ਵਿੱਚ ਭੂਤ -ਪ੍ਰੇਤ ਵਿਚਰਦੇ ਹਨ। ਇਸ ਤੋਂ ਇਲਾਵਾ ਲੋਕ ਜੇਠ ਮਹੀਨੇ ਦੀ ਤਿੱਖੀ ਤੇ ਤਪਦੀ ਦੁਪਹਿਰ ਨੂੰ ਸੈਂਟ ਜਾਂ ਇਤਰ ਫੁਲੇਲ ਲਗਾ ਕੇ ਬਾਹਰ ਨਹੀਂ ਨਿਕਲਦੇ, ਲੋਕਾਂ ਦਾ ਵਿਸ਼ਵਾਸ ਹੈ ਕਿ ਜੇਠ ਮਹੀਨੇ ਦੀ ਦੁਪਹਿਰ ਨੂੰ ਸਰੀਰ ਉਪਰ ਇਤਰ, ਸੈਂਟ ਆਦਿ ਲਗਾ ਕੇ ਘਰ ਤੋਂ ਬਾਹਰ ਨਿਕਲਣ ਦੌਰਾਨ ਭੂਤ ਪ੍ਰੇਤ ਚੁੰਬੜ ਜਾਂਦੇ ਹਨ। ਜੇਠ ਮਹੀਨੇ ਦੇ ਸਿਖਰ ਦੁਪਹਿਰੇ ਲੋਕ ਘਰਾਂ ਵਿਚੋਂ ਘੱਟ ਹੀ ਬਾਹਰ ਨਿਕਲਦੇ ਹਨ ਅਤੇ ਰੋਹੀਆਂ-ਕੱਲਰਾਂ ਵਾਲੇ ਪਾਸੇ ਤਾਂ ਬਿਲਕੁਲ ਨਹੀਂ ਜਾਂਦੇ। ਜੇਠ ਮਹੀਨੇ ਘੜੇ ਦਾ ਪਾਣੀ ਪੀਣਾ ਸਿਹਤ ਲਈ ਗੁਣਕਾਰੀ ਸਮਝਿਆ ਜਾਂਦਾ ਹੈ, ਪਰ ਘੜੇ ਦੀ ਸਾਫ ਸਫਾਈ ਦਾ ਪੂਰਾ ਧਿਆਨ ਰਖਣਾ ਚਾਹੀਦਾ ਹੈ। ਮਨੁੱਖ ਨੂੰ ਆਪਣੇ ਲਾਲਚ ਕਾਰਨ ਕੁਦਰਤ ਨਾਲ ਕੀਤੀ ਜਾਂਦੀ ਛੇੜ-ਛਾੜ ਬੰਦ ਕਰ ਦੇਣੀ ਚਾਹੀਦੀ ਹੈ ਤਾਂ ਕਿ ਜੇਠ ਮਹੀਨੇ ਗਰਮੀ ਦਾ ਤੇਜ਼ ਕੁਝ ਘੱਟ ਹੋ ਸਕੇ। ਇਸ ਦੇ ਨਾਲ ਹਰ ਮਨੁੱਖ ਨੂੰ ਵੱਧ ਤੋਂ ਵੱਧ ਰੁੱਖ ਅਤੇ ਪੌਦੇ ਲਗਾਉਣੇ ਚਾਹੀਦੇ ਹਨ ਤਾਂ ਕਿ ਸਾਡਾ ਆਲਾ ਦੁਆਲਾ ਜੇਠ ਮਹੀਨੇ ਵੀ ਹਰਿਆ ਭਰਿਆ ਰਹੇ ਅਤੇ ਆਉਂਦੇ ਜਾਂਦੇ ਰਾਹੀ ਜੇਠ ਦੀ ਸਿਖਰ ਦੁਪਹਿਰੇ ਰੁੱਖਾਂ ਦੀ ਠੰਡੀ ਛਾਂ ਦਾ ਆਨੰਦ ਮਾਣ ਸਕਣ। ਜੇਠ ਮਹੀਨੇ ਦੀ ਸ਼ੁਰੂਆਤ ਮੌਕੇ ਹਰ ਇਨਸਾਨ ਨੂੰ ਇਹ ਸੋਚ ਅਪਨਾਅ ਲੈਣੀ ਚਾਹੀਦੀ ਹੈ ਕਿ ਉਹ ਆਪਣੇ ਆਲ਼ੇ ਦੁਆਲ਼ੇ ਵਾਤਾਵਰਣ ਹਰਿਆ ਭਰਿਆ ਕਰਨ ਲਈ ਵੱਧ ਤੋਂ ਵੱਧ ਪੌਦੇ ਲਗਾਉਣ ਵਿੱਚ ਆਪਣਾ ਯੋਗਦਾਨ ਪਾਵੇਗਾ ਤਾਂ ਕਿ ਜੇਠ ਮਹੀਨੇ ਤਪਦੀਆਂ ਦੁਪਹਿਰਾਂ ਨੂੰ ਚਲਦੀਆਂ ਤੇਜ਼ ਲੂੰਆਂ ਤੋਂ ਬਚਾਉਣ ਵਿੱਚ ਰੁੱਖਾਂ ਦੀ ਠੰਡੀ ਛਾਂ ਆਪਣਾ ਯੋਗਦਾਨ ਪਾ ਸਕੇ ਅਤੇ ਲੋਕਾਈ ਦੇ ਦਿਲਾਂ ਨੂੰ ਠਾਰ ਸਕੇ।

ਪੰਜਾਬ ਦੀ ਰਾਜਨੀਤੀ ਨੂੰ ਮੁੜ 'ਸ਼ੇਰੇ-ਪੰਜਾਬ' ਦੇ ਸਾਂਝੇ ਰਾਜ ਮਾਡਲ ਦੀ ਲੋੜ ਕਿਉਂ ਹੈ ?

ਹੁਣ ਮਾਮੂਲੀ ਸੁਧਾਰ ਨਹੀਂ, 'ਨੀਤੀਗਤ ਧਮਾਕੇ' ਦੀ ਲੋੜ

ਖੇਤਰੀ ਰਾਜਨੀਤੀ ਦੀ ਵਾਪਸੀ ਪੰਜਾਬ ਦੇ ਖਲਾਅ ਨੂੰ ਭਰਨ ਦਾ ਇੱਕੋ-ਇੱਕ ਰਾਹ

ਬਲਵਿੰਦਰ ਪਾਲ ਸਿੰਘ ਪ੍ਰੋਫ਼ੈਸਰ

ਪੰਜਾਬ ਦਾ ਸਿਆਸੀ ਮਾਹੌਲ ਇਸ ਵੇਲੇ ਇੱਕ ਅਜਿਹੇ 'ਵੈਕਿਊਮ' (ਖਲਾਅ) ਵਿੱਚੋਂ ਗੁਜ਼ਰ ਰਿਹਾ ਹੈ, ਜਿੱਥੇ ਪੁਰਾਣੇ ਸਿਧਾਂਤ,ਮਿਥੀ ਇਨਕਲਾਬ ਤੇ ਰਾਜਨੀਤੀ ਦਮ ਤੋੜ ਚੁੱਕੇ ਹਨ ਅਤੇ ਨਵਾਂ ਅਜੇ ਕੁਝ ਸਿਰਜਿਆ ਨਹੀਂ ਗਿਆ। ਸਾਡੇ ਕੋਲ ਰਾਜਨੀਤੀ ਦਾ ਸਭ ਤੋਂ ਉੱਤਮ ਨਮੂਨਾ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਸੀ। ਉਨ੍ਹਾਂ ਦਾ ਰਾਜ 'ਸਰਕਾਰ-ਏ-ਖ਼ਾਲਸਾ' ਸੀ, ਜਿਸ ਦੇ ਅਰਥ ਸਨ ਸਰਬ-ਸਾਂਝਾ ਤੇ ਨਿਆਂ ਪੱਖੀ ਲੋਕਾਂ ਦਾ ਰਾਜ ਸੀ। ਅਫ਼ਸੋਸ ਕਿ ਅੱਜ ਦੀ ਸਿਆਸਤ ਨੇ ਪੰਜਾਬ ਨੂੰ ਮਜ਼ਹਬਾਂ, ਜਾਤਾਂ ਅਤੇ ਇਲਾਕਿਆਂ ਵਿੱਚ ਵੰਡ ਦਿੱਤਾ ਹੈ। ਪਿਛਲੇ ਕੁਝ ਦਹਾਕਿਆਂ ਵਿੱਚ 'ਆਦਰਸ਼ਵਾਦ' ਦੀ ਥਾਂ 'ਪਰਿਵਾਰਵਾਦ' ਅਤੇ 'ਵਪਾਰਵਾਦ' ਨੇ ਲੈ ਲਈ ਹੈ। ਜਿਸ ਪੰਜਾਬ ਨੇ ਕਦੇ ਪੂਰੇ ਭਾਰਤ ਨੂੰ ਸੇਧ ਦਿੱਤੀ ਸੀ, ਉਹ ਅੱਜ ਖ਼ੁਦ ਸਿਆਸੀ ਦਿਸ਼ਾਹੀਣਤਾ ਦਾ ਸ਼ਿਕਾਰ ਹੈ।

ਪੰਜਾਬ ਦੀ ਸਭ ਤੋਂ ਵੱਡੀ ਤਾਕਤ ਉਸਦੀ ਜਵਾਨੀ ਹੈ, ਪਰ ਅੱਜ ਇਹੀ ਜਵਾਨੀ ਬੇਰੁਜ਼ਗਾਰੀ, ਨਸ਼ਿਆਂ ਅਤੇ ਗੈਂਗਸਟਰਵਾਦ ਦੀ ਦਲਦਲ ਵਿੱਚ ਫ਼ਸੀ ਹੋਈ ਹੈ। ਜਦੋਂ ਸਿਆਸੀ ਪਾਰਟੀਆਂ ਕੋਲ ਕੋਈ ਠੋਸ ਆਰਥਿਕ ਏਜੰਡਾ ਨਹੀਂ ਹੈ, ਤਾਂ ਯਕੀਨਨ ਹੈ ਕਿ ਨੌਜਵਾਨਾਂ ਦੀ ਊਰਜਾ ਨਕਾਰਾਤਮਕ ਪਾਸੇ ਵੱਲ ਮੁੜੇਗੀ । ਅੱਜ ਅਕਾਲੀ ਦਲ ਬਾਦਲ ਦੀ ਸਿਧਾਂਤਕ ਕਮਜ਼ੋਰੀ ਨੇ ਇੱਕ ਅਜਿਹਾ ਮੈਦਾਨ ਤਿਆਰ ਕਰ ਦਿੱਤਾ ਹੈ ਜਿੱਥੇ ਦਿੱਲੀ ਦੀਆਂ ਪਾਰਟੀਆਂ ਆਪਣੀਆਂ ਜੜ੍ਹਾਂ ਮਜ਼ਬੂਤ ਕਰ ਰਹੀਆਂ ਹਨ।

ਪਰ ਸਵਾਲ ਇਹ ਹੈ ਕਿ ਕੀ ਦਿੱਲੀ ਤੋਂ ਚੱਲਣ ਵਾਲੇ ਮਾਡਲ ਪੰਜਾਬ ਦੀ ਵਿਲੱਖਣਤਾ ਨੂੰ ਸਮਝ ਸਕਦੇ ਹਨ?

ਪੰਜਾਬ ਦੇ ਲੋਕ ਕਹਿ ਰਹੇ ਹਨ ਕਿ ਇਸ ਪਾਰਟੀ ਦਾ ਰਾਜਨੀਤਕ ਮਾਡਲ 'ਦਿੱਲੀ ਤੋਂ ਚੱਲ ਰਿਹਾ ਹੈ', ਤਾਂ ਇਸਦਾ ਮਤਲਬ ਹੈ ਕਿ ਉਸ ਪਾਰਟੀ ਦੀ ਕਮਾਂਡ, ਫ਼ੈਸਲੇ ਲੈਣ ਦੀ ਤਾਕਤ ਅਤੇ ਵਿਚਾਰਧਾਰਾ ਪੰਜਾਬ ਤੋਂ ਬਾਹਰ ਬੈਠੇ ਲੋਕਾਂ ਦੇ ਹੱਥ ਵਿੱਚ ਹੈ। ਪੰਜਾਬ ਦੀਆਂ ਸਮੱਸਿਆਵਾਂ (ਜਿਵੇਂ ਕਿ ਪਾਣੀਆਂ ਦਾ ਮੁੱਦਾ, ਖੇਤੀਬਾੜੀ ਸੰਕਟ, ਬੰਦੀ ਸਿੰਘਾਂ ਦੀ ਰਿਹਾਈ ਜਾਂ ਪੰਜਾਬੀ ਭਾਸ਼ਾ ਦਾ ਰੁਤਬਾ) ਬਹੁਤ ਹੀ ਮਹੱਤਵਪੂਰਨ ਹਨ। ਦਿੱਲੀ ਬੈਠੇ ਆਗੂ ਇਨ੍ਹਾਂ ਮੁੱਦਿਆਂ ਨੂੰ ਅਕਸਰ ਸਿਰਫ਼ 'ਵੋਟ ਬੈਂਕ' ਦੇ ਨਜ਼ਰੀਏ ਨਾਲ ਦੇਖਦੇ ਹਨ, ਜਦੋਂ ਕਿ ਪੰਜਾਬੀ ਇਨ੍ਹਾਂ ਨੂੰ ਆਪਣੀ ਹੋਂਦ ਅਤੇ ਸਵੈ-ਮਾਣ ਨਾਲ ਜੋੜ ਕੇ ਦੇਖਦੇ ਹਨ। ਦਿੱਲੀ ਤੋਂ ਚੱਲਣ ਵਾਲੀਆਂ ਪਾਰਟੀਆਂ ਹਮੇਸ਼ਾ ਇੱਕ 'ਇੱਕਸਾਰ ਨੀਤੀ' ਲਾਗੂ ਕਰਨ ਦੀ ਕੋਸ਼ਿਸ਼ ਕਰਦੀਆਂ ਹਨ, ਜੋ ਪੰਜਾਬ ਵਰਗੇ ਵੱਖਰੇ ਭੂਗੋਲਿਕ ਅਤੇ ਇਤਿਹਾਸਕ ਪਛਾਣ ਵਾਲੇ ਸੂਬੇ ਲਈ ਘਾਤਕ ਹੋ ਸਕਦੀ ਹੈ।

ਪੰਜਾਬ ਇੱਕ ਖੇਤੀਬਾੜੀ ਪ੍ਰਧਾਨ ਸੂਬਾ ਹੈ। ਇੱਥੋਂ ਦੀ ਆਰਥਿਕਤਾ ਦਾ ਧੁਰਾ ਪਾਣੀ , ਖੇਤ ਤੇ ਕਿਸਾਨ ਹਨ। ਜਦੋਂ ਕੋਈ ਰਾਸ਼ਟਰੀ ਪਾਰਟੀ ਫ਼ੈਸਲਾ ਲੈਂਦੀ ਹੈ, ਤਾਂ ਉਸਨੂੰ ਦੂਜੇ ਸੂਬਿਆਂ ਦੇ ਹਿੱਤਾਂ ਦਾ ਵੀ ਖਿਆਲ ਰੱਖਣਾ ਪੈਂਦਾ ਹੈ (ਜਿਵੇਂ ਕਿ ਐਸ.ਵਾਈ.ਐਲ. ਮੁੱਦਾ), ਜਿਸ ਕਾਰਨ ਅਕਸਰ ਪੰਜਾਬ ਦੇ ਹਿੱਤਾਂ ਦੀ ਬਲੀ ਦੇ ਦਿੱਤੀ ਜਾਂਦੀ ਹੈ।

ਪੰਜਾਬ ਦੀ ਪੀੜ ਨੂੰ ਸਿਰਫ਼ ਉਹ ਖੇਤਰੀ ਲਹਿਰ ਹੀ ਸਮਝ ਸਕਦੀ ਹੈ ਜਿਸ ਦੀਆਂ ਜੜ੍ਹਾਂ ਪੰਜਾਬ ਦੇ ਪਾਣੀਆਂ, ਖੇਤਾਂ ਅਤੇ ਸੱਭਿਆਚਾਰ ਵਿੱਚ ਹੋਣ। ਜੇਕਰ ਅਸੀਂ ਇੱਕ ਨਵੀਂ ਸਾਂਝੀ ਖੇਤਰੀ ਧਿਰ ਨਾ ਉਭਾਰੀ, ਤਾਂ ਪੰਜਾਬ ਸਿਰਫ਼ ਦਿੱਲੀ ਦੇ ਨਾਅਰਿਆਂ ਦੀ ਪ੍ਰਯੋਗਸ਼ਾਲਾ ਬਣ ਕੇ ਰਹਿ ਜਾਵੇਗਾ। ਮੀਡੀਆ ਤੇ ਸੋਸ਼ਲ ਮੀਡੀਆ ਰਾਹੀਂ ਸਾਨੂੰ ਇੱਕ ਅਜਿਹੇ ਖੇਤਰੀ ਰਾਜਨੀਤਿਕ ਸੱਭਿਆਚਾਰ ਸਿਰਜਣ ਦੀ ਲੋੜ ਹੈ ਜਿੱਥੇ ਦਲੀਲ ਹੋਵੇ। ਇੱਕ ਅਜਿਹੀ ਪਾਰਟੀ ਜੋ ਸੱਤਾ ਲਈ ਨਹੀਂ, ਸਗੋਂ ਲੋਕਾਂ ਦੀ ਸੇਵਾ , ਨਿਆਂ ਅਤੇ ਪੰਜਾਬ ਦੇ ਹਿੱਤਾਂ ਲਈ ਲੜੇ।

ਰਾਜਨੀਤਿਕ ਪਾਰਟੀਆਂ ਵੋਟਾਂ ਹਾਸਲ ਕਰਨ ਲਈ ਅਕਸਰ ਮੁਫ਼ਤ ਬਿਜਲੀ ਜਾਂ ਮੁਫ਼ਤ ਪਾਣੀ ਵਰਗੀਆਂ ਸਹੂਲਤਾਂ ਦਾ ਲਾਲਚ ਦਿੰਦੀਆਂ ਹਨ। ਪਰ ਅਸਲ ਵਿੱਚ, ਇਹ ਕੋਈ ਤੋਹਫ਼ਾ ਨਹੀਂ ਹੈ। ਸਰਕਾਰਾਂ ਕੋਲ ਆਪਣਾ ਕੋਈ ਪੈਸਾ ਨਹੀਂ ਹੁੰਦਾ। ਮੁਫ਼ਤ ਸਹੂਲਤਾਂ ਦੇਣ ਲਈ ਸਰਕਾਰਾਂ ਨੂੰ ਵੱਡੇ ਕਰਜ਼ੇ ਲੈਣੇ ਪੈਂਦੇ ਹਨ। ਅੱਜ ਪੰਜਾਬ ਸਿਰ ਲੱਖਾਂ ਕਰੋੜਾਂ ਦਾ ਕਰਜ਼ਾ ਹੈ, ਜਿਸ ਦਾ ਵਿਆਜ ਮੋੜਨ ਲਈ ਵੀ ਹੋਰ ਕਰਜ਼ਾ ਲੈਣਾ ਪੈ ਰਿਹਾ ਹੈ। ਜਦੋਂ ਸੂਬੇ ਦਾ ਖ਼ਜ਼ਾਨਾ ਮੁਫ਼ਤ ਸਹੂਲਤਾਂ 'ਤੇ ਖ਼ਰਚ ਹੋ ਜਾਂਦਾ ਹੈ, ਤਾਂ ਸਕੂਲਾਂ, ਹਸਪਤਾਲਾਂ ਅਤੇ ਨਵੀਆਂ ਇੰਡਸਟਰੀਆਂ ਲਈ ਪੈਸਾ ਨਹੀਂ ਬਚਦਾ। ਨਤੀਜੇ ਵਜੋਂ, ਸਾਡੀ ਆਉਣ ਵਾਲੀ ਨਸਲ (ਨੌਜਵਾਨ) ਬੇਰੁਜ਼ਗਾਰ ਹੋ ਰਹੀ ਹੈ ਅਤੇ ਵਿਦੇਸ਼ਾਂ ਵੱਲ ਭੱਜ ਰਹੀ ਹੈ। ਅਸੀਂ ਅੱਜ ਦੀ 300 ਯੂਨਿਟ ਬਿਜਲੀ ਬਚਾ ਕੇ ਆਪਣੇ ਬੱਚਿਆਂ ਦਾ ਰੁਜ਼ਗਾਰ ਅਤੇ ਬਿਹਤਰ ਸਿੱਖਿਆ ਗੁਆ ਰਹੇ ਹਾਂ। ਪੰਜਾਬੀਆਂ ਨੂੰ ਹੁਣ ਮੁਫ਼ਤਖ਼ੋਰੀ ਦੀ ਸਿਆਸਤ ਦੇ ਜਾਲ ਵਿੱਚੋਂ ਨਿਕਲਣਾ ਪਵੇਗਾ।

ਜਦੋਂ ਕੋਈ ਵੱਡੀ ਪਾਰਟੀ ਚੋਣਾਂ ਲੜਨ ਲਈ ਕਾਰਪੋਰੇਟ ਘਰਾਣਿਆਂ ਤੋਂ ਕਰੋੜਾਂ ਰੁਪਏ ਲੈਂਦੀ ਹੈ, ਤਾਂ ਸੱਤਾ ਵਿੱਚ ਆਉਣ ਤੋਂ ਬਾਅਦ ਉਹ ਪਾਰਟੀ ਲੋਕਾਂ ਲਈ ਨਹੀਂ, ਸਗੋਂ ਉਨ੍ਹਾਂ ਕਾਰਪੋਰੇਟਾਂ ਲਈ ਕੰਮ ਕਰਦੀ ਹੈ। ਉਹ ਉਨ੍ਹਾਂ ਨੂੰ ਟੈਂਡਰ ਦਿੰਦੀ ਹੈ ਅਤੇ ਉਨ੍ਹਾਂ ਦੇ ਫ਼ਾਇਦੇ ਲਈ ਕਾਨੂੰਨ ਬਣਾਉਂਦੀ ਹੈ। ਜੇਕਰ ਪੰਜਾਬ ਦੀ ਕੋਈ ਖੇਤਰੀ ਪਾਰਟੀ ਲੋਕਾਂ ਦੇ ਫ਼ੰਡ ਨਾਲ ਖੜ੍ਹੀ ਹੁੰਦੀ ਹੈ, ਭਾਵੇਂ ਉਹ 10-10 ਰੁਪਏ ਹੀ ਕਿਉਂ ਨਾ ਹੋਣ, ਤਾਂ ਉਸ ਪਾਰਟੀ 'ਤੇ ਕਿਸੇ ਅਮੀਰ ਘਰਾਣੇ ਦਾ ਕਬਜ਼ਾ ਨਹੀਂ ਹੋਵੇਗਾ। ਉਹ ਪਾਰਟੀ ਸਿਰਫ਼ ਆਮ ਨਾਗਰਿਕ ਪ੍ਰਤੀ ਜਵਾਬਦੇਹ ਹੋਵੇਗੀ ,ਕਿਉਂਕਿ ਉਸਦੀ ਹੋਂਦ ਲੋਕਾਂ ਦੇ ਸਹਿਯੋਗ 'ਤੇ ਟਿਕੀ ਹੋਵੇਗੀ। ਭਾਰਤ ਦਾ ਰਾਜਨੀਤਕ ਸਭਿਆਚਾਰ ਤਾਂ ਹੀ ਵਿਗੜਿਆ ਹੈ, ਕਿਉਂਕਿ ਰਾਜਨੀਤਿਕ ਪਾਰਟੀਆਂ ਕਾਰਪੋਰੇਟ ਦੀਆਂ ਗੁਲਾਮ ਹਨ।

ਪੰਜਾਬ ਦੀ ਅੱਧੀ ਤੋਂ ਵੱਧ ਆਬਾਦੀ ਨੌਜਵਾਨ ਹੈ, ਪਰ ਫ਼ੈਸਲੇ ਲੈਣ ਵਾਲੇ ਬਜ਼ੁਰਗ ਹਨ। ਵਿਚਾਰਾਂ ਦੇ ਇਸ ਪਾੜੇ ਨੂੰ ਭਰਨ ਲਈ ਨੌਜਵਾਨਾਂ ਨੂੰ ਸਿਆਸਤ ਦੇ ਕੇਂਦਰ ਵਿੱਚ ਲਿਆਉਣਾ ਪਵੇਗਾ।

ਹੁਣ ਛੋਟੇ-ਮੋਟੇ ਸੁਧਾਰਾਂ ਦਾ ਸਮਾਂ ਲੰਘ ਗਿਆ ਹੈ। ਪੰਜਾਬ ਨੂੰ ਇੱਕ 'ਨੀਤੀਗਤ ਧਮਾਕੇ' ਦੀ ਲੋੜ ਹੈ— ਖੇਤੀਬਾੜੀ, ਸਨਅਤ , ਮੈਡੀਕਲ ਅਤੇ ਸਿੱਖਿਆ ਵਿੱਚ ਅਜਿਹੇ ਇਨਕਲਾਬੀ ਫ਼ੈਸਲੇ, ਜੋ ਪੰਜਾਬ ਨੂੰ ਮੁੜ 'ਨੰਬਰ ਇੱਕ' ਬਣਾ ਸਕਣ। ਮੱਕੀ, ਦਾਲਾਂ ਅਤੇ ਤੇਲ ਬੀਜਾਂ ਲਈ ਅਜਿਹਾ ਬਾਜ਼ਾਰ ਸਿਰਜਣਾ ਕਿ ਕਿਸਾਨ ਨੂੰ ਝੋਨਾ ਲਾਉਣ ਦੀ ਲੋੜ ਹੀ ਨਾ ਪਵੇ। ਕਿਸਾਨਾਂ ਨੂੰ ਸਿੱਧਾ ਕਾਰਪੋਰੇਟ ਨਾਲ ਨਹੀਂ, ਸਗੋਂ 'ਕੋਆਪਰੇਟਿਵ' (ਸਹਿਕਾਰੀ) ਸਭਾਵਾਂ ਰਾਹੀਂ ਵਿਸ਼ਵ ਮੰਡੀ ਨਾਲ ਜੋੜਨਾ ਚਾਹੀਦਾ।

ਇਜ਼ਰਾਇਲ ਦੀ ਤਰਜ਼ 'ਤੇ ਡਰਿੱਪ ਇਰੀਗੇਸ਼ਨ (ਤੁਪਕਾ ਸਿੰਚਾਈ) ਨੂੰ ਪੂਰੇ ਪੰਜਾਬ ਵਿੱਚ ਲਾਜ਼ਮੀ ਅਤੇ ਮੁਫ਼ਤ ਕਰਨਾ ਤਾਂ ਜੋ ਡਿੱਗਦੇ ਪਾਣੀ ਦੇ ਪੱਧਰ ਨੂੰ ਰੋਕਿਆ ਜਾ ਸਕੇ।

ਪੰਜਾਬ ਦੀ ਇੰਡਸਟਰੀ ਗੁਆਂਢੀ ਰਾਜਾਂ ਵਿੱਚ ਜਾ ਰਹੀ ਹੈ। ਇੱਥੇ ਇਨਕਲਾਬੀ ਫ਼ੈਸਲਿਆਂ ਦੀ ਲੋੜ ਹੈ। ਪੰਜਾਬ ਨੂੰ ਸਰਹੱਦੀ ਸੂਬਾ ਹੋਣ ਦਾ ਫ਼ਾਇਦਾ ਉਠਾਉਂਦੇਹੋਏ ਡਰਾਈ ਪੋਰਟਸ ਅਤੇ ਵਿਸ਼ੇਸ਼ ਆਰਥਿਕ ਜ਼ੋਨ ਬਣਾਉਣੇ ਚਾਹੀਦੇ ਹਨ। ਵਾਘਾ ਬਾਰਡਰ, ਹੁਸੈਨੀ ਵਾਲਾ ਬਾਰਡਰ ਵਪਾਰ ਲਈ ਖੁੱਲ੍ਹੇ ਚਾਹੀਦੇ ਹਨ।ਲੁਧਿਆਣਾ ਦੇ ਹੌਜ਼ਰੀ ਅਤੇ ਜਲੰਧਰ ਦੇ ਖੇਡ ਸਮਾਨ ਨੂੰ ਵਿਸ਼ਵ ਪੱਧਰੀ ਬ੍ਰਾਂਡ ਬਣਾਉਣ ਲਈ ਸਰਕਾਰੀ ਸਰਪ੍ਰਸਤੀ ਅਤੇ ਟੈਕਸਾਂ ਵਿੱਚ ਵੱਡੀ ਛੋਟ ਦੇਣੀ ਪਵੇਗੀ। ਨੌਜਵਾਨਾਂ ਨੂੰ ਨੌਕਰੀ ਮੰਗਣ ਵਾਲੇ ਨਹੀਂ, ਨੌਕਰੀ ਦੇਣ ਵਾਲੇ ਬਣਾਉਣ ਲਈ ਬਿਨਾਂ ਵਿਆਜ ਦੇ ਕਰਜ਼ੇ ਅਤੇ ਤਕਨੀਕੀ ਸਹਾਇਤਾ ਪ੍ਰਦਾਨ ਕਰਨੀ ਹੋਵੇਗੀ।

ਸਾਡਾ ਮੌਜੂਦਾ ਸਿੱਖਿਆ ਢਾਂਚਾ ਸਿਰਫ਼ ਬੇਰੁਜ਼ਗਾਰ ਪੈਦਾ ਕਰ ਰਿਹਾ ਹੈ। ਛੇਵੀਂ ਕਲਾਸ ਤੋਂ ਹੀ ਕੋਡਿੰਗ, ਆਰਟੀਫ਼ੀਸ਼ੀਅਲ ਇੰਟੈਲੀਜੈਂਸ ਅਤੇ ਤਕਨੀਕੀ ਹੁਨਰ ਲਾਜ਼ਮੀ ਕਰਨ ਦੀ ਲੋੜ ਹੈ।

ਸਰਕਾਰੀ ਸਕੂਲਾਂ ਦਾ ਕਾਇਆ-ਕਲਪ ਕਰਨਾ ਪਵੇਗਾ ਸਿਰਫ਼ ਇਮਾਰਤਾਂ ਨਹੀਂ, ਸਗੋਂ ਸਿੱਖਿਆ ਦਾ ਮਿਆਰ ਇੰਨਾ ਉੱਚਾ ਕਰਨਾ ਪਵੇਗਾ ਕਿ ਇੱਕ ਆਮ ਕਿਸਾਨ ,ਦਲਿਤ ਅਤੇ ਇੱਕ ਅਮੀਰ ਅਫ਼ਸਰ ਦਾ ਬੱਚਾ ਇੱਕੋ ਬੈਂਚ 'ਤੇ ਬੈਠ ਕੇ ਪੜ੍ਹੇ। ਸਾਡੀਆਂ ਯੂਨੀਵਰਸਿਟੀਆਂ ਨੂੰ ਪੰਜਾਬ ਦੀਆਂ ਸਥਾਨਕ ਸਮੱਸਿਆਵਾਂ (ਜਿਵੇਂ ਕੈਂਸਰ ਬੈਲਟ, ਪਰਾਲੀ ਦਾ ਹੱਲ) 'ਤੇ ਖੋਜ ਕਰਨ ਲਈ ਵੱਡੇ ਬਜਟ ਦੇਣੇ ਪੈਣਗੇ।

ਪੰਜਾਬ ਵਿੱਚ ਇਲਾਜ ਕਰਵਾਉਣਾ ਇੰਨਾ ਮਹਿੰਗਾ ਹੋ ਗਿਆ ਹੈ ਕਿ ਇੱਕ ਬਿਮਾਰੀ ਪਰਿਵਾਰ ਨੂੰ ਗਰੀਬੀ ਰੇਖਾ ਤੋਂ ਹੇਠਾਂ ਲੈ ਜਾਂਦੀ ਹੈ। ਹਰ ਪਿੰਡ ਵਿੱਚ ਅਤਿ-ਆਧੁਨਿਕ ਡਾਇਗਨੌਸਟਿਕ ਸੈਂਟਰ ਹੋਣੇ ਚਾਹੀਦੇ ਹਨ ਜਿੱਥੇ ਟੈਸਟ ਮੁਫ਼ਤ ਹੋਣ। ਪੰਜਾਬ ਵਿਚ ਬ੍ਰਿਟੇਨ ਦੇ ਵਰਗਾ ਮਾਡਲ ਲਿਆਉਣਾ ਪਵੇਗਾ ਜਿੱਥੇ ਇਲਾਜ ਨਾਗਰਿਕ ਦਾ ਜਨਮਸਿੱਧ ਅਧਿਕਾਰ ਹੋਵੇ। ਪੰਜਾਬ ਵਿਚ ਪੀਜੀਆਈ ਸਹੂਲਤਾਂ ਵਰਗਾ ਮੈਡੀਕਲ ਖੋਜ ਕੇਂਦਰ ਖੋਲਣ ਦੀ ਲੋੜ ਹੈ,ਜਿਥੇ ਹਰ ਪੰਜਾਬੀ ਦੀ ਬਿਮਾਰੀ ਦਾ ਇਲਾਜ ਹੋ ਸਕੇ।

ਨਸ਼ਿਆਂ ਨੂੰ ਸਿਰਫ਼ ਕਾਨੂੰਨ ਵਿਵਸਥਾ ਦੀ ਸਮੱਸਿਆ ਨਹੀਂ, ਸਗੋਂ ਇੱਕ 'ਮੈਡੀਕਲ ਐਮਰਜੈਂਸੀ' ਮੰਨ ਕੇ ਜੰਗੀ ਪੱਧਰ 'ਤੇ ਮੁੜ-ਵਸੇਬਾ ਕੇਂਦਰ ਖੋਲ੍ਹਣੇ ਪੈਣਗੇ।

ਇਹ ਸਭ ਉਦੋਂ ਹੀ ਹੋ ਸਕਦਾ ਹੈ ਜਦੋਂ ਪੰਜਾਬ ਕੋਲ ਅਜਿਹੀ ਖੇਤਰੀ ਪਾਰਟੀ ਹੋਵੇ ਜਿਸਦੀ 'ਪੋਜ਼ੀਟਿਵ ਪਾਲਿਸੀ' ਹੋਵੇ ਜੋ ਵੋਟਾਂ ਦੇ ਲਾਲਚ ਤੋਂ ਉੱਪਰ ਉੱਠ ਕੇ ਬਣਾਈ ਗਈ ਹੋਵੇ। ਇਹ ਫ਼ੈਸਲੇ ਲੈਣ ਲਈ ਇੱਕ ਅਜਿਹੀ ਦਲੇਰਾਨਾ ਲੀਡਰਸ਼ਿਪ ਚਾਹੀਦੀ ਹੈ ਜੋ ਕਹੇ ਕਿ ਅਸੀਂ ਅਗਲੀਆਂ ਚੋਣਾਂ ਜਿੱਤਣ ਲਈ ਨਹੀਂ, ਸਗੋਂ ਅਗਲੀਆਂ ਨਸਲਾਂ ਨੂੰ ਬਚਾਉਣ ਲਈ ਅਸੀਂ ਸਿਆਸਤ ਕਰ ਰਹੇ ਹਾਂ।

ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਸੀਂ ਅਗਲੇ 25 ਸਾਲਾਂ ਦਾ ਪੰਜਾਬ ਕਿਹੋ ਜਿਹਾ ਦੇਖਣਾ ਚਾਹੁੰਦੇ ਹਾਂ?

ਸਿਰਫ਼ ਭੀੜ ਇਕੱਠੀ ਕਰਨ ਨਾਲ ਗੱਲ ਨਹੀਂ ਬਣਨੀ, ਜ਼ਮੀਨੀ ਪੱਧਰ 'ਤੇ ਅਨੁਸ਼ਾਸਿਤ ਕੇਡਰ ਤਿਆਰ ਕਰਨਾ ਪਵੇਗਾ। ਸੋਸ਼ਲ ਮੀਡੀਆ ਦੇ ਪ੍ਰਭਾਵਸ਼ਾਲੀ ਲੋਕਾਂ ਅਤੇ ਸਿਵਲ ਸੋਸਾਇਟੀ ਨੂੰ ਇੱਕ ਮੰਚ 'ਤੇ ਲਿਆ ਕੇ ਆਪਣੇ ਸੁਨੇਹੇ ਨੂੰ ਹਰ ਘਰ ਤੱਕ ਪਹੁੰਚਾਉਣਾ ਪਵੇਗਾ।

ਪੰਜਾਬ ਦੀ ਖੇਤਰੀ ਪਾਰਟੀ ਲਹਿਰ ਕਿਸੇ ਪਰਿਵਾਰ ਜਾਂ ਵਿਅਕਤੀ ਵਿਸ਼ੇਸ਼ ਦੀ ਨਹੀਂ, ਸਗੋਂ ਹਰ ਉਸ ਹਰੇਕ ਪੰਜਾਬੀ ਦੀ ਹੋਣੀ ਚਾਹੀਦੀ ਹੈ ਜੋ ਆਪਣੀ ਮਿੱਟੀ ਨੂੰ ਮੁੜ ਹਰਿਆ-ਭਰਿਆ ਦੇਖਣਾ ਚਾਹੁੰਦਾ ਹੈ।

ਯਾਦ ਰੱਖੋ, ਵੱਡੀਆਂ ਤਬਦੀਲੀਆਂ ਹਮੇਸ਼ਾ ਇੱਕ ਛੋਟੇ ਜਿਹੇ ਕਦਮ ਨਾਲ ਸ਼ੁਰੂ ਹੁੰਦੀਆਂ ਹਨ। ਜੇਕਰ ਸਾਡਾ ਇਰਾਦਾ ਨੇਕ ਹੈ ਅਤੇ ਵਿਜ਼ਨ ਵਿਗਿਆਨਕ ਹੈ, ਤਾਂ ਸਰੋਤ ਵੀ ਜੁੜ ਜਾਣਗੇ ਅਤੇ ਕਾਫ਼ਲਾ ਵੀ ਬਣ ਜਾਵੇਗਾ। ਇਹ ਸਮਾਂ ਸਿਰਫ਼ ਸੋਚਣ ਦਾ ਨਹੀਂ, ਸਗੋਂ ਪੰਜਾਬ ਦੇ ਭਵਿੱਖ ਦੀ ਨਵੀਂ ਇਬਾਰਤ ਲਿਖਣ ਦਾ ਹੈ।

ਚੋਣ ਨਤੀਜਿਆਂ ਦਾ ਰਾਸ਼ਟਰੀ ਸਿਆਸਤ 'ਤੇ ਪ੍ਰਭਾਵ !

ਰਾਹੁਲ ਵਰਮਾ
ਲੇਖਕ ਸਿਆਸੀ ਵਿਸ਼ਲੇਸ਼ਕ ਅਤੇ ਸੈਂਟਰ ਫਾਰ ਪਾਲਿਸੀ ਰਿਸਰਚ ਵਿੱਚ ਫੈਲੋ ਹਨ

ਚਾਰ ਸੂਬਿਆਂ ਅਤੇ ਇੱਕ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਵਿਧਾਨ ਸਭਾ ਚੋਣਾਂ ਦੇ ਨਤੀਜੇ ਮਿਲੇ-ਜੁਲੇ ਰਹੇ। ਅਸਾਮ, ਕੇਰਲਮ ਅਤੇ ਪੁਡੂਚੇਰੀ ਦੇ ਨਤੀਜੇ ਉਮੀਦ ਮੁਤਾਬਕ ਰਹੇ, ਜਦਕਿ ਪੱਛਮੀ ਬੰਗਾਲ ਅਤੇ ਤਾਮਿਲਨਾਡੂ ਦੇ ਨਤੀਜੇ ਨਾਟਕੀ ਸਿਆਸੀ ਬਦਲਾਅ ਨੂੰ ਦਰਸਾਉਂਦੇ ਹਨ। ਅਸਾਮ ਵਿੱਚ ਇਹ ਮੰਨਿਆ ਜਾ ਰਿਹਾ ਸੀ ਕਿ ਭਾਜਪਾ ਸੱਤਾ ਵਿੱਚ ਵਾਪਸੀ ਕਰਨ ਵਿੱਚ ਸਫ਼ਲ ਰਹੇਗੀ, ਜਦਕਿ ਕੇਰਲਮ ਵਿੱਚ ਕਾਂਗਰਸ ਨੂੰ ਸਫ਼ਲਤਾ ਮਿਲੇਗੀ।

ਪੁਡੂਚੇਰੀ ਵਿੱਚ ਵੀ ਰਾਸ਼ਟਰੀ ਜਨਤਾਂਤ੍ਰਿਕ ਗੱਠਜੋੜ ਦੇ ਰਾਹ ਵਿੱਚ ਕੋਈ ਮੁਸ਼ਕਿਲ ਨਹੀਂ ਦਿਖਾਈ ਦੇ ਰਹੀ ਸੀ। ਦੋ ਵੱਡੇ ਚੁਣਾਵੀ ਸੂਬਿਆਂ ਵਿੱਚੋਂ ਇੱਕ ਤਾਮਿਲਨਾਡੂ ਵਿੱਚ ਨਵੀਂ ਪਾਰਟੀ ਟੀਵੀਕੇ ਦੀ ਭਾਰੀ ਜਿੱਤ ਨੇ ਸਿਆਸੀ ਪੰਡਿਤਾਂ ਨੂੰ ਵੀ ਹੈਰਾਨ ਕਰ ਦਿੱਤਾ, ਤਾਂ ਬੰਗਾਲ ਵਿੱਚ ਭਾਜਪਾ ਦੀ ਇਤਿਹਾਸਕ ਜਿੱਤ ਨੇ ਲੰਬੇ ਸਮੇਂ ਤੋਂ ਕਾਇਮ ਮਮਤਾ ਬੈਨਰਜੀ ਨੂੰ ਸੱਤਾ ਤੋਂ ਬਾਹਰ ਦਾ ਰਾਹ ਦਿਖਾ ਦਿੱਤਾ। ਇਨ੍ਹਾਂ ਦੋ ਵੱਡੇ ਸੂਬਿਆਂ ਵਿੱਚ ਭਾਰੀ ਸਿਆਸੀ ਉਲਟਫੇਰ ਹੋਇਆ ਹੈ।

ਪਿਛਲੇ ਕੁਝ ਸਾਲਾਂ ਵਿੱਚ ਅਸਾਮ ਭਾਜਪਾ ਦੇ ਸਿਆਸੀ ਵੱਕਾਰ ਵਾਲੇ ਰਾਜ ਦੇ ਰੂਪ ਵਿੱਚ ਉੱਭਰਿਆ ਹੈ। ਲਗਾਤਾਰ ਸੱਤਾ ਵਿੱਚ ਰਹਿਣ ਦੇ ਬਾਵਜੂਦ ਇਸ ਦੀਆਂ ਸੀਟਾਂ ਵਿੱਚ ਵਾਧਾ ਦਰਸਾਉਂਦਾ ਹੈ ਕਿ ਜਨਤਾ ਸਰਕਾਰ ਦੇ ਕੰਮਕਾਜ ਤੋਂ ਕਾਫ਼ੀ ਸੰਤੁਸ਼ਟ ਹੈ। 2023 ਵਿੱਚ ਵਿਧਾਨ ਸਭਾ ਖੇਤਰਾਂ ਦੀ ਨਵੇਂ ਸਿਰੇ ਤੋਂ ਹੱਦਬੰਦੀ ਨੇ ਵੀ ਭਾਜਪਾ ਦੀ ਰਾਜਨੀਤਿਕ ਤਾਕਤ ਨੂੰ ਵਧਾਇਆ ਹੈ। ਬੋਡੋਲੈਂਡ ਵਿੱਚ ਸਹਿਯੋਗੀ ਪਾਰਟੀਆਂ ਅਤੇ ਅਸਮ ਗਣ ਪ੍ਰੀਸ਼ਦ ਦੇ ਸਾਥ ਨੇ ਵੀ ਪਾਰਟੀ ਨੂੰ ਮਜ਼ਬੂਤੀ ਦਿੱਤੀ। ਕਲਿਆਣਕਾਰੀ ਯੋਜਨਾਵਾਂ ਅਤੇ ਮੁੱਖ ਮੰਤਰੀ ਹਿਮੰਤ ਦੀ ਹਰਮਨਪਿਆਰਤਾ ਵੀ ਇਸ ਦੇ ਹੱਕ ਵਿੱਚ ਗਈ ਹੈ।

ਦੂਜੇ ਪਾਸੇ, ਕਾਂਗਰਸ ਸੰਗਠਨਾਤਮਕ ਪੱਧਰ 'ਤੇ ਬਿਲਕੁਲ ਕਮਜ਼ੋਰ ਹੋ ਗਈ ਹੈ। ਚੋਣਾਂ ਦੇ ਦੌਰਾਨ ਹੀ ਇਸ ਦੀ ਸੂਬਾਈ ਇਕਾਈ ਦੇ ਸਾਬਕਾ ਪ੍ਰਧਾਨ ਦੇ ਨਾਲ-ਨਾਲ ਪ੍ਰਚਾਰ ਮੁਹਿੰਮ ਕਮੇਟੀ ਦੇ ਮੁਖੀ ਜਿਹੇ ਦੋ ਦਿੱਗਜ ਆਗੂ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ। ਇਹ ਦਰਸਾਉਂਦਾ ਹੈ ਕਿ ਸੂਬੇ ਦੀ ਰਾਜਨੀਤਿਕ ਹਵਾ ਕਾਂਗਰਸ ਦੇ ਬਿਲਕੁਲ ਵਿਰੋਧੀ ਰਹੀ, ਜਿਸ ਦੀ ਪੁਸ਼ਟੀ ਨਾ ਸਿਰਫ਼ ਘਟੀਆਂ ਸੀਟਾਂ, ਸਗੋਂ ਗੌਰਵ ਗੋਗੋਈ ਜਿਹੇ ਆਗੂ ਦੀ ਹਾਰ ਵਿੱਚ ਵੀ ਦਿਖਾਈ ਦਿੰਦੀ ਹੈ, ਜਿਨ੍ਹਾਂ ਦੇ ਚਿਹਰੇ 'ਤੇ ਪਾਰਟੀ ਚੋਣ ਲੜ ਰਹੀ ਸੀ। ਕੇਰਲਮ ਵਿੱਚ ਦਸ ਸਾਲਾਂ ਤੋਂ ਖੱਬੇ ਪੱਖੀ ਸਰਕਾਰ ਸੱਤਾ ਵਿਚ ਸੀ, ਜਿਸ ਨੇ ਪਿਛਲੀ ਵਿਧਾਨ ਸਭਾ ਚੋਣ ਵਿੱਚ ਹਰ ਪੰਜ ਸਾਲਾਂ ਵਿੱਚ ਸਰਕਾਰ ਬਦਲਣ ਵਾਲੇ ਰਾਜ ਦੇ ਸਿਆਸੀ ਰੁਝਾਨ ਨੂੰ ਮਾਤ ਦੇ ਕੇ ਸੱਤਾ ਵਿੱਚ ਵਾਪਸੀ ਕੀਤੀ ਸੀ। ਇਸ ਲਈ ਇੱਥੇ ਸਿਆਸੀ ਬਦਲਾਅ ਤੈਅ ਮੰਨਿਆ ਜਾ ਰਿਹਾ ਸੀ। ਭਾਜਪਾ ਇੱਥੇ ਸਿਆਸੀ ਪੈਠ ਵਧਾਉਣ ਦੇ ਯਤਨ ਕਰ ਰਹੀ ਹੈ, ਪਰ ਇਹ ਫਲਦਾਇਕ ਨਹੀਂ ਹੋ ਰਹੀ। ਭਾਜਪਾ ਦੇ ਇਨ੍ਹਾਂ ਯਤਨਾਂ ਦੀ ਕੀਮਤ ਖੱਬੇ ਪੱਖੀ ਪਾਰਟੀਆਂ ਨੂੰ ਚੁਕਾਉਣੀ ਪਈ, ਕਿਉਂਕਿ ਇਹ ਦੱਖਣੀ ਕੇਰਲ ਵਿੱਚ ਹਿੰਦੂਆਂ, ਖਾਸ ਕਰਕੇ ਇਜ਼ਾਵਾ ਜਿਹੇ ਸਮੂਹਾਂ ਨੂੰ ਆਪਣੇ ਵੱਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਜੋ ਰਵਾਇਤੀ ਤੌਰ 'ਤੇ ਖੱਬੇ ਪੱਖੀ ਸਮਰਥਕ ਮੰਨੇ ਜਾਂਦੇ ਹਨ। ਇਸ ਲਈ, ਕੇਰਲਮ ਦੀ ਸਿਆਸੀ ਲੜਾਈ ਵਿੱਚ ਕਾਂਗਰਸ ਲਈ ਕੋਈ ਖਾਸ ਮੁਸ਼ਕਿਲ ਨਹੀਂ ਸੀ। ਕੇਰਲਮ ਤੋਂ ਵਿਦਾਈ ਦੇ ਬਾਅਦ ਹੁਣ ਕਿਸੇ ਵੀ ਸੂਬੇ ਵਿੱਚ ਖੱਬੇ ਪੱਖੀ ਪਾਰਟੀ ਦੀ ਸਰਕਾਰ ਨਹੀਂ ਰਹਿ ਗਈ ਹੈ।ਬੰਗਾਲ ਵਿੱਚ ਭਾਜਪਾ ਦੀ ਇਤਿਹਾਸਕ ਜਿੱਤ 'ਤੇ ਭਾਵੇਂ ਕੁਝ ਸਿਆਸੀ ਮਾਹਿਰ ਹੈਰਾਨੀ ਪ੍ਰਗਟਾਉਂਦੇ ਹਨ, ਪਰ ਸੂਬੇ ਦੀ ਸੱਤਾ ਤੱਕ ਇਸ ਦੀ ਪਹੁੰਚ ਸਿਰਫ਼ ਸਮੇਂ ਦੀ ਗੱਲ ਸੀ। ਸਾਲ 2019 ਤੋਂ ਹੋ ਰਹੀਆਂ ਚੋਣਾਂ ਦੇ ਸਮੇਂ ਤੋਂ ਹੀ ਭਾਜਪਾ ਲਗਪਗ 40 ਫ਼ੀਸਦੀ ਵੋਟਾਂ ਦੇ ਪੱਧਰ 'ਤੇ ਅਟਕੀ ਹੋਈ ਸੀ ਅਤੇ ਇਸ ਵਿੱਚ ਪੰਜ ਫ਼ੀਸਦੀ ਤੱਕ ਦਾ ਵਾਧਾ ਇਸ ਨੂੰ ਸੂਬੇ ਦੀ ਕਮਾਨ ਦਿਵਾਉਣ ਲਈ ਕਾਫ਼ੀ ਸੀ। ਇਹ ਚੋਣ ਇਸ ਦੀ ਜਿੱਤ ਦਾ ਪੜਾਅ ਬਣ ਕੇ ਉੱਭਰੀ। ਵੋਟਰ ਸੂਚੀਆਂ ਦੇ ਵਿਸ਼ੇਸ਼ ਮੁਲਾਂਕਣ, ਜਿਸ ਨੂੰ ਐੱਸਆਈਆਰ ਕਿਹਾ ਜਾਂਦਾ ਹੈ, ਦੀ ਭੂਮਿਕਾ ਵੀ ਭਾਜਪਾ ਦੀ ਚੋਣ ਜਿੱਤ ਵਿੱਚ ਇੱਕ ਕਾਰਕ ਮੰਨੀ ਜਾ ਸਕਦੀ ਹੈ, ਪਰ ਇਹ ਇਕੱਲਾ ਕਾਰਨ ਨਹੀਂ ਸੀ। ਸੂਬੇ ਦੀ ਮਮਤਾ ਬੈਨਰਜੀ ਸਰਕਾਰ ਲੰਬੇ ਸਮੇਂ ਤੋਂ ਕਾਇਮ ਸੱਤਾ ਤੋਂ ਪੈਦਾ ਨਿਰਾਸ਼ਾ ਨਾਲ ਵੀ ਜੂਝ ਰਹੀ ਸੀ। ਵੱਖ-ਵੱਖ ਯੋਜਨਾਵਾਂ ਨੂੰ ਲੈ ਕੇ ਕੇਂਦਰ ਨਾਲ ਉਨ੍ਹਾਂ ਦਾ ਟਕਰਾਅ ਵੀ ਇੱਕ ਵਰਗ ਨੂੰ ਨਿਰਾਸ਼ ਕਰ ਰਿਹਾ ਸੀ ਕਿ ਸੂਬੇ ਨੂੰ ਇਸ ਦੇ ਕਾਰਨ ਉਮੀਦ ਮੁਤਾਬਕ ਲਾਭ ਨਹੀਂ ਮਿਲ ਰਹੇ ਹਨ।

ਮਮਤਾ ਬੈਨਰਜੀ ਦੀ ਨਿੱਜੀ ਹਰਮਨਪਿਆਰਤਾ ਦੇ ਬਾਵਜੂਦ ਉਨ੍ਹਾਂ ਨੂੰ ਸਭ ਤੋਂ ਵੱਧ ਮਾੜੇ ਨਤੀਜੇ ਆਪਣੇ ਸਥਾਨਕ ਕਾਰਕੁਨਾਂ ਦੀ ਮਨਮਰਜ਼ੀ ਅਤੇ ਗ਼ਲਤ ਵਿਵਹਾਰ ਕਾਰਨ ਭੁਗਤਣੇ ਪਏ, ਜੋ ਲੋਕਾਂ ਨੂੰ ਡਰਾਉਣ ਦੇ ਨਾਲ-ਨਾਲ ਉਨ੍ਹਾਂ ਦੇ ਰੋਜ਼ਾਨਾ ਜੀਵਨ ਵਿੱਚ ਬੇਵਜ੍ਹਾ ਦਖ਼ਲਅੰਦਾਜ਼ੀ ਵੀ ਕਰਦੇ ਰਹੇ।

ਇਸ ਵਾਰ ਚੋਣ ਕਮਿਸ਼ਨ ਵੱਲੋਂ ਮੁਹੱਈਆ ਕਰਵਾਈ ਗਈ ਵਿਆਪਕ ਸੁਰੱਖਿਆ ਸੂਬਾਈ ਸਰਕਾਰ ਤੋਂ ਨਿਰਾਸ਼ ਵੋਟਰਾਂ ਨੂੰ ਭਰੋਸਾ ਦੇਣ ਵਾਲੀ ਸਾਬਤ ਹੋਈ ਅਤੇ ਵੋਟਰਾਂ ਦੇ ਰੁਝਾਨਾਂ ਤੋਂ ਲੈ ਕੇ ਨਤੀਜੇ ਵੀ ਇਸ ਪਹਿਲੂ ਨੂੰ ਪੁਸ਼ਟ ਕਰਦੇ ਹੋਏ ਪ੍ਰਤੀਤ ਹੁੰਦੇ ਹਨ।

(ਬਾਕੀ ਸਫ਼ਾ 27 'ਤੇ)

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE

FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

"ਛੋਟਾ ਘੱਲੂਘਾਰਾ"

(17 ਮਈ 1746)

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨਾ ਕੀਜੈ ॥ ਅੰਗ 1412

ਹੇ ਭਾਈ, ਜੇ ਤੈਨੂੰ ਪ੍ਰਭੂ ਪ੍ਰੇਮ ਦੀ ਖੇਡ ਖੇਡਣ ਦਾ ਸ਼ੌਕ ਹੈ, ਤਾਂ ਆਪਣਾ ਸਿਰ ਤਲੀ ਉੱਤੇ ਰੱਖ ਕੇ ਮੇਰੀ ਗਲੀ ਵਿੱਚ ਆ। ਲੋਕ -ਲਾਜ ਛੱਡ ਕੇ ਹਉਮੇ ਦੂਰ ਕਰਕੇ ਆ ਪ੍ਰਭੂ ਪ੍ਰੀਤ ਦੇ ਇਸ ਰਸਤੇ ਉੱਤੇ ਤਦੋਂ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਟਾਂ ਕੀਤਾ ਜਾਏ ਪਰ ਕੋਈ ਝਿਜਕ ਨਹੀਂ ਕੀਤੀ ਜਾਏ। ਜਦੋਂ ਬਿਨਾ ਝਿਜਕ ਦੇ ਲੋਕ ਲਾਜ ਅਤੇ ਹਉਮੇ ਛੱਡੀ ਜਾਏ।

ਸਿੱਖ ਧਰਮ ਵਿੱਚ ਕੁਰਬਾਨੀਆਂ ਦੀ ਸੇਧ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਮਿਲੀ ਹੈ। ਸਿੰਘ ਨੇ ਧਰਮ ਅਤੇ ਲੋਕ ਭਲਾਈ ਲਈ ਲਾਸਾਨੀ ਕੁਰਬਾਨੀਆਂ ਦਿੱਤੀਆਂ ਹਨ। ਸਿੱਖ ਧਰਮ ਮੂਲ ਰੂਪ ਵਿੱਚ ਇਕ ਸਮਾਜ ਸੁਧਾਰ ਦੀ ਇਨਕਲਾਬੀ ਲਹਿਰ ਹੈ ਜਿਸ ਨੇ ਸਦਾ ਹੀ ਸਮਾਜ ਨੂੰ ਉਸਾਰੂ ਢੰਗ ਨਾਲ ਪ੍ਰਭਾਵਿਤ ਕੀਤਾ ਹੈ। ਜੋ ਹਰ ਮਨੁੱਖ ਦੀ ਪੂਰਨ ਆਜ਼ਾਦੀ ਦਾ ਸੰਕਲਪ ਦ੍ਰਿੜ੍ਹ ਕਰਵਾਉਂਦਾ ਹੈ। ਜਾਲਮ ਹਕੂਮਤਾਂ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਹਰ ਹੱਥ-ਹਰਬਾ ਵਰਤਿਆ। ਦੂਸਰੇ ਪਾਸੇ ਅੰਮ੍ਰਿਤ ਦੀ ਦਾਤ ਨੇ ਅਜਿਹਾ ਫੌਜੀ ਖ਼ਾਲਸਾ ਤਿਆਰ ਕੀਤਾ, ਜਿਸ ਨੇ ਜ਼ੁਲਮਾਂ ਦਾ ਟਾਕਰਾ ਕਰਦੇ ਹੋਏ ਮਨੁੱਖੀ ਕਦਰਾਂ ਕੀਮਤਾਂ, ਹੱਕ ਸੱਚ, ਨਿਆਂ, ਸਵੈ ਰੱਖਿਆ ਲਈ ਹੱਸ ਹੱਸ ਕੇ ਕੁਰਬਾਨੀਆਂ ਦਿੱਤੀਆਂ। ਇਤਿਹਾਸ ਦਾ ਪੰਨਾ ਪੰਨਾ ਸਿੱਖ ਸ਼ਹਾਦਤਾਂ ਦਾ ਗਵਾਹ ਹੈ, ਕਈ ਮੁਹਿੰਮਾਂ ਅਤੇ ਬਿਖੜੇ ਪੈਂਡਿਆਂ ਵਿਚੋਂ ਲੰਘ ਕੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦਾ ਖ਼ਾਲਸਾ ਰਾਜ ਸਥਾਪਤ ਹੋਇਆ। ਇੱਥੇ ਤੱਕ ਪਹੁੰਚਣ ਲਈ ਕਈ ਸਾਕੇ, ਘਲੂਘਾਰੇ ਵਾਪਰੇ, ਜਿੰਨਾਂ ਵਿੱਚ 'ਛੋਟਾ ਘੱਲੂਘਾਰਾ ' ਵੀ ਇਤਿਹਾਸ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈ। ਜੋ ਸਿੰਘਾਂ ਅਤੇ ਮੁਗਲਾਂ ਵਿਚਕਾਰ 17 ਮਈ 1746 ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਕਾਹਨੂੰਵਾਨ ਛੰਭ 'ਚ ਵਾਪਰਿਆ। ਕਾਹਨੂੰਵਾਨ ਛੰਭ ਜੋ ਗੁਰਦਾਸਪੁਰ ਤੋਂ ਮੁਕੇਰੀਆ ਜਾਂਦੀ ਸੜਕ ਉੱਤੇ 8 ਕਿਲੋਮੀਟਰ ਦੀ ਦੂਰੀ 'ਤੇ ਫ਼ੌਜੀ ਛਾਉਣੀ ਤਿੱਬਤ ਤੋਂ ਸੱਜੇ ਪਾਸੇ 4 ਕਿਲੋਮੀਟਰ 'ਤੇ ਸਥਿਤ ਹੈ। ਦੂਸਰੇ ਘਲੂਘਾਰੇ ਵੇਲੇ ਸਿੱਖਾਂ ਦਾ ਵੱਡਾ ਕਤਲਾਮ ਹੋਇਆ ਸੀ। ਇਸ ਲਈ ਉਸ ਘਲੂਘਾਰੇ ਨੂੰ ਵੱਖਰਾ ਦਰਸਾਉਣ ਲਈ ਇਸ ਘਟਨਾ ਨੂੰ 'ਛੋਟਾ ਘੱਲੂਘਾਰਾ ' ਕਿਹਾ ਜਾਂਦਾ ਹੈ।

ਪਿਛੋਕੜ ਇਤਿਹਾਸ ਵਿੱਚ ਕਿ ਅਠਾਰਵੀਂ ਸਦੀ ਦਾ ਸਮਾਂ ਭਾਰਤ ਲਈ ਤੇ ਵਿਸ਼ੇਸ਼ ਕਰਕੇ ਸਿੱਖਾਂ ਲਈ ਬੜਾ ਉਥਲ ਪੁੱਥਲ ਦਾ ਸਮਾਂ ਸੀ। ਮੁਗਲ ਸਾਮਰਾਜ ਦੀ ਅਧੋਗਤੀ ਤੇ ਅਨਿਆਂ ਕਾਰਨ ਲੋਕ ਅੰਦਰੂਨੀ ਤੌਰ 'ਤੇ ਵੀ ਪਿਸ ਰਹੇ ਸਨ। ਉਧਰੋਂ ਵਿਦੇਸ਼ੀ ਹਮਲਿਆਂ -ਨਾਦਰ ਸ਼ਾਹ ਤੇ ਅਹਿਮਦ ਸ਼ਾਹ ਦੀਆਂ ਫ਼ੌਜਾਂ ਗਿਲਜਿਆਂ ਤੇ ਰੁਹੇਲਿਆਂ ਦੇ ਜ਼ੁਲਮ ਨੇ ਸਧਾਰਣ ਜਨ ਜੀਵਨ ਨੂੰ ਬਿਪਤਾ ਵਿੱਚ ਪਾ ਰਖਿਆ ਸੀ।

ਹਿੰਦੂ ਅਹਿਲਕਾਰ ਮੁਗਲ ਹਾਕਮਾਂ ਦੇ ਪਿੱਠੂ ਸਨ। ਮੁਗਲ ਸਾਮਰਾਜ, ਵਿਦੇਸ਼ੀ ਜਰਵਾਣੇ, ਜੋ ਲੁੱਟ ਖਸੁੱਟ ਲਈ ਹਮਲੇ ਕਰਦੇ ਸਨ। ਆਪਣੀ ਹਕੂਮਤ ਕਾਇਮ ਕਰਨ ਦੇ ਆਹਰ ਵਿੱਚ ਸਨ। ਅਜਿਹੀਆਂ ਸਾਰੀਆਂ ਤਾਕਤਾਂ ਨੂੰ ਪਛਾੜ ਕੇ ਸਿੱਖ ਯੋਧਿਆਂ ਨੇ ਖ਼ਾਲਸਾ ਰਾਜ ਸਥਾਪਤ ਕੀਤਾ।

ਜਦੋਂ ਤੁਰਕਾਨੀ ਫ਼ੌਜਾਂ ਦਾ ਜੋਰ ਵੱਧ ਜਾਂਦਾ ਤਾਂ ਸਿੰਘ ਘਰ ਘਾਟ ਛੱਡ ਕੇ ਬੀਕਾਨੇਰ ਦੇ ਰੇਤਲੇ ਟਿੱਬਿਆਂ ਵਿੱਚ ਚਲੇ ਜਾਂਦੇ। ਪਹਾੜਾਂ 'ਤੇ ਚੜ ਜਾਂਦੇ, ਕਾਹਨੂੰਵਾਨ ਦੇ ਛੰਭ ਵਿੱਚ ਸਮਾਂ ਗੁਜ਼ਾਰਦੇ। ਛੰਭ ਵਧੇਰੇ ਸੁਰਖਿਅਤ ਸੀ ਕਿਉਂਕਿ ਇਸਦੇ ਸੰਘਣੇ ਬੇਲੇ ਤੇ ਤੰਗ ਰਸਤਿਆਂ ਤੋਂ ਸਿੰਘ ਚੰਗੀ ਤਰਾਂ ਜਾਣੂੰ ਸਨ। ਸਿੰਘ ਆਪਣੇ ਫ਼ੌਜੀ ਅਭਿਆਸ ਇੱਥੇ ਜਾਰੀ ਰਖਦੇ ਸਨ ।

ਸੰਨ 1746 ਵਿੱਚ ਜਦੋਂ ਸਿੰਘ ਮੁਗਲ ਹਕੂਮਤ ਦੇ ਜਬਰ ਜ਼ੁਲਮ ਦੇ ਖ਼ਿਲਾਫ਼ ਲੜ ਰਹੇ ਸਨ। ਉਸ ਸਮੇਂ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਕਲਾਨੌਰ ਦੇ ਦੋ ਖੱਤਰੀ ਭਰਾ ਜਸਪਤ ਰਾਏ ਤੇ ਲਖਪਤ ਰਾਏ ਸਨ। ਜਸਪਤ ਰਾਏ ਏਮਨਾਬਾਦ ਦਾ ਫ਼ੌਜਦਾਰ ਸੀ। ਲਖਪਤ ਰਾਏ ਲਾਹੌਰ ਦਾ ਦੀਵਾਨ। ਜਸਪਤ ਰਾਏ ਜੰਗਲਾਂ ਵਿੱਚ ਸਿੰਘਾਂ ਦਾ ਪਿੱਛਾ ਕਰਦਾ ਮਾਰਿਆ ਗਿਆ। ਲਖਪਤ ਰਾਏ ਨੇ ਇਹ ਕਸਮ ਖਾਧੀ ਕਿ ਮੈਂ ਸਿੱਖਾਂ ਦਾ ਖੁਰਾ ਖੋਜ ਮਿਟਾ ਦੇਵਾਂਗਾ। ਬੇਦੋਸੇ ਅਤੇ ਕ੍ਰਿਤ ਕਰਨ ਵਾਲੇ ਸਿੰਘਾਂ ਨੂੰ ਪਿੰਡਾਂ 'ਚੋਂ ਫੜ ਕੇ ਲਿਆਂਦਾ ਜਾਂਦਾ, ਉਹਨਾਂ ਉੱਤੇ ਦੀਨ ਕਬੂਲ ਕਰਨ ਦੀ ਸ਼ਰਤ ਰੱਖੀ ਜਾਂਦੀ, ਇਨਕਾਰ ਕਰਨ 'ਤੇ ਉਹਨਾਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਜਾਂਦਾ।

ਇਸ ਸਖ਼ਤੀ ਦੇ ਦੌਰ ਵਿੱਚ ਬਹੁਤ ਸਾਰੇ ਸਿੰਘ ਘਰ -ਘਾਟ ਛੱਡ ਕੇ ਪਹਾੜਾਂ ਨੂੰ ਚਲੇ ਗਏ। ਬਹੁਤ ਸਾਰੇ ਸਿੰਘ ਕਾਹਨੂੰਵਾਨ ਦੇ ਛੰਭ ਵਿੱਚ ਮੁਸੀਬਤ ਦਾ ਸਮਾਂ ਗੁਜਾਰਨ ਲੱਗੇ। ਲਖਪਤ ਰਾਏ ਨੇ ਲਾਹੌਰ 'ਤੇ ਚੜ੍ਹਾਈ ਕਰ ਦਿੱਤੀ। ਨਾਲ ਹੀ ਪੰਜਾਬ ਵਿਚੋਂ ਸਿੰਘਾਂ ਨੂੰ ਚੁਣ ਚੁਣ ਕੇ ਖਤਮ ਕੀਤਾ। ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ। ਹਰਿਮੰਦਰ ਸਾਹਿਬ ਅਤੇ ਸਰੋਵਰ ਦੀ ਮਰਿਆਦਾ ਭੰਗ ਕੀਤੀ। ਸਿੰਘਾਂ ਦੇ ਘਰ-ਘਾਟ ਉਜਾੜ ਦਿੱਤੇ। ਆਪਣੇ ਵੱਲੋਂ ਸਿੰਘਾਂ ਦੀ ਹੋਂਦ ਨੂੰ ਖਤਮ ਕਰ ਲਿਆ। ਉਪਰੰਤ ਬਹੁਤ ਸਾਰੀ ਫ਼ੌਜ, ਜੋ ਹਾਥੀ,ਘੋੜੇ, ਤੋਪਾਂ, ਜ਼ੰਬੂਰੇ,ਸਾਰੇ ਮਾਰੂ ਹਥਿਆਰਾਂ ਨਾਲ ਜੰਗ ਲੜਨ ਵਾਸਤੇ ਤਿਆਰ ਸੀ। ਇਸਦੇ ਨਾਲ ਹੀ ਮੁਲਤਾਨ, ਬਹਾਵਲਪੁਰ, ਕਸੂਰ, ਜਲੰਧਰ, ਲੁਧਿਆਣਾ ਦੇ ਇਲਾਕਿਆਂ ਦੇ ਮੁਖੀ ਆਪਣੀਆਂ ਫ਼ੌਜਾਂ ਲੈ ਕੇ ਪਹੁੰਚੇ। ਇਸ ਤੋਂ ਇਲਾਵਾ ਕੀੜੀ ਪਠਾਣਾ ਦੇ ਅਫ਼ਗਾਨ, ਮੁਕੇਰੀਆਂ, ਦਸੂਹਾ ਦੇ ਰੰਘੜ, ਬਟਾਲੇ ਦੇ ਸਯਅਦ ਤੇ ਹੋਰ ਝੂਠੇ ਸਰਕਾਰੀ ਹਿਮਾਇਤੀ ਵੀ ਲੱਖਪਤ ਰਾਏ ਦੀ ਕਮਾਨ ਹੇਠ ਕਾਹਨੂੰਵਾਨ ਛੰਭ ਨੂੰ ਘੇਰਾ ਪਾਈ ਬੈਠੇ ਸਨ। ਇਸ ਲਸ਼ਕਰ ਦੀ ਗਿਣਤੀ ਲੱਖਾਂ ਵਿੱਚ ਸੀ। ਇਹ ਦੁਸ਼ਮਣ ਦੀ ਸਾਰੀ ਫ਼ੌਜ 10 ਵਿੱਚ ਫੈਲੀ ਹੋਈ ਸੀ। ਦੂਸਰੇ ਪਾਸੇ ਛੰਭ ਵਿੱਚ ਘਿਰੇ ਸਿੰਘਾਂ ਦੀ ਗਿਣਤੀ 22 ਹਜ਼ਾਰ ਮੰਨੀ ਗਈ ਹੈ, ਕਿਉਂਕਿ 7000 ਸ਼ਹੀਦ ਹੋਏ ਅਤੇ 3000 ਬੰਦੀ ਬਣਾ ਲਏ ਗਏ। ਕਰੀਬ 12 ਹਜ਼ਾਰ ਸਿੰਘ ਬਚ ਕੇ ਨਿਕਲ ਗਏ ਸਨ। ਬੰਦੀ ਸਿੰਘਾਂ ਨੂੰ ਨਾਖਾਸ ਚੌਂਕ ਲਾਹੌਰ ਵਿੱਚ ਤਸੀਹੇ ਦੇ ਕੇ ਸ਼ਹੀਦੀ ਕੀਤਾ ਗਿਆ। ਸ਼ਹੀਦ ਹੋਏ ਸਿੰਘ ਜਾਂ ਤਾਂ ਜੰਗਲ ਦੀ ਅੱਗ ਵਿੱਚ ਸ਼ਹੀਦ ਹੋਏ ਜਾਂ ਦਰਿਆ ਦੀ ਮਾਰ ਹੇਠ ਆ ਗਏ।

ਸਿੰਘ ਭਾਵੇਂ ਮੁਸੀਬਤ ਦਾ ਸਮਾਂ ਗੁਜ਼ਾਰ ਰਹੇ ਸਨ, ਪਰ ਤੁਰਕਾਨੀ ਫ਼ੌਜ ਦਾ ਨੁਕਸਾਨ ਕਰਦੇ ਤੇ ਰਸਤਾਂ ਬਸਤਾਂ ਲੁੱਟ ਕੇ ਲੈ ਆਉਂਦੇ। ਸਿੰਘ 2-4 ਦੇ ਜਥਿਆਂ 'ਚ ਗੁਰੀਲਾ ਜੰਗ ਲੜਦੇ। ਸਿੰਘ ਨੇ ਸੰਸਾਰ ਦੀ ਸਭ ਤੋਂ ਲੰਬੀ ਗੁਰੀਲਾ ਜੰਗ ਲੜੀ ਹੈ। ਸਿੰਘ ਧਰਮ ਦੀ ਖਾਤਰ ਅਣਖ ਤੇ ਗੈਰਤ ਲਈ ਦੀਨ ਦੁਨੀਆਂ ਦੇ ਭਲੇ ਲਈ ਸ਼ਹੀਦ ਹੋਣ ਵਾਸਤੇ ਤਤਪਰ ਰਹਿੰਦੇ। ਹਮੇਸ਼ਾ ਜੰਗਲਾਂ ਵਿੱਚ ਰਹਿਣ ਕਰਕੇ ਸਿੰਘ ਮੁਸੀਬਤਾਂ, ਅਖਾਈਆਂ, ਕਠਨਾਈਆਂ ਤੇ ਔਕੜਾਂ ਦਾ ਮੁਕਾਬਲਾ ਕਰ ਸਕਦੇ ਸਨ। ਉਹਨਾਂ ਨੂੰ ਘਣੇ ਜੰਗਲ ਦੀਆਂ ਡੰਡੀਆਂ ਤੇ ਕੰਡਿਆਲੇ ਰਾਹਾਂ ਦਾ ਪਤਾ ਸੀ। ਤਿੰਨ - ਚਾਰ ਮਹੀਨੇ ਤਕ ਦੁਸ਼ਮਣ ਨਾਲ ਝੜਪਾਂ ਆਫਤਾ ਦਾ ਚਲਦੀਆਂ ਰਹੀਆਂ। ਲੱਖਪਤ ਰਾਏ ਦੀ ਫ਼ੌਜ ਦਾ ਕਾਫ਼ੀ ਜਾਨੀ ਨੁਕਸਾਨ ਹੋਇਆ। ਆਪਣੀ ਹਾਰ ਹੁੰਦੀ ਵੇਖ ਕੇ ਉਸਨੇ ਨੇੜਲੇ ਪਿੰਡਾਂ ਦੇ ਲੁਹਾਰ, ਤਰਖਾਣ ਮੰਗਵਾ ਕੇ ਜੰਗਲ ਨੂੰ ਕਟਵਾ ਕੇ ਚੁਫੇਰਿਓਂ ਅੱਗ ਲਾ ਦਿੱਤੀ। ਸਿੰਘ ਦੀ ਫ਼ੌਜ ਘੋਰ ਮੁਸੀਬਤ ਵਿੱਚ ਪੈ ਗਈ।

ਸਿੰਘਾਂ ਵਾਸਤੇ ਇਹ ਘੋਰ ਬਿਪਤਾ ਦਾ ਸਮਾਂ ਸੀ। ਸਿੰਘਾਂ ਦਾ ਵਧੇਰੇ ਸਮਾਂ ਜੰਗਲਾਂ ਵਿੱਚ ਟਿਕੇ ਰਹਿਣਾ ਮੁਸ਼ਕਿਲ ਸੀ। ਆਗੂ ਸਿੰਘਾਂ ਨੇ ਗੁਰਮਤਾ ਕਰਕੇ ਜੰਗਲਾਂ ਵਿਚੋਂ ਇਕ ਪਾਸੇ ਨੂੰ ਨਿਕਲ ਜਾਣਾ ਠੀਕ ਸਮਝਿਆ। ਸਿੰਘਾਂ ਕੋਲ ਨਾ ਤਾਂ ਕਾਫ਼ੀ ਰਸਤਾਂ ਬਸਤਾਂ ਸਨ। ਕਾਫ਼ੀ ਸਮਾਂ ਲੜਦੇ ਰਹਿਣ ਕਰਕੇ ਦਾਰੂ -ਸਿੱਕਾ ਵੀ ਖਤਮ ਹੋਣ 'ਤੇ ਸੀ । ਜੋ ਮੁਕਾਬਲਾ ਕਰਨ ਲਈ ਕਾਫ਼ੀ ਨਹੀਂ ਸੀ। ਜੰਗਲ ਦੀ ਅੱਗ ਵਧੇਰੇ ਮੁਸੀਬਤ ਬਣੀ। ਸਿੰਘਾਂ ਲਈ ਹੁਣ ਮੁਕਾਬਲਾ ਕਰਨਾ ਕਠਿਨ ਸੀ। ਇਸ ਲਈ ਸੈਨਾ ਦੇ ਜਥੇਦਾਰਾਂ ਨਵਾਬ ਕਪੂਰ ਸਿੰਘ, ਸ੍ਰ. ਚੜ੍ਹਤ ਸਿੰਘ, ਸ੍ਰ. ਜੱਸਾ ਸਿੰਘ ਆਹਲੂਵਾਲੀਆ, ਸ੍ਰ. ਗੁਰਦਿਆਲ ਸਿੰਘ ਡਲੇਵਾਲੀਆ, ਸ੍ਰ. ਸੁੱਖਾ ਸਿੰਘ ਮਾੜੀ ਕੰਬੋਕੀ, ਸ੍ਰ. ਸ਼ਾਮ ਸਿੰਘ , ਸ੍ਰ. ਫ਼ਤਿਹ ਸਿੰਘ ਆਦਿ ਦੀ ਅਗਵਾਈ ਹੇਠ ਛੰਭ ਵੱਲੋਂ ਪਹਾੜ ਵੱਲ ਦੀ ਬਾਹੀ ਨੂੰ ਨਿਕਲਣ ਦਾ ਮਤਾ ਪਕਾਇਆ। ਨਿਕਲਦੇ ਹੀ ਵੈਰੀ ਨਾਲ ਟੱਕਰ ਲੈਂਦਿਆਂ ਸਿੰਘ ਅਦੁੱਤੀ ਸ਼ਹੀਦੀਆਂ ਪਾਉਂਦੇ ਗਏ। ਪਠਾਨਕੋਟ ਨੇੜੇ ਪੁੱਜਦਿਆਂ ਹਿੰਦੂ ਪਹਾੜੀ ਰਾਜਿਆਂ ਨੇ ਸਿੰਘਾਂ 'ਤੇ ਹਮਲਾ ਕਰ ਦਿੱਤਾ।

ਪਿੱਛੇ ਸ਼ਾਹੀ ਸੈਨਾ ਅੱਗੇ ਅੱਗੇ ਸਿੰਘ, ਪਹਾੜੀ ਹਿੰਦੂ ਰਾਜਿਆਂ ਨੇ ਘਾਟ ਦੇ ਸਾਰੇ ਨਾਕੇ ਰੋਕ ਲਏ। ਬਿਆਸ ਦਰਿਆ ਵੀ ਠਾਠਾਂ ਮਾਰ ਰਿਹਾ ਸੀ। ਅਸਾਵੀਂ ਤੁਰਕੀ ਫ਼ੌਜ ਸਿੰਘਾਂ ਦਾ ਘਾਣ ਕਰ ਰਹੀ ਸੀ। ਜੇਠ ਹਾੜ ਦੀ ਕੜਕਦੀ ਧੁੱਪ, ਢਿੱਡ ਦੀ ਭੁੱਖ , ਸ਼ਸਤਰਾਂ ਦੀ ਅਣਹੋਂਦ, ਸਰੀਰਾਂ ਦੀ ਨਿਰਬਲਤਾ ਤੇ ਪਿੱਛੇ ਪਿੱਛ ਤੁਰਕਾਨੀ ਸੈਨਾ ਤ ਹਿੰਦੂ ਰਾਜਿਆਂ ਦੇ ਜ਼ੁਲਮ ਨੇ ਸਿੰਘਾਂ ਦੇ ਜਥਿਆਂ ਨੂੰ ਅਤਿ ਮੁਸੀਬਤ ਵਿੱਚ ਪਾ ਦਿੱਤਾ। ਹਠੀਲੇ ਸਿੰਘ ਲੜਦੇ ਭਿੜਦੇ ਹੋਏ ਦੁਸ਼ਮਣਾਂ ਤੇ ਕੁਦਰਤੀ

(ਬਾਕੀ ਸਫ਼ਾ 27 'ਤੇ)

ਅੰਬੀ ਦਿਆ ਬੂਟਿਆ.....

ਸਾਡੇ ਜੀਵਨ ਦੀ ਮਹਿਫਲ ਨੂੰ ਰੁੱਖਾਂ ਨੇ ਬਣਾਇਆ ਹੈ ਰੰਗੀਨ

ਬਲਜਿੰਦਰ ਮਾਨ

ਮਨੁੱਖੀ ਜ਼ਿੰਦਗੀ ਨੂੰ ਸ਼ਿੰਗਾਰਨ ਵਿੱਚ ਜਿੱਥੇ ਅਨੇਕਾਂ ਪ੍ਰਕਾਰ ਦੇ ਸਾਧਨ ਹਿੱਸਾ ਪਾਉਂਦੇ ਹਨ ਉੱਥੇ ਰੁੱਖ ਵੀ ਇਸ ਜੀਵਨ ਨੂੰ ਚਿਰੰਜੀਵ ਅਤੇ ਮਨਮੋਹਕ ਬਣਾਉਣ ਵਿੱਚ ਪਿੱਛੇ ਨਹੀਂ ਰਹਿੰਦੇ। ਆਮ ਮਨੁੱਖ ਦੀ ਗੱਲ ਤਾਂ ਇੱਕ ਪਾਸੇ ਰਹੀ ਸਗੋਂ ਮਹਾਪੁਰਖਾਂ ਨੇ ਤਾਂ ਕੁਦਰਤ ਦੀ ਗੋਦੀ ਵਿੱਚ ਬੈਠ ਕੇ ਅਲਾਹੀ ਆਨੰਦ ਹਾਸਿਲ ਕੀਤਾ। ਇੱਥੋਂ ਤੱਕ ਕਿ ਵਿਸ਼ਵ ਪ੍ਰਸਿੱਧ ਕਵੀ ਵਿਲੀਅਮ ਵਰਡਜ਼ਵਰਥ ਨੇ ਆਪਣੀਆਂ ਰਚਨਾਵਾਂ ਵਿੱਚ ਰੁੱਖਾਂ ਨੂੰ ਅਹਿਮ ਸਥਾਨ ਦਿੱਤਾ ਹੈ। ਭਾਰਤ ਦੇ ਪਹਿਲੇ ਨੋਬੇਲ ਪੁਰਸਕਾਰ ਜੇਤੂ ਕਵੀ ਰਬਿੰਦਰ ਨਾਥ ਟੈਗੋਰ ਨੇ ਵੀ ਸ਼ਾਂਤੀ ਨਿਕੇਤਨ ਬਣਾ ਕੇ ਜਸ ਖੱਟਿਆ। ਭਗਵਾਨ ਕ੍ਰਿਸ਼ਨ ਨੇ ਆਪਣੀ ਬੰਸਰੀ ਦਾ ਸੁਰ ਜਦੋਂ ਦਰੱਖਤਾਂ 'ਤੇ ਬਹਿ ਕੇ ਛੇੜਿਆ ਤਾਂ ਗੋਪੀਆਂ ਨੇ ਤਾਂ ਮੰਤਰ-ਮੁਗਧ ਹੋਣਾ ਹੀ ਸੀ ਸਗੋਂ ਕੁਦਰਤ ਰਾਣੀ ਵੀ ਆਪਣਾ ਸ਼ੋਰ-ਸ਼ਰਾਬਾ ਬੰਦ ਕਰਕੇ ਸੁਰੀਲੀ ਆਵਾਜ਼ ਵਿੱਚ ਲੀਨ ਹੋ ਗਈ।

ਇੱਥੇ ਹੀ ਬਸ ਨਹੀਂ ਸਗੋਂ ਰਿਗਵੇਦ, ਜੋ ਪੰਜਾਬ ਦੀ ਧਰਤੀ 'ਤੇ ਰਚਿਆ ਗਿਆ, ਉਸ ਵਿੱਚ ਵੀ ਰੁੱਖਾਂ ਬਾਰੇ ਵਰਣਨ ਮਿਲਦਾ ਹੈ। ਦੇਵੀ-ਦੇਵਤੇ ਵੀ ਰੁੱਖਾਂ ਨੂੰ ਪਿਆਰਨ ਤੋਂ ਪਿੱਛੇ ਨਹੀਂ ਰਹੇ। ਲੱਛਮੀ ਨੂੰ ਕਚਨਾਰ ਦੇ ਫੁੱਲਾਂ ਨਾਲ ਡਾਢਾ ਪ੍ਰੇਮ ਸੀ। ਮਹਾਤਮਾ ਬੁੱਧ ਨੇ ਅਧਿਆਤਮਕ ਗਿਆਨ ਬੋਹੜ ਦੇ ਰੁੱਖ ਹੇਠਾਂ ਬਹਿ ਕੇ ਹਾਸਿਲ ਕੀਤਾ।

ਪੂਰੀ ਦੁਨੀਆਂ ਵਿੱਚ ਦਰੱਖਤਾਂ ਦੀ ਵੰਨ-ਸੁਵੰਨਤਾ ਦਾ ਕੋਈ ਅੰਤ ਨਹੀਂ। ਮੈਕਸਿਕੋ ਵਿੱਚ 48 ਮੀਟਰ ਫੇਰ ਦੇ ਮੋਟੇ ਅਤੇ 105 ਮੀਟਰ ਤੱਕ ਉੱਚੇ ਰੁੱਖ ਮਿਲਦੇ ਹਨ। ਕਈਆਂ ਦੇ ਤਨਿਆਂ ਵਿੱਚ ਸੜਕਾਂ ਬਣਾਈਆਂ ਗਈਆਂ ਹਨ। ਸ੍ਰੀਲੰਕਾ ਵਿੱਚ ਮਹਾਰਾਜਾ ਅਸ਼ੋਕ ਦੀ ਭੈਣ ਹੱਥੀਂ ਲੱਗਿਆ ਰੁੱਖ ਅੱਜ ਵੀ ਮੌਜੂਦ ਹੈ। ਪਾਕਿਸਤਾਨ ਵਿਚਲੀ ਛਾਂਗਾ-ਮਾਗਾ ਟਾਹਲੀ ਆਪਣੀ ਪੱਕੀ ਲੱਕੜ ਲਈ ਵਿਸ਼ਵ ਪ੍ਰਸਿੱਧ ਹੈ। ਸੁਨਾਮ ਤੇ ਸਨੌਰ ਦੀਆਂ ਬੇਰੀਆਂ ਦੇ ਬੇਰਾਂ ਦਾ ਸਵਾਦ ਵੀ ਵੱਖਰਾ ਹੈ।

ਮੈਂ ਬੇਰੀਆਂ ਦੇ ਟਾਹਣ ਹਿਲਾਵਾਂ
ਪੱਕੇ-ਪੱਕੇ ਬੇਰ ਚੁਗ ਲੈ।

ਰੁੱਖਾਂ ਨੇ ਸਾਡੇ ਜੀਵਨ ਦੀ ਇਸ ਮਹਿਫਲ ਨੂੰ ਰੰਗੀਨ ਬਣਾਇਆ ਹੈ। ਪਿਆਰ ਜਿਸ ਤੋਂ ਬਗੈਰ ਇਹ ਜ਼ਿੰਦਗੀ ਅਧੂਰੀ ਹੈ ਦਾ ਪਹਿਲਾਂ ਜ਼ਿਕਰ ਕਰੀਏ ਤਾਂ ਚੰਗਾ ਹੈ। ਅੰਬ ਦਾ ਬੂਟਾ ਜੋ ਕਿਸੇ ਦੇ ਪਿਆਰ ਦੀ ਗਵਾਹੀ ਭਰਦਾ ਹੈ ਤਾਂ ਔਰਤ ਆਪਣੀ ਜਵਾਨੀ ਦੀਆਂ ਰੰਗਲੀਆਂ ਯਾਦਾਂ ਨੂੰ ਯਾਦ ਕਰਕੇ ਆਖਦੀ ਹੈ:

ਅੰਬੀ ਦਿਆ ਬੂਟਿਆ
ਕਦੇ ਤੇਰੇ ਥੱਲੇ ਬਹਿ ਕੇ
ਮੈਂ ਤੇ ਮਾਹੀ ਕੀਤਾ ਸੀ ਪਿਆਰ।

ਅੰਬਾਂ ਦੇ ਰੁੱਖਾਂ ਨੂੰ ਜਦੋਂ ਬੂਰ ਪੈਂਦਾ ਹੈ ਤਾਂ ਕੋਇਲ ਵੀ ਆਪਣੀ ਸੁਰੀਲੀ ਆਵਾਜ਼ ਨਾਲ ਟੂੰ-ਹੂੰ, ਟੂੰ-ਹੂੰ ਦਾ ਨਾਅਰਾ ਬੁਲੰਦ ਕਰਦੀ ਹੈ। ਪਰ ਮੁਟਿਆਰ ਨੂੰ ਇਹੀ ਆਵਾਜ਼ ਜੋ ਕਿਸੇ ਸਮੇਂ ਪਿਆਰੀ-ਪਿਆਰੀ ਲੱਗਦੀ ਸੀ, ਅੱਜ ਚੁਭਦੀ ਹੋਈ ਪ੍ਰਤੀਤ ਹੁੰਦੀ ਹੈ ਕਿਉਂਕਿ ਵਿਛੋੜੇ ਵਿੱਚ ਜੀਵਨ ਗੁਜ਼ਾਰਨਾ ਦੁੱਭਰ ਹੋ ਜਾਂਦਾ ਹੈ:

ਤੇਰੇ ਉੱਤੇ ਆਣ ਜਦੋਂ ਕੋਇਲ ਕੋਈ ਬੋਲਦੀ ਏ
ਮੈਥੋਂ ਹੁੰਦੇ ਨਹੀਓਂ ਬੋਲ ਉਹ ਸਹਾਰ।

ਪੰਜਾਬੀ ਲੋਕ ਬੋਲੀਆਂ ਵਿੱਚ ਕਿੱਕਰ, ਟਾਹਲੀ, ਪਿੱਪਲ, ਬੋਹੜ, ਅੰਬ, ਸ਼ਰੀਂਹ, ਤੂਤ, ਕਰੀਰ, ਬੇਰੀ, ਨਿੰਮ ਅਤੇ ਜੰਡ ਆਦਿ ਰੁੱਖਾਂ ਨੂੰ ਵਿਸ਼ੇਸ਼ ਥਾਂ ਹਾਸਿਲ ਹੈ। ਜਵਾਨੀ ਦੇ ਜੋਸ਼ ਦਾ ਅਥਾਹ ਭੰਡਾਰ ਸਾਉਣ ਮਹੀਨੇ ਦੀ ਉਡੀਕ ਤੀਬਰ ਇੱਛਾ ਨਾਲ ਕਰਦਾ ਹੈ ਤਾਂ ਕਿ ਉਹ ਆਪਣੇ ਜਜ਼ਬਿਆਂ ਦਾ ਇਜ਼ਹਾਰ ਕਰ ਸਕੇ:

ਪਿੱਪਲੀ ਦੇ ਟਾਹਣ ਹਿੱਲ ਗਏ
ਜਦੋਂ ਪੀਂਘ ਜੱਟੀ ਨੇ ਚੜ੍ਹਾਈ
ਪੱਤਿਆਂ ਨੂੰ ਰੂਪ ਚੜ੍ਹ ਗਏ
ਜੱਟੀ ਲਾ ਕੇ ਜਿਨ੍ਹਾਂ ਨੂੰ ਹੱਥ ਆਈ।

***

ਸੱਜਣਾਂ ਦੇ ਵਿਹੜੇ ਦੀ
ਕੌੜੀ ਨਿੰਮ ਨੂੰ ਪਤਾਸੇ ਲੱਗਦੇ।

ਸਾਉਣ ਦੇ ਮਹੀਨੇ ਵਿੱਚ ਲੜਕੀਆਂ, ਔਰਤਾਂ ਅਤੇ ਬੁੱਢੀਆਂ ਦੇ ਪਿਆਰ ਦਾ ਸਮੁੰਦਰ ਸਭ ਹੱਦਾਂ-ਬੰਨੇ ਟੱਪਣ ਲੱਗਦਾ ਹੈ। ਫਿਰ ਪੀਂਘ ਦੇ ਹੁਲਾਰੇ ਨਾਲ ਮੁਟਿਆਰ ਦਾ ਮਨ ਤਾਂ ਹਲੂਣਾ ਖਾਂਦਾ ਹੀ ਹੈ ਪਰ ਪਿੱਪਲ ਆਪਣੀ ਬੁੱਕਲ ਵਿੱਚ ਸਜ-ਵਿਆਹੀਆਂ ਅਤੇ ਜਵਾਨੀ ਦੀ ਦਹਿਲੀਜ਼ 'ਤੇ ਦਸਤਕ ਦਿੰਦੀਆਂ ਮੁਟਿਆਰਾਂ ਦੇਖ ਕੇ ਕਹਿ ਉੱਠਦਾ ਹੈ:

ਧੰਨ ਭਾਗ ਮੇਰੇ ਪਿੱਪਲ ਆਖੇ
ਸਾਉਣ ਵਿੱਚ ਕੁੜੀਆਂ ਪੀਂਘਾਂ ਪਾਈਆਂ।

ਰੁੱਖਾਂ ਨਾਲ ਆਦਮੀ ਦਾ ਰਿਸ਼ਤਾ ਬਹੁਤ ਨੇੜਲਾ ਹੈ ਕਿਉਂਕਿ ਰੁੱਖ ਤੇ ਮਨੁੱਖ ਦੀ ਸਾਂਝ ਸਦੀਆਂ ਪੁਰਾਣੀ ਹੈ। ਜਿੱਥੇ ਇਹ ਮਨੁੱਖੀ ਜੀਵਨ ਦੀ ਬਿਹਤਰੀ ਵਾਸਤੇ ਹਵਾ, ਲੱਕੜੀ, ਰਸ, ਫ਼ਲ, ਦਵਾਈ, ਰੰਗ ਰੋਗਨ ਅਤੇ ਪਾਣੀ ਆਦਿ ਦਾ ਪ੍ਰਬੰਧ ਕਰਦੇ ਹਨ, ਉੱਥੇ ਇਹ ਉਸ ਦੀਆਂ ਪੀੜਾਂ ਦੇ ਭਾਈਵਾਲ ਬਣਦੇ ਹੋਏ ਅਨੇਕਾਂ ਲੋੜਾਂ ਦੀ ਪੂਰਤੀ ਕਰਦੇ ਹਨ। ਜਦੋਂ ਮਿਰਜ਼ਾ ਜੰਡ ਦੇ ਹੇਠਾਂ ਮਾਰਿਆ ਜਾਂਦਾ ਹੈ ਤਾਂ ਜੰਡ ਦੇ ਪੱਤੇ ਅੱਥਰੂ ਕੇਰਦੇ ਨੇ:

ਖਰਲਾਂ ਦਾ ਜੱਟ ਮਾਰਿਆ ਅੱਜ ਹੇਠਾਂ ਮੇਰੇ।
ਪੱਤਰਾਂ ਮੇਰੇ ਕੋਮਲਾਂ ਕਈ ਅੱਥਰੂ ਕੇਰੇ।

ਅਨੇਕਾਂ ਲੋੜਾਂ ਦੀ ਪੂਰਤੀ ਕਰਨ ਵਿੱਚ ਇਨ੍ਹਾਂ ਦੀ ਭੂਮਿਕਾ ਕਾਬਲੇ ਗੌਰ ਹੈ। ਸੱਕ, ਦੁੱਧ, ਰਬੜ ਅਤੇ ਕਈ ਦਵਾਈਆਂ ਵਿੱਚ ਵਰਤੇ ਜਾਣ ਵਾਲੇ ਪਦਾਰਥ ਇਨ੍ਹਾਂ ਤੋਂ ਸਾਨੂੰ ਮੁਫ਼ਤ ਮਿਲਦੇ ਹਨ। ਇਸੇ ਤਰ੍ਹਾਂ ਔਰਤ ਦੀ ਨਿਗ ?ਹਾ ਵੀ ਆਪਣੀ ਰੀਝ ਪੂਰੀ ਕਰਨ ਲਈ ਇਨ੍ਹਾਂ 'ਤੇ ਹੀ ਲੱਗੀ ਹੋਈ ਹੈ। ਉਹ ਪਤੀ ਨੂੰ ਫਰਮਾਇਸ਼ ਕਰਦੀ ਹੈ:

ਬੰਨੀ ਵਾਲਾ ਜੰਡ ਵੇਚ ਕੇ
ਮੈਨੂੰ 'ਕੱਲੀ ਨੂੰ ਪਵਾ ਦੇ ਚੁਬਾਰਾ।

ਜਾਮਣੂੰ ਅਤੇ ਖਜ਼ੂਰ ਦੀ ਮਿਠਾਸ ਵੀ ਔਰਤ ਦੇ ਮਨ ਬਹਿਲਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਦੀ। ਇੱਕ ਹਾਸੇ ਦੀ ਫੁਹਾਰ ਛੱਡਦੀ ਹੋਈ ਬੋਲੀ ਦਾ ਰਸ ਚੱਖੀਏ:

ਬੂਹੇ ਅੱਗੇ ਜਾਮਣੂੰ ਮੈਂ ਰੋਜ਼ ਤੋੜ-ਤੋੜ ਖਾਨੀ ਆਂ।
ਧੰਨ ਮੇਰਾ ਪਿੰਡਾ ਨੀਂ ਮੈਂ ਰੋਜ਼ ਮਾਰ ਖਾਨੀ ਆਂ।

ਲੜਕੀ ਦਾ ਬਾਬਲ ਦੇ ਵਿਹੜੇ ਵਿਚਲੇ ਰੁੱਖਾਂ ਨਾਲ ਵੀ ਇੱਕ ਰਿਸ਼ਤਾ ਨਾਤਾ ਹੁੰਦਾ ਹੈ। ਉਨ੍ਹਾਂ ਦੀ ਛਾਂ ਵਿੱਚੋਂ ਮਾਪਿਆਂ ਵਾਲਾ ਨਿੱਘ ਮਿਲਦਾ ਹੈ:

ਬਾਬੇ ਵਿਹੜੇ ਜੀ ਪੀਂਘ ਝੂਟੀਏ।
ਬਾਬਲ ਵਿਹੜੇ ਜੀ ਛਾਵਾਂ ਮਾਣੀਏ।

ਮਾਰੂਥਲ ਦੀਆਂ ਤੱਤੀਆਂ ਹਵਾਵਾਂ ਨੂੰ ਝੱਲਦਾ ਇੱਕ ਰੁੱਖ ਵੀ ਇਨਸਾਨੀ ਜੀਵਨ ਵਾਂਗ ਸਾਥ ਨੂੰ ਲੋਚਦਾ ਹੈ:

'ਕੱਲੀ ਹੋਏ ਨਾ ਵਣਾਂ ਦੇ ਵਿੱਚ ਲੱਕੜੀ
'ਕੱਲਾ ਨਾ ਹੋਵੇ ਪੁੱਤ ਜੱਟ ਦਾ।

ਪੰਜਾਬੀ ਦਾ ਆਧੁਨਿਕ ਕਵੀ ਸ਼ਿਵ ਕੁਮਾਰ ਰੁੱਖਾਂ ਦੇ ਗਲ ਲੱਗ ਰੋਇਆ। ਪ੍ਰੋ. ਮੋਹਣ ਸਿੰਘ ਅਤੇ ਪੂਰਨ ਸਿੰਘ ਨੇ ਵੀ ਰੁੱਖਾਂ ਨੂੰ ਬਹੁਤ ਪਿਆਰਿਆ ਤੇ ਸਤਿਕਾਰਿਆ ਹੈ। ਮੋਹਣ ਸਿੰਘ ਦਾ 'ਅੰਬੀ ਦਾ ਬੂਟਾ' ਅਤੇ ਪ੍ਰੋ. ਪੂਰਨ ਸਿੰਘ ਦੀਆਂ ਇਹ ਸਤਰਾਂ ਅਮਰ ਨੇ:

ਜੀਣ ਤੇਰੇ ਪਿੱਪਲ ਤੇ ਅੰਬ ਪਿਆਰੇ।

ਜੇਕਰ ਅਜੋਕੇ ਸੰਦਰਭ ਵਿੱਚ ਵਾਚੀਏ ਤਾਂ ਸਥਿਤੀ ਬੜੀ ਨਾਜ਼ਕ ਹੁੰਦੀ ਜਾ ਰਹੀ ਹੈ। ਵਧਦੀ ਹੋਈ ਆਬਾਦੀ ਬਾਗ਼ਾਂ ਦੇ ਬਾਗ਼ ਹੜੱਪ ਕਰੀ ਗਈ ਹੈ। ਵਿਕਾਸ ਦੇ ਨਾਮ 'ਤੇ ਸਰਕਾਰਾਂ ਨੇ ਲੱਖਾਂ ਰੁੱਖਾਂ ਦਾ ਵਿਨਾਸ਼ ਕਰ ਦਿੱਤਾ ਹੈ। ਵਾਤਾਵਰਨ ਵਿਗਿਆਨੀਆਂ ਨੂੰ ਡਰ ਹੈ ਕਿ ਮਨੁੱਖੀ ਜੀਵਨ ਇਨ੍ਹਾਂ ਤੋਂ ਬਗੈਰ ਖ਼ਤਰੇ ਵਿੱਚ ਪੈ ਚੁੱਕਾ ਹੈ। ਸ਼ੁੱਧ ਹਵਾ ਦੀ ਕਮੀ ਕਾਰਨ ਅਸੀਂ ਕਈ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਾਂ। ਇਨ੍ਹਾਂ ਦੇ ਆਸਰੇ ਮਨੁੱਖ ਦੀ ਭੁੱਖ ਮਿਟਾਉਣ ਵਾਲੇ ਹਜ਼ਾਰਾਂ ਜੰਗਲੀ ਜੀਵ ਆਪਣਾ ਜੀਵਨ ਬਸਰ ਕਰਦੇ ਹਨ।

ਇੱਥੇ ਇਹ ਕਹਿਣਾ ਵੀ ਅਣਉਚਿਤ ਨਹੀਂ ਕਿ ਮਨੁੱਖ ਰੁੱਖਾਂ ਦੀ ਕਟਾਈ ਨਾਲ ਆਪਣੀ ਉਮਰ ਛੋਟੀ ਕਰ ਰਿਹਾ ਹੈ ਤੇ ਰੋਗਾਂ ਦਾ ਸ਼ਿਕਾਰ ਹੋ ਰਿਹਾ ਹੈ। ਅੱਜ ਲੋੜ ਹੈ ਸਾਡੇ ਜੀਵਨ ਰੂਪੀ ਬੇੜੇ ਦੇ ਚੱਪੂਆਂ (ਰੁੱਖ) ਦੀ ਰੱਖਿਆ ਲਈ ਜੰਗੀ ਪੱਧਰ 'ਤੇ ਮੁਹਿੰਮ ਛੇੜੀ ਜਾਵੇ। ਹੁਣ ਇਹ ਬੋਲੀਆਂ ਅਤੇ ਲੋਕ ਗੀਤ ਬੀਤੇ ਦੀਆਂ ਬਾਤਾਂ ਬਣ ਚੁੱਕੇ ਹਨ। ਕਵੀ ਦੀਆਂ ਇਹ ਤੁਕਾਂ ਤਲਖ ਹਕੀਕਤਾਂ ਨੂੰ ਸਮੋਈ ਬੈਠੀਆਂ ਨੇ:

* ਕੁਝ ਰੁੱਖ ਯਾਰਾਂ ਵਰਗੇ ਲੱਗਦੇ
ਅਤੇ ਕੁਝ ਰੁੱਖ ਵਾਂਗ ਭਰਾਵਾਂ।

* ਸੁੱਕ ਗਿਆ ਚੰਨਣ ਦਾ ਬੂਟਾ
ਤੇਰੇ ਪਿੱਛੇ ਨੀਂ ਸੋਹਣੀਏ।

* ਪਿੱਪਲਾਂ 'ਤੇ ਆਈਆਂ ਬਹਾਰਾਂ
ਬੋਹੜਾਂ ਨੂੰ ਲੱਗੀਆਂ ਗੋਹਲਾਂ।
ਵੇ ਛੱਡ ਕੇ ਨਾ ਜਾਵੀਂ ਮਿੱਤਰਾ
ਦਿਲ ਦੇ ਬੋਲ ਮੈਂ ਬੋਲਾਂ।

ਗੁਆਚਦਾ ਸਾਡਾ ਵਿਰਸਾ ਅਤੇ ਰਿਸ਼ਤਿਆਂ ਦਾ ਨਿੱਘ

ਹਰਜਸਪ੍ਰੀਤ ਕੌਰ

ਸਮਾਂ ਇੱਕ ਅਜਿਹਾ ਦਰਿਆ ਹੈ ਜੋ ਨਿਰੰਤਰ ਵਹਿੰਦਾ ਰਹਿੰਦਾ ਹੈ ਅਤੇ ਆਪਣੇ ਵਹਾਅ ਨਾਲ ਮਨੁੱਖੀ ਸਮਾਜ ਦੀ ਨੁਹਾਰ ਬਦਲਦਾ ਹੈ। ਜਦੋਂ ਅਸੀਂ ਪੁਰਾਣੇ ਅਤੇ ਅਜੋਕੇ ਦੌਰ ਦੇ ਦ੍ਰਿਸ਼ਾਂ ਦੀ ਗੱਲ ਕਰੀਏ ਤਾਂ ਇਹ ਮਹਿਸੂਸ ਹੁੰਦਾ ਹੈ ਕਿ ਅਸੀਂ ਸਿਰਫ ਸਮਾਂ ਹੀ ਨਹੀਂ ਬਲਕਿ ਆਪਣੀਆਂ ਕਦਰਾਂ-ਕੀਮਤਾਂ ਨੂੰ ਪਿੱਛੇ ਛੱਡ ਆਏ ਹਾਂ। ਉਨ੍ਹਾਂ ਸਮਿਆਂ ਦੀਆਂ ਗੱਲਾਂ ਸਿਰਫ਼ ਯਾਦਾਂ ਦੇ ਪੰਨੇ ਹੀ ਨਹੀਂ, ਸਾਡੀ ਰੂਹ ਦਾ ਉਹ ਹਿੱਸਾ ਹਨ ਜਿਸ ਨੂੰ ਸਮਾਂ ਚਾਹੇ ਕਿੰਨਾ ਵੀ ਬਦਲ ਜਾਵੇ, ਕਦੇ ਮਿਟਾ ਨਹੀਂ ਸਕਦਾ। ਕਦੇ-ਕਦੇ ਜਦੋਂ ਆਪਣੇ ਬਜ਼ੁਰਗਾਂ ਦੀਆਂ ਗੱਲਾਂ ਯਾਦ ਕਰੀਏ ਤਾਂ ਅਕਸਰ ਉਹ ਕਹਿੰਦੇ ਸਨ ਕਿ ਸਾਡਾ ਸਮਾਂ ਤਾਂ ਕੁਝ ਹੋਰ ਹੀ ਸੀ, ਅਜਿਹਾ ਕਿ ਹੁਣ ਮੁੜ ਕੇਨਹੀਂ ਆਉਣਾ। ਓਦੋਂ ਲੋਕਾਂ ਦੀਆਂ ਕਮਾਈਆਂ ਘੱਟ ਪਰ ਦਿਲ ਖੁੱਲ੍ਹੇ ਹੁੰਦੇ ਸੀ ਅਤੇ ਰਿਸ਼ਤੇ ਬਣਾਉਟੀ ਨਹੀਂ ਸਗੋਂ ਅਸਲੀ ਹੁੰਦੇ ਸੀ। ਬਜ਼ੁਰਗਾਂ ਦੇ ਇਸ ਕਥਨ ਪਿੱਛੇ ਲੁਕਿਆ ਸੱਚ ਬਹੁਤ ਡੂੰਘਾ ਅਤੇ ਭਾਵੁਕ ਹੈ।

ਸੱਚ ਕਿਹਾ ਜਾਂਦਾ ਹੈ ਕਿ ਉਹ ਸਮਾਂ ਬਹੁਤ ਚੰਗਾ ਸੀ ਜਦੋਂ ਰਿਸ਼ਤੇ ਸੱਚਮੁੱਚ ਰੂਹਾਂ ਦੇ ਮੇਲ ਹੁੰਦੇ ਸਨ ਉਹ ਰਿਸ਼ਤੇ ਸਿਰਫ ਖ਼ੂਨ ਦੇ ਹੀ ਨਹੀਂ ਸਗੋਂ ਭਰੋਸੇ ਦੀ ਮਜ਼ਬੂਤ ਨੀਂਹ 'ਤੇ ਖੜ੍ਹੇ ਹੁੰਦੇ ਸਨ ਜਿਨ੍ਹਾਂ ਦਾ ਟੁੱਟਣਾ ਏਨਾ ਸੌਖਾ ਨਹੀਂ ਸੀ। ਸਾਂਝੇ ਪਰਿਵਾਰਾਂ ਦੀ ਨਿੱਘ, ਭਾਈਚਾਰਕ ਸਾਂਝ ਅਤੇ ਹਰ ਦੁੱਖ-ਸੁੱਖ ਵਿਚ ਇਕ-ਦੂਜੇ ਦਾ ਸਾਥ ਦੇਣਾ, ਇਹ ਸਭ ਸਾਡੇ ਸਮਾਜ ਦਾ ਅਨਿੱਖੜਵਾਂ ਅੰਗ ਸੀ ।ਦਾਦਾ-ਦਾਦੀ, ਚਾਚੇ-ਤਾਏ ਤੇ ਉਨ੍ਹਾਂ ਦੇ ਪਰਿਵਾਰ ਇਕ ਛੱਤ ਹੇਠਾਂ ਬਹੁਤ ਪਿਆਰ ਨਾਲ ਰਹਿੰਦੇ ਸਨ ਅਤੇ ਇਸ ਮਾਹੌਲ ਨੇ ਲੋਕਾਂ ਨੂੰ ਮਾਨਸਿਕ ਤੌਰ 'ਤੇ ਸੰਤੁਸ਼ਟ ਅਤੇ ਸੁਰੱਖਿਅਤ ਰੱਖਿਆ ਸੀ। ਇਹ ਸਭ ਤਾਂ ਹੀ ਮੁਮਕਿਨ ਸੀ ਕਿਉਂਕਿ ਲੋਕਾਂ ਦੀਆਂ ਲੋੜਾਂ ਸੀਮਤ ਸਨ ਅਤੇ ਪਿਆਰ ਬੇਸ਼ੁਮਾਰ ਸੀ। ਰਿਸ਼ਤੇਦਾਰਾਂ ਤੋਂ ਪਹਿਲਾਂ ਹਰ ਦੁੱਖ-ਸੁੱਖ 'ਚ ਗੁਆਂਢੀ ਪਹੁੰਚ ਜਾਂਦੇ ਸਨ ਕਿਉਂਕਿ ਉਨ੍ਹਾਂ ਨੂੰ ਵੀ ਪਰਿਵਾਰ ਹੀ ਮੰਨਿਆ ਜਾਂਦਾ ਸੀ। ਇਹ ਸਾਡਾ ਸੱਭਿਆਚਾਰ ਸੀ ਜੋ ਹੁਣ ਗੁਆਚਦਾ ਜਾਪਦਾ ਹੈ।

ਅੱਜ ਸੱਭਿਆਚਾਰ ਦੀ ਪਰਿਭਾਸ਼ਾ ਨੂੰ ਆਧੁਨਿਕ ਯੁੱਗ ਨੇ ਵਿਅਕਤੀਵਾਦ ਦਾ ਨਾਂਅ ਦੇ ਦਿੱਤਾ ਹੈ ਜਿਸ ਨੇ ਸਾਨੂੰ 'ਮੈਂ' ਦੇ ਘੇਰੇ ਵਿੱਚ ਸੀਮਤ ਕਰ ਦਿੱਤਾ ਹੈ। ਹਰੇਕ ਇਨਸਾਨ, ਚਾਹੇ ਉਹ ਛੋਟਾ ਬੱਚਾ ਹੋਵੇ ਜਾਂ ਸਿਆਣਾ, ਸਭ ਨੂੰ ਇਕੱਲੇ ਰਹਿਣਾ ਜ਼ਿਆਦਾ ਚੰਗਾ ਲਗਦਾ ਹੈ ਜਿਸ ਨਾਲ ਸਾਂਝੇ ਪਰਿਵਾਰਾਂ ਨੇ ਛੋਟੇ ਪਰਿਵਾਰਾਂ ਦਾ ਰੂਪ ਧਾਰ ਲਿਆ ਹੈ। ਸੱਭਿਆਚਾਰ ਦਾ ਮਤਲਬ ਹੁਣ ਬਹੁਤ ਸਾਰੇ ਲੋਕਾਂ ਲਈ ਸਿਰਫ਼ ਫੈਸ਼ਨ ਅਤੇ ਸੋਸ਼ਲ ਮੀਡੀਆ 'ਤੇ 'ਟਰੈਂਡ' ਬਣ ਕੇ ਰਹਿ ਗਿਆ ਹੈ। ਆਧੁਨਿਕਤਾ ਅਤੇ ਪੱਛਮੀ ਪ੍ਰਭਾਵਾਂ ਦੀ ਦੌੜ ਨੇ ਸਾਨੂੰ ਪਦਾਰਥਵਾਦ ਵੱਲ ਧੱਕ ਦਿੱਤਾ ਹੈ ਜਿਸ ਨਾਲ ਮਨੁੱਖੀ ਰਿਸ਼ਤੇ ਹੁਣ ਡਿਜੀਟਲ ਹੋ ਗਏ ਹਨ ।ਫੋਨ 'ਤੇ ਅਸੀਂ ਹਜ਼ਾਰਾਂ ਫੇਸਬੁੱਕ ਜਾਂ ਇੰਸਟਾਗ੍ਰਾਮ ਫਰੈਂਡਸ ਬਣਾਉਂਦੇ ਹਾਂ ਪਰ ਅਸਲ ਜ਼ਿੰਦਗੀ ਵਿੱਚ ਸਾਡੇ ਕੋਲ ਇੱਕ ਵੀ ਦੋਸਤ ਨਹੀਂ। ਤਕਨਾਲੋਜੀ ਨੇ ਭੂਗੋਲਿਕ ਦੂਰੀ ਤਾਂ ਮਿਟਾ ਦਿੱਤੀ ਪਰੰਤੂ ਮਾਨਸਿਕ ਦੂਰੀ ਕਈ ਗੁਣਾ ਵਧਾ ਦਿੱਤੀ ਹੈ। ਅਸੀਂ ਹੁਣ ਪੁਰਾਣੀਆਂ ਇਮਾਰਤਾਂ ਢਾਹ ਕੇ ਨਵੀਆਂ ਉਸਾਰ ਲਈਆਂ ਪਰ ਉਨ੍ਹਾਂ ਨਾਲ ਜੁੜੀਆਂ ਯਾਦਾਂ ਅਤੇ ਵਿਰਾਸਤ ਨੂੰ ਵੀ ਅਣਜਾਣੇ ਵਿੱਚ ਮਿਟਾ ਦਿੱਤਾ। ਨਵੀਆਂ ਇਮਾਰਤਾਂ ਕਦੇ ਵੀ ਪੁਰਾਣੀਆਂ ਇਮਾਰਤਾਂ ਦੀ ਬਣਤਰ, ਕਲਾ ਤੇ ਉਨ੍ਹਾਂ ਨਾਲ ਜੁੜੀਆਂ ਭਾਵਨਾਵਾਂ ਦਾ ਮੁਕਾਬਲਾ ਨਹੀਂ ਕਰ ਸਕਦੀਆਂ ।ਪੁਰਾਣੇ ਸਮੇਂ ਦੇ ਲੋਕ ਭਾਵੇਂ ਘੱਟ ਪੜ੍ਹੇ-ਲਿਖੇ ਹੁੰਦੇ ਸਨ ਪਰ ਜ਼ਿੰਦਗੀ ਦੀਆਂ ਬਾਰੀਕੀਆਂ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੇ ਸਨ। ਉਨ੍ਹਾਂ ਵਿੱਚ ਸਬਰ ਅਤੇ ਸੰਤੋਖ ਸੀ ਪਰ ਅੱਜ ਦੇ ਤਾਂ ਬੱਚੇ ਵੀ ਮਾਤਾ-ਪਿਤਾ ਦੀ ਇੱਕ ਝਿੜਕ ਨਹੀਂ ਸਹਿੰਦੇ। ਇਸ ਤੋਂ ਪਤਾ ਲਗਦਾ ਹੈ ਕਿ ਅੱਜ ਅਸੀਂ ਜਿੰਨੀ ਮਰਜ਼ੀ ਸਿੱਖਿਆ ਪ੍ਰਾਪਤ ਕਰ ਲਈ ਪਰ ਫਿਰ ਵੀ ਅਸੀਂ ਸਬਰ ਅਤੇ ਸ਼ਾਂਤੀ ਗੁਆ ਚੁੱਕੇ ਹਾਂ। ਸੋਸ਼ਲ ਮੀਡੀਆ 'ਤੇ ਖੁਸ਼ਹਾਲ ਜ਼ਿੰਦਗੀ ਦਿਖਾਉਣ ਦੀ ਦੌੜ ਵਿੱਚ ਅਸੀਂ ਜ਼ਿੰਦਗੀ ਦੀ ਅਸਲ ਖੁਸ਼ੀ ਤੋਂ ਵਾਂਝੇ ਰਹਿ ਗਏ ਹਾਂ। ਅਸੀਂ ਅਕਸਰ ਦੂਜਿਆਂ ਦੀ ਜ਼ਿੰਦਗੀ ਨਾਲ ਆਪਣੀ ਤੁਲਨਾ ਕਰਦੇ ਹਾਂ ਜਿਸ ਨਾਲ ਸਾਡੀ ਮਾਨਸਿਕ ਸ਼ਾਂਤੀ ਖ਼ਤਮ ਹੋ ਜਾਂਦੀ ਹੈ।

ਇਸ ਬਦਲਾਅ ਦਾ ਅਸਰ ਸਾਡੇ ਸੱਭਿਆਚਾਰਕ ਸਮਾਗਮਾਂ ਵਿੱਚ ਵੀ ਦੇਖਣ ਨੂੰ ਮਿਲਦਾ ਹੈ। ਸਾਡੇ ਰੀਤੀ ਰਿਵਾਜ ਜੋ ਕਈ ਪੀੜ੍ਹੀਆਂ ਤੋਂ ਸਾਡੇ ਵਿਰਸੇ ਦੀ ਨਿਸ਼ਾਨੀ ਸਨ, ਹੁਣ ਉਹ ਆਧੁਨਿਕਤਾ ਦੀ ਭੇਟ ਚੜ੍ਹ ਰਹੇ ਹਨ। ਵਿਆਹ-ਸ਼ਾਦੀਆਂ ਜੋ ਪਹਿਲੇ ਪਰਿਵਾਰਕ ਸਾਂਝ ਦਾ ਪ੍ਰਤੀਕ ਹੁੰਦੀਆਂ ਸਨ, ਉਹ ਕੇਵਲ ਮਹਿੰਗੇ 'ਈਵੈਂਟ' ਬਣ ਕੇ ਰਹਿ ਗਈਆਂ ਹਨ। ਔਰਤਾਂ ਇਕੱਠੀਆਂ ਹੋ ਕੇ ਰਵਾਇਤੀ 'ਘੋੜੀਆਂ' ਅਤੇ 'ਸੁਹਾਗ' ਵਰਗੇ ਪੰਜਾਬੀ ਵਿਆਹਾਂ ਦੀ ਰੂਹ ਅਖਵਾਏ ਜਾਂਦੇ ਲੋਕ-ਗੀਤ ਗਾਉਂਦੀਆਂ ਸਨ। ਉਹ ਰੌਣਕਾਂ, ਅਨੰਦ ਅਤੇ ਆਪਣਾਪਨ ਅੱਜ ਕੱਲ੍ਹ ਦੇ ਡੀ.ਜੇ.ਕਿੱਥੋਂ ਲਿਆਉਣਗੇ ? ਡੀ.ਜੇ. ਦੀਆਂ ਧਮਾਲਾਂ ਵਿੱਚ ਉਹ ਵਿਰਸੇ ਦੀ ਰੂਹ ਅਤੇ ਭਾਵਨਾਤਮਿਕ ਗਹਿਰਾਈ ਕਿਤੇ ਮੌਜੂਦ ਨਹੀਂ, ਜੋ ਰਵਾਇਤੀ ਗੀਤਾਂ ਵਿੱਚ ਹੁੰਦੀ ਸੀ। ਵਿਆਹ ਦਾ ਮਤਲਬ ਦੋ ਪਰਿਵਾਰਾਂ ਦੇ ਮੇਲ ਨੂੰ ਛੱਡ, ਸਮਾਜਿਕ ਪ੍ਰਦਰਸ਼ਨ (ਸ਼ੋਅ ਆਫ਼) ਬਣ ਕੇ ਰਹਿ ਗਿਆ ਹੈ, ਜਿਥੇ ਪੈਸੇ ਦੀ ਨੁਮਾਇਸ਼ ਜ਼ਿਆਦਾ ਹੁੰਦੀ ਹੈ। ਪਰਮੈਰਿਜ ਪੈਲੇਸਾਂ ਦੀ ਚਮਕ ਵਿੱਚ ਪਿੰਡਾਂ ਦੇ ਦੇਸੀ ਵਿਆਹਾਂ ਵਾਲੀ ਸਾਂਝ ਗੁਆਚ ਗਈ ਹੈ। ਜਿਹੜੇ ਲੋਕ ਬਹੁਤ ਖਰਚਾ ਨਹੀਂ ਕਰ ਸਕਦੇ, ਉਹ ਸਮਾਜਿਕ ਦਬਾਅ ਹੇਠ ਆ ਕੇ ਕਰਜ਼ਾ ਗੱਲ ਪਾ ਲੈਂਦੇ ਹਨ।

ਇਸ ਬਦਲਾਅ ਨੂੰ ਨਾ ਤਾਂ ਪੂਰੀ ਤਰ੍ਹਾਂ ਨਕਾਰਿਆ ਜਾ ਸਕਦਾ ਹੈ ਅਤੇ ਨਾ ਹੀ ਅਪਣਾਇਆ ਜਾ ਸਕਦਾ ਹੈ। ਇਸ ਲਈ ਜ਼ਰੂਰੀ ਹੈ ਕਿ ਅਸੀਂ ਅੱਖਾਂ ਮੀਚ ਇਸ ਤੇਜ਼ ਰਫਤਾਰ ਵਿੱਚ ਸੰਭਲ ਕੇ ਚਲੀਏ। ਤਕਨਾਲੋਜੀ ਨੇ ਸਾਨੂੰ ਬਹੁਤ ਸਾਰੀਆਂ ਸਹੂਲਤਾਂ ਦੇ ਕੇ ਇੱਕ ਵਰਦਾਨ ਦਾ ਕੰਮ ਕੀਤਾ ਹੈ, ਹੁਣ ਜ਼ਰੂਰਤ ਇਹ ਹੈ ਕਿ ਅਸੀਂ ਇਸ ਦੀ ਸਾਵਧਾਨੀ ਨਾਲ ਵਰਤੋਂ ਕਰੀਏ ਤਾਂ ਜੋ ਇਹ ਸਰਾਪ ਨਾ ਬਣੇ। ਸਾਨੂੰ ਆਪਣੇ ਸੱਭਿਆਚਾਰਕ ਮੁੱਲਾਂ ਅਤੇ ਕਦਰਾਂ-ਕੀਮਤਾਂ ਨੂੰ ਨਹੀਂ ਭੁੱਲਣਾ ਚਾਹੀਦਾ। ਪੁਰਾਣੇ ਸਮੇਂ ਵਰਗੇ ਰਿਸ਼ਤਿਆਂ ਦੀ ਨਿੱਘ, ਆਪਸੀ ਭਰੋਸਾ ਅਤੇ ਮਾਨਸਿਕ ਸਥਿਰਤਾ ਨੂੰ ਮੁੜ ਅਪਣਾਉਣ ਦੀ ਜ਼ਰੂਰਤ ਹੈ ਅਤੇ ਇਸ ਦੇ ਨਾਲ-ਨਾਲ ਇਹ ਵੀ ਯਾਦ ਰੱਖਣਾ ਪਵੇਗਾ ਕਿ ਸੱਭਿਆਚਾਰ ਦਾ ਮਤਲਬ ਸਿਰਫ਼ ਰਸਮਾਂ ਨਹੀਂ, ਸਗੋਂ ਜੀਵਨ ਜਿਊਣ ਦੀ ਕਲਾ ਹੈ। ਸਾਨੂੰ ਆਪਣੇ ਬੱਚਿਆਂ ਨੂੰ ਸਕਰੀਨ 'ਤੇ ਦੁਨੀਆ ਦਿਖਾਉਣ ਦੀ ਜਗ੍ਹਾ, ਆਪਣੇ ਬਜ਼ੁਰਗਾਂ ਦੀਆਂ ਕਹਾਣੀਆਂ ਰਾਹੀਂ ਰਿਸ਼ਤਿਆਂ ਦੀ ਮਹੱਤਤਾ ਸਿਖਾਉਣੀ ਚਾਹੀਦੀ ਹੈ ਅਤੇ ਇਸਦੇ ਨਾਲ-ਨਾਲ ਤੇਜ਼ੀ ਤੋਂ ਚੰਗਾ ਠਹਿਰਾਓ ਨਾਲ ਜ਼ਿੰਦਗੀ ਜਿਊਣ ਨੂੰ ਅਹਿਮੀਅਤ ਦੇਣੀ ਪਵੇਗੀ। ਸਾਡੀ ਅਮੀਰੀ ਕੇਵਲ ਬੈਂਕ ਬੈਲੈਂਸ ਜਾਂ ਫੋਨ ਦੇ ਸੰਪਰਕਾਂ ਵਿੱਚ ਹੀ ਨਹੀਂ ਸਗੋਂ ਆਪਸੀ ਪਿਆਰ ਅਤੇ ਵਿਰਸੇ ਦੀ ਸੰਭਾਲ ਵਿਚ ਹੈ।

ਦੂਜੇ ਪਾਸੇ ਅਜੋਕੇ ਸਮਾਜ ਦੀ ਤਲਖ਼ ਹਕੀਕਤ ਇਹ ਵੀ ਹੈ ਕਿ ਲੋੜ ਤੋਂ ਵੱਧ ਮਿਲੀ ਖੁੱਲ੍ਹ ਕਾਰਨ ਕਈ ਪਰਿਵਾਰਾਂ ਦੇ ਪੁੱਤਰ ਕੁਰਾਹੇ ਪੈ ਚੁੱਕੇ ਹਨ। ਉਹ ਮਾੜੀ ਸੰਗਤ ਅਤੇ ਨਸ਼ਿਆਂ ਦੀ ਦਲਦਲ ਵਿੱਚ ਫਸ ਕੇ ਨਾ ਸਿਰਫ਼ ਆਪਣੇ ਮਾਪਿਆਂ ਦਾ ਨਾਮ ਬਦਨਾਮ ਕਰ ਰਹੇ ਹਨ, ਸਗੋਂ ਬੁਢਾਪੇ ਵਿੱਚ ਸਹਾਰਾ ਬਣਨ ਦੀ ਬਜਾਏ ਆਪਣੇ ਜਨਮਦਾਤਿਆਂ ਨੂੰ ਬਿਰਧ ਆਸ਼ਰਮਾਂ ਦੀਆਂ ਬਰੂਹਾਂ ਤੱਕ ਛੱਡ ਆਉਂਦੇ ਹਨ।

ਦੀ ਮਾਨਸਿਕਤਾ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਧੀਆਂ ਦੇ ਇਸ ਦਮਖ਼ਮ ਨੇ ਉਨ੍ਹਾਂ ਨੂੰ ਆਪਣੀ ਸੋਚ ਬਦਲਣ ਲਈ ਮਜਬੂਰ ਕਰ ਦਿੱਤਾ ਹੈ ਅਤੇ ਉਨ੍ਹਾਂ ਦੇ ਮਨਾਂ ਵਿੱਚ ਵੀ ਅਜਿਹੇ ਵਲਵਲੇ ਉੱਠਣ ਲੱਗੇ ਹਨ:

ਧੀਆਂ ਤਾਂ ਰੱਬ ਦਾ ਰੂਪ ਹੁੰਦੀਆਂ, ਇਹ ਭੁੱਲ ਕਿਉਂ ਜਾਵਣ ਲੋਕੀਂ।
ਧੀ ਜੰਮੀ ਹਾਏ ਪੱਥਰ ਜੰਮਿਆ, ਹਾਲ ਦੁਹਾਈ ਕਿਉਂ ਪਾਵਣ ਲੋਕੀਂ।
ਪੂਜ ਕੇ ਕੰਜਕਾਂ ਭਲਾ ਕਿਵੇਂ ਮੰਗਦੇ, ਸਿਰਫ਼ ਪੁੱਤਰਾਂ ਨੂੰ ਹੀ ਚਾਹਵਣ ਲੋਕੀਂ।

ਧੀਆਂ ਤਾਂ ਰੱਬ ਦਾ ਰੂਪ ਹੁੰਦੀਆਂ...

ਅੰਬਰ ਛੂੰਹਦੀਆਂ ਧੀਆਂ ਦੀ ਪਰਵਾਜ਼

ਦਲਬੀਰ ਸਿੰਘ ਧਾਲੀਵਾਲ

ਧੀਆਂ ਨੂੰ ਕਦੇ ਚਾਰਦੀਵਾਰੀ ਵਿੱਚ ਕੈਦ ਰੱਖ ਕੇ ਉਨ੍ਹਾਂ ਦੀ ਪ੍ਰਤਿਭਾ ਨੂੰ ਦੁਨੀਆ ਸਾਹਮਣੇ ਉਜਾਗਰ ਹੋਣ ਦਾ ਮੌਕਾ ਨਹੀਂ ਸੀ ਦਿੱਤਾ ਜਾਂਦਾ, ਪਰ 21ਵੀਂ ਸਦੀ ਦੇ ਇਸ ਆਧੁਨਿਕ ਦੌਰ ਵਿੱਚ ਮੌਕਾ ਮਿਲਣ 'ਤੇ ਉਹੀ ਧੀਆਂ ਆਪਣੀ ਯੋਗਤਾ ਦਾ ਲੋਹਾ ਮੰਨਵਾ ਰਹੀਆਂ ਹਨ। ਸਾਨੂੰ ਇਸ ਗੱਲ 'ਤੇ ਅਤਿ ਫ਼ਖ਼ਰ ਹੋਣਾ ਚਾਹੀਦਾ ਹੈ ਕਿ ਪ੍ਰਸ਼ਾਸਨਿਕ ਸੇਵਾਵਾਂ (ਯੂ ਪੀ ਐੱਸ ਸੀ) ਵਰਗੀਆਂ ਦੇਸ਼ ਦੀਆਂ ਸਭ ਤੋਂ ਔਖੀਆਂ ਪ੍ਰੀਖਿਆਵਾਂ ਤੋਂ ਲੈ ਕੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਤੀਜਿਆਂ ਦੀ ਮੈਰਿਟ ਸੂਚੀ ਤੱਕ ਸਾਡੀਆਂ ਧੀਆਂ ਮੋਹਰੀ ਪੁਜ਼ੀਸ਼ਨਾਂ ਹਾਸਲ ਕਰਕੇ ਆਪਣੀ ਕਾਬਲੀਅਤ ਦਾ ਪਰਚਮ ਲਹਿਰਾ ਰਹੀਆਂ ਹਨ। ਇਹ ਪ੍ਰਾਪਤੀਆਂ ਸਪੱਸ਼ਟ ਕਰਦੀਆਂ ਹਨ ਕਿ ਜੇਕਰ ਇਨ੍ਹਾਂ ਬੱਚੀਆਂ ਨੂੰ ਬਰਾਬਰ ਦੇ ਮੌਕੇ ਪ੍ਰਦਾਨ ਕੀਤੇ ਜਾਣ ਤਾਂ ਇਹ ਉੱਚ ਵਿੱਦਿਆ ਪ੍ਰਾਪਤ ਕਰਨ ਅਤੇ ਸਫਲਤਾ ਦੀਆਂ ਹੋਰ ਉਚਾਈਆਂ ਛੂਹਣ ਦੀ ਪੂਰੀ ਸਮਰੱਥਾ ਰੱਖਦੀਆਂ ਹਨ।

ਧੀਆਂ ਦੀ ਇਸ ਬੇਮਿਸਾਲ ਕਾਮਯਾਬੀ ਨੇ ਸਮਾਜ ਦੇ ਉਸ ਰੂੜ੍ਹੀਵਾਦੀ ਵਰਗ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ, ਜੋ ਕਦੇ ਇਹ ਮੰਨਦਾ ਸੀ ਕਿ ਧੀਆਂ ਤਾਂ ਬੇਗਾਨਾ ਧਨ ਹਨ ਅਤੇ ਇਨ੍ਹਾਂ ਨੇ ਵਿਆਹ ਕਰਵਾ ਕੇ ਅਗਲੇ ਘਰ ਚਲੇ ਜਾਣਾ ਹੈ, ਇਸ ਲਈ ਇਨ੍ਹਾਂ ਦੀ ਪੜ੍ਹਾਈ ਅਤੇ ਆਜ਼ਾਦੀ 'ਤੇ ਸਰਮਾਇਆ ਖ਼ਰਚ ਕਰਨ ਦਾ ਕੋਈ ਫ਼ਾਇਦਾ ਨਹੀਂ। ਅਜਿਹੀ ਸੌੜੀ ਵਿਚਾਰਧਾਰਾ ਰੱਖਣ ਵਾਲੇ ਲੋਕ ਹਮੇਸ਼ਾ ਪੁੱਤਰ ਦੀ ਦਾਤ ਲਈ ਲੋਚਦੇ ਸਨ, ਪਰ ਅੱਜ ਆਪਣੀ ਸੋਚ 'ਤੇ ਪਛਤਾਵਾ ਕਰ ਰਹੇ ਹਨ।

ਇਸ ਦੇ ਉਲਟ ਧੀਆਂ ਅੱਜ ਵੀ ਮਾਪਿਆਂ ਦਾ ਪੂਰਾ ਖ਼ਿਆਲ ਰੱਖਦੀਆਂ ਹਨ। ਉਹ ਨਾ ਸਿਰਫ਼ ਆਪਣੇ ਪਰਿਵਾਰ ਦਾ ਨਾਮ ਰੌਸ਼ਨ ਕਰ ਰਹੀਆਂ ਹਨ ਸਗੋਂ ਬੁਢਾਪੇ ਵੇਲੇ ਮਾਪਿਆਂ ਦੀ ਡੰਗੋਰੀ ਬਣ ਕੇ ਉਨ੍ਹਾਂ ਦਾ ਸੱਚਾ ਸਹਾਰਾ ਵੀ ਸਾਬਿਤ ਹੋ ਰਹੀਆਂ ਹਨ।

ਧੀਆਂ ਦੀਆਂ ਪ੍ਰਾਪਤੀਆਂ ਨੇ ਸਮਾਜ ਦੇ ਕਈ ਪਿਛਾਂਹ-ਖਿੱਚੂ ਲੋਕਾਂ

ਇਹ ਸਾਰੇ ਤੱਥ ਕੋਈ ਮਨਘੜਤ ਕਹਾਣੀਆਂ ਜਾਂ ਕਹੀਆਂ-ਸੁਣੀਆਂ ਗੱਲਾਂ ਨਹੀਂ ਹਨ, ਸਗੋਂ ਹਾਲ ਹੀ ਵਿੱਚ ਐਲਾਨੇ ਗਏ ਵੱਖ-ਵੱਖ ਇਮਤਿਹਾਨਾਂ ਦੇ ਨਤੀਜੇ ਇਸ ਸੱਚ ਦੀ ਗਵਾਹੀ ਭਰਦੇ ਹਨ। ਮਿਸਾਲ ਵਜੋਂ, ਰਿਆਸਤੀ ਸ਼ਹਿਰ ਨਾਭਾ ਦੇ ਨੇੜਲੇ ਪਿੰਡ ਬਿਰੜਵਾਲ ਦੇ ਇੱਕ ਸਾਧਾਰਨ ਕਿਸਾਨ ਪਰਿਵਾਰ ਦੀ ਹੋਣਹਾਰ ਧੀ ਸਿਮਰਨਦੀਪ ਕੌਰ ਨੇ ਦੇਸ਼ ਦੀ ਸਭ ਤੋਂ ਵੱਕਾਰੀ ਸਿਵਲ ਸੇਵਾਵਾਂ ਪ੍ਰੀਖਿਆ (ਯੂ ਪੀ ਐੱਸ ਸੀ) ਵਿੱਚੋਂ ਬਿਨਾਂ ਕਿਸੇ ਕੋਚਿੰਗ ਦੇ ਦੇਸ਼ ਭਰ ਵਿੱਚੋਂ 15ਵਾਂ ਅਤੇ ਪੰਜਾਬ ਵਿੱਚੋਂ ਪਹਿਲਾ ਸਥਾਨ ਹਾਸਲ ਕਰਕੇ ਨਵਾਂ ਇਤਿਹਾਸ ਸਿਰਜਿਆ ਹੈ। ਇਸ ਤੋਂ ਪਹਿਲਾਂ ਵੀ ਸਿਵਲ ਸੇਵਾਵਾਂ ਦੇ ਇਮਤਿਹਾਨਾਂ ਵਿੱਚ ਉੱਚੀਆਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੀਆਂ ਧੀਆਂ ਸੁਰਖ਼ੀਆਂ ਦਾ ਸ਼ਿੰਗਾਰ ਬਣਦੀਆਂ ਰਹੀਆਂ ਹਨ, ਜਿਨ੍ਹਾਂ ਵਿੱਚੋਂ ਕਈ ਬੇਹੱਦ ਗ਼ਰੀਬ ਅਤੇ ਦਲਿਤ ਪਰਿਵਾਰਾਂ ਨਾਲ ਸਬੰਧਿਤ ਸਨ।

ਸਿਰਫ਼ ਉੱਚੇ ਅਹੁਦੇ ਲਈ ਹੋਣ ਵਾਲੀਆਂ ਮੁਕਾਬਲਾ ਪ੍ਰੀਖਿਆਵਾਂ ਹੀ ਨਹੀਂ, ਸਗੋਂ ਆਪਣੇ ਸੁਨਹਿਰੀ ਭਵਿੱਖ ਦੀ ਨੀਂਹ ਰੱਖਣ ਵਾਲੀਆਂ ਸਕੂਲੀ ਪ੍ਰੀਖਿਆਵਾਂ ਵਿੱਚ ਵੀ ਧੀਆਂ ਨੇ ਮੁੰਡਿਆਂ ਨੂੰ ਕਾਫ਼ੀ ਪਿੱਛੇ ਛੱਡਿਆ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਦੀ ਅੱਠਵੀਂ ਜਮਾਤ ਦੇ ਨਤੀਜਿਆਂ ਵਿੱਚੋਂ ਜੈਤੋ ਦੀ ਤਮੰਨਾ ਨੇ 100 ਫ਼ੀਸਦੀ ਅੰਕ ਲੈ ਕੇ ਸੂਬੇ ਵਿੱਚੋਂ ਪਹਿਲਾ, ਸੰਗਰੂਰ ਦੀ ਜਪਨੀਤ ਕੌਰ ਨੇ 99.67 ਫ਼ੀਸਦੀ ਅੰਕਾਂ ਨਾਲ ਦੂਜਾ ਅਤੇ ਕੋਟ ਸੁਖੀਆ (ਫ਼ਰੀਦਕੋਟ) ਦੀ ਜਸ਼ਨਦੀਪ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ ਹੈ। ਇਹ ਸਾਰੀਆਂ ਬੱਚੀਆਂ ਸਾਧਾਰਨ ਮਿਹਨਤਕਸ਼ ਪਰਿਵਾਰਾਂ ਦੀਆਂ ਧੀਆਂ ਹਨ।

ਸੀ ਬੀ ਐੱਸ ਈ ਦੀ ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਵੀ ਕੁੜੀਆਂ ਨੇ ਮੋਹਰੀ ਰਹਿ ਕੇ ਆਪਣੀ ਸਰਦਾਰੀ ਕਾਇਮ ਰੱਖੀ ਹੈ। ਇਸ ਦੌਰਾਨ ਫ਼ਾਜ਼ਿਲਕਾ ਦੇ ਇੱਕ ਹੋਣਹਾਰ ਵਿਦਿਆਰਥੀ ਵੈਭਵ ਅਰੋੜਾ ਨੇ 500 ਵਿੱਚੋਂ 500 ਅੰਕ ਹਾਸਲ ਕਰਕੇ ਦੇਸ਼ ਭਰ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।

ਜ਼ਿਕਰਯੋਗ ਹੈ ਕਿ ਜਿਨ੍ਹਾਂ ਇਲਾਕਿਆਂ (ਬਠਿੰਡਾ, ਸ੍ਰੀ ਮੁਕਤਸਰ ਸਾਹਿਬ, ਫ਼ਰੀਦਕੋਟ ਅਤੇ ਫ਼ਾਜ਼ਿਲਕਾ) ਦੇ ਬੱਚੇ ਮੈਰਿਟ ਸੂਚੀ ਵਿੱਚ ਆਏ ਹਨ, ਉਹ ਪਟਿਆਲਾ, ਲੁਧਿਆਣਾ ਅਤੇ ਚੰਡੀਗੜ੍ਹ ਵਰਗੇ ਵਿਕਸਤ ਸ਼ਹਿਰਾਂ ਦੇ ਮੁਕਾਬਲੇ ਪੱਛੜੇ ਹੋਏ ਹੀ ਮੰਨੇ ਜਾਂਦੇ ਹਨ। ਇਸ ਦੇ ਬਾਵਜੂਦ ਇਨ੍ਹਾਂ ਸਾਧਾਰਨ ਖੇਤਰਾਂ ਦੇ ਬੱਚਿਆਂ ਦਾ ਮੋਹਰੀ ਰਹਿਣਾ ਵੱਡੀ ਪ੍ਰਾਪਤੀ ਹੈ। ਪੱਛੜੇ ਖੇਤਰਾਂ ਦੇ ਬੱਚੇ ਅਤੇ ਉਨ੍ਹਾਂ ਦੇ ਮਾਪੇ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿ ਕੇ ਸਖ਼ਤ ਮਿਹਨਤ ਕਰਦੇ ਹਨ, ਜਿਸ ਦਾ ਮਿੱਠਾ ਫਲ ਉਨ੍ਹਾਂ ਨੂੰ ਸਫਲਤਾ ਦੇ ਰੂਪ ਵਿੱਚ ਮਿਲਦਾ ਹੈ। ਜੇਕਰ ਧੀਆਂ ਦੀ ਯੋਗਤਾ ਦੀ ਪੜਚੋਲ ਕਰੀਏ ਤਾਂ ਪੁਲਾੜ ਦੇ ਖੇਤਰ ਵਿੱਚ ਕਲਪਨਾ ਚਾਵਲਾ ਅਤੇ ਖੇਡਾਂ ਦੇ ਮੈਦਾਨ ਵਿੱਚ ਪੀ.ਟੀ. ਊਸ਼ਾ ਤੇ ਪੀ.ਵੀ. ਸਿੰਧੂ ਵਰਗੀਆਂ ਖਿਡਾਰਨਾਂ ਨੇ ਨਾਮਣਾ ਖੱਟਿਆ ਹੈ। ਸ਼ਾਇਦ ਇਸੇ ਵਿਰਾਸਤ ਤੋਂ ਪ੍ਰੇਰਿਤ ਹੋ ਕੇ ਸਾਡੀਆਂ ਧੀਆਂ ਅੱਜ ਪੂਰੀ ਲਗਨ ਨਾਲ ਸੰਘਰਸ਼ ਕਰ ਰਹੀਆਂ ਹਨ।

ਇਹ ਸਫਲ ਧੀਆਂ ਆਪਣੀਆਂ ਦੂਜੀਆਂ ਵਿਦਿਆਰਥਣ ਸਾਥਣਾਂ ਨੂੰ ਵੀ ਅੱਗੇ ਵਧਦੇ ਰਹਿਣ ਲਈ ਹੱਲਾਸ਼ੇਰੀ ਦਿੰਦੀਆਂ ਹਨ। ਸਾਡੀਆਂ ਸਭਨਾਂ ਧੀਆਂ ਨੂੰ ਇਨ੍ਹਾਂ ਸ਼ਾਨਦਾਰ ਪ੍ਰਾਪਤੀਆਂ ਤੋਂ ਪ੍ਰੇਰਨਾ ਲੈ ਕੇ ਨਵੇਂ ਦਿਸਹੱਦੇ ਸਿਰਜਣ ਲਈ ਅੱਗੇ ਵਧਣਾ ਚਾਹੀਦਾ ਹੈ।

ਨੂੰਹ-ਸੱਸ ਦਾ 'ਸ਼ੀਤ ਯੁੱਧ'

ਕਿਵੇਂ ਬਣੇ ਘਰ ਦਾ ਮਾਹੌਲ ਖ਼ੁਸ਼ਗਵਾਰ ?

ਚਾਨਣਦੀਪ ਸਿੰਘ ਔਲਖ

ਪੰਜਾਬੀ ਸਮਾਜ ਵਿੱਚ ਨੂੰਹ ਅਤੇ ਸੱਸ ਦਾ ਰਿਸ਼ਤਾ ਇੱਕ ਅਜਿਹਾ ਧੁਰਾ ਹੈ, ਜਿਸ ਉੱਤੇ ਪਰਿਵਾਰ ਦੀ ਸ਼ਾਂਤੀ ਅਤੇ ਖੁਸ਼ਹਾਲੀ ਟਿਕੀ ਹੁੰਦੀ ਹੈ। ਪਰ ਅਕਸਰ ਇਸ ਰਿਸ਼ਤੇ ਨੂੰ ਇੱਕ ਅਜਿਹੇ 'ਸ਼ੀਤ ਯੁੱਧ' ਵਜੋਂ ਦੇਖਿਆ ਜਾਂਦਾ ਹੈ, ਜੋ ਬਿਨਾਂ ਹਥਿਆਰਾਂ ਤੋਂ ਸਿਰਫ਼ ਤਾਹਨਿਆਂ, ਮਿਹਣਿਆਂ ਅਤੇ ਚੁੱਪ ਰਾਹੀਂ ਲੜਿਆ ਜਾਂਦਾ ਹੈ। ਇਹ ਜੰਗ ਅਸਲ ਵਿੱਚ ਸੱਤਾ, ਘਰ ਉੱਤੇ ਅਧਿਕਾਰ ਅਤੇ ਇੱਕ ਮਰਦ ਦੇ ਪਿਆਰ ਨੂੰ ਵੰਡਣ ਦੀ ਕਸ਼ਮਕਸ਼ ਹੈ।

ਬਦਲਦੇ ਸਮੇਂ ਨਾਲ ਬਦਲੇ ਰਿਸ਼ਤਿਆਂ ਦੇ ਸਮੀਕਰਨ

ਜੇਕਰ ਅਸੀਂ ਪੁਰਾਣੇ ਸਮਿਆਂ 'ਤੇ ਝਾਤੀ ਮਾਰੀਏ, ਤਾਂ ਇਹ ਸ਼ੀਤ ਯੁੱਧ ਜ਼ਿਆਦਾਤਰ ਇੱਕਤਰਫ਼ਾ ਹੁੰਦਾ ਸੀ। ਸਾਂਝੇ ਪਰਿਵਾਰਾਂ ਵਿੱਚ ਸੱਸ ਦਾ ਹੁਕਮ ਹੀ ਆਖਰੀ ਕਾਨੂੰਨ ਹੁੰਦਾ ਸੀ ਅਤੇ ਨੂੰਹ ਨੂੰ ਸਿਰਫ਼ ਆਗਿਆਕਾਰੀ ਬਣਨ ਦੀ ਸਿੱਖਿਆ ਦਿੱਤੀ ਜਾਂਦੀ ਸੀ। ਉਸ ਕੋਲ ਆਪਣੀ ਗੱਲ ਰੱਖਣ ਜਾਂ ਸੁਤੰਤਰ ਫੈਸਲੇ ਲੈਣ ਦਾ ਕੋਈ ਹੱਕ ਨਹੀਂ ਸੀ। ਪੁਰਾਣੀਆਂ ਨੂੰਹਾਂ ਨੇ ਮਰਿਆਦਾ ਦੀ ਖ਼ਾਤਰ ਸਾਰੀ ਉਮਰ ਸਖ਼ਤੀਆਂ ਸਹੀਆਂ ਪਰ ਬਗਾਵਤ ਨਹੀਂ ਕੀਤੀ।

ਪੜ੍ਹਾਈ ਅਤੇ ਆਰਥਿਕ ਆਜ਼ਾਦੀ: ਇੱਕ ਨਵਾਂ ਮੋੜ

ਅੱਜ ਹਾਲਾਤ ਬਦਲ ਚੁੱਕੇ ਹਨ। ਵਿੱਦਿਆ ਦੇ ਪਸਾਰ ਅਤੇ ਆਰਥਿਕ ਆਜ਼ਾਦੀ ਨੇ ਔਰਤਾਂ ਨੂੰ ਆਪਣੇ ਹੱਕਾਂ ਅਤੇ ਸਵੈਮਾਣ ਪ੍ਰਤੀ ਜਾਗਰੂਕ ਕੀਤਾ ਹੈ। ਅੱਜ ਦੀ ਨੂੰਹ ਸਿਰ ਸੁੱਟ ਕੇ ਜ਼ੁਲਮ ਸਹਿਣ ਲਈ ਤਿਆਰ ਨਹੀਂ ਹੈ। ਦੂਜੇ ਪਾਸੇ, ਸੱਸਾਂ ਵਿੱਚ ਅਜੇ ਵੀ ਘਰ ਦੀ 'ਚਾਬੀ' ਆਪਣੇ ਕੋਲ ਰੱਖਣ ਦੀ ਇੱਛਾ ਮੌਜੂਦ ਹੈ।

ਨਤੀਜਾ ਇਹ ਹੈ ਕਿ ਹੁਣ ਸ਼ੀਤ ਯੁੱਧ ਬਰਾਬਰੀ ਦਾ ਹੋ ਗਿਆ ਹੈ, ਜਿੱਥੇ ਬਹਿਸ ਹੁੰਦੀ ਹੈ ਅਤੇ ਵੱਖਰੇ ਰਹਿਣ ਦੀਆਂ ਮੰਗਾਂ ਉੱਠਦੀਆਂ ਹਨ। ਇਸ ਦਾ ਮੁੱਖ ਕਾਰਨ ਪੀੜ੍ਹੀ ਦਾ ਪਾੜਾ ਅਤੇ ਅਸੁਰੱਖਿਆ ਦੀ ਭਾਵਨਾ ਹੈ।

ਚੱਕੀ ਦੇ ਦੋ ਪੁੜਾਂ ਵਿਚਕਾਰ ਪਿਸਦਾ ਪੁੱਤਰ ਅਤੇ ਪਤੀ

ਇਸ ਸਾਰੀ ਜੰਗ ਵਿੱਚ ਸਭ ਤੋਂ ਔਖੀ ਭੂਮਿਕਾ ਉਸ ਮਰਦ ਦੀ ਹੁੰਦੀ ਹੈ, ਜੋ ਇੱਕ ਦਾ ਪੁੱਤਰ ਹੈ ਅਤੇ ਦੂਜੀ ਦਾ ਪਤੀ। ਉਹ ਇਨ੍ਹਾਂ ਦੋਹਾਂ ਧਿਰਾਂ ਵਿਚਕਾਰ ਇੱਕ ਅਜਿਹੀ ਕੜੀ ਹੈ, ਜਿਸ ਦੇ ਸੰਤੁਲਨ 'ਤੇ ਘਰ ਦੀ ਸ਼ਾਂਤੀ ਨਿਰਭਰ ਕਰਦੀ ਹੈ। ਜੇ ਉਹ ਮਾਂ ਦਾ ਪੱਖ ਲੈਂਦਾ ਹੈ ਤਾਂ ਪਤਨੀ ਨਾਰਾਜ਼ ਹੁੰਦੀ ਹੈ, ਅਤੇ ਜੇ ਪਤਨੀ ਦੇ ਹੱਕ ਵਿੱਚ ਬੋਲਦਾ ਹੈ ਤਾਂ ਮਾਂ ਨੂੰ ਲੱਗਦਾ ਹੈ ਕਿ ਪੁੱਤਰ ਹੱਥੋਂ ਨਿਕਲ ਗਿਆ ਹੈ।

ਇਸ ਨਾਜ਼ੁਕ ਸਥਿਤੀ ਨੂੰ ਸੰਭਾਲਣ ਲਈ ਪੁੱਤਰ ਨੂੰ ਬਹੁਤ ਸਿਆਣਪ ਦੀ ਲੋੜ ਹੈ। ਉਸ ਨੂੰ ਕਿਸੇ ਇੱਕ ਦਾ ਅੰਨ੍ਹਾ ਪੱਖ ਲੈਣ ਦੀ ਬਜਾਏ ਦੋਵਾਂ ਵਿਚਕਾਰ ਸੰਚਾਰ ਦਾ ਮਜ਼ਬੂਤ ਪੁਲ ਬਣਨਾ ਚਾਹੀਦਾ ਹੈ। ਇੱਕ ਦੀ ਸ਼ਿਕਾਇਤ ਦੂਜੀ ਕੋਲ ਕਰਨ ਦੀ ਬਜਾਏ, ਦੋਵਾਂ ਦੇ ਚੰਗੇ ਗੁਣਾਂ ਦੀ ਇੱਕ-ਦੂਜੇ ਸਾਹਮਣੇ ਤਾਰੀਫ਼ ਕਰਨੀ ਚਾਹੀਦੀ ਹੈ।

ਅਹਿਮੀਅਤ ਅਤੇ ਸੁਰੱਖਿਆ ਦਾ ਅਹਿਸਾਸ

ਬਹੁਤੀ ਵਾਰ ਲੜਾਈ ਸਿਰਫ਼ ਧਿਆਨ ਖਿੱਚਣ ਲਈ ਹੁੰਦੀ ਹੈ। ਪਤੀ ਨੂੰ ਚਾਹੀਦਾ ਹੈ ਕਿ ਉਹ ਮਾਂ ਅਤੇ ਪਤਨੀ ਦੋਵਾਂ ਨੂੰ ਵੱਖੋ-ਵੱਖਰਾ ਸਮਾਂ ਦੇਵੇ। ਮਾਂ ਨੂੰ ਇਹ ਅਹਿਸਾਸ ਕਰਵਾਉਣਾ ਜ਼ਰੂਰੀ ਹੈ ਕਿ ਉਸ ਦੀ ਥਾਂ ਕੋਈ ਨਹੀਂ ਲੈ ਸਕਦਾ ਅਤੇ ਪਤਨੀ ਨੂੰ ਇਹ ਵਿਸ਼ਵਾਸ ਦਿਵਾਉਣਾ ਚਾਹੀਦਾ ਹੈ ਕਿ ਉਹ ਉਸ ਦੀ ਜ਼ਿੰਦਗੀ ਦੀ ਬਰਾਬਰ ਦੀ ਭਾਈਵਾਲ ਹੈ। ਕੁਝ ਸਿਹਤਮੰਦ ਹੱਦਾਂ ਤੈਅ ਕਰਨਾ ਵੀ ਘਰ ਦੀ ਸ਼ਾਂਤੀ ਲਈ ਲਾਹੇਵੰਦ ਹੁੰਦਾ ਹੈ।

ਪਿਆਰ ਅਤੇ ਸਤਿਕਾਰ ਹੀ ਅਸਲੀ ਹੱਲ

ਅਖੀਰ ਵਿੱਚ, ਇਸ ਬਿਨਾਂ ਹਥਿਆਰਾਂ ਵਾਲੀ ਜੰਗ ਨੂੰ ਸਿਰਫ਼ ਪਿਆਰ, ਸਤਿਕਾਰ ਅਤੇ ਸਮਝਦਾਰੀ ਨਾਲ ਹੀ ਜਿੱਤਿਆ ਜਾ ਸਕਦਾ ਹੈ। ਜਦੋਂ ਮਰਦ ਆਪਣੀ ਸਿਆਣਪ ਨਾਲ ਦੋਵਾਂ ਔਰਤਾਂ ਨੂੰ ਸੁਰੱਖਿਅਤ ਮਹਿਸੂਸ ਕਰਵਾਏਗਾ ਅਤੇ ਦੋਵੇਂ ਔਰਤਾਂ ਵੀ ਆਪਣੀ 'ਹਉਮੈ' ਤਿਆਗ ਦੇਣਗੀਆਂ, ਤਾਂ ਇਹ ਸ਼ੀਤ ਯੁੱਧ ਹਮੇਸ਼ਾ ਲਈ ਮੁੱਕ ਜਾਵੇਗਾ ਅਤੇ ਘਰ ਸੱਚਮੁੱਚ ਸਵਰਗ ਬਣ ਜਾਵੇਗਾ।

ਜ਼ਾਲਮ ਲੋਕਾਂ ਦਾ ਕੀ ਕਰੀਏ!

ਜਗਦੀਸ਼ ਕੌਰ ਮਾਨ

ਜਨਵਰੀ 1985 'ਚ ਇੱਕ ਦਿਨ ਬਹੁਤ ਧੁੰਦ ਛਾਈ ਹੋਈ ਸੀ। ਉਨ੍ਹੀ-ਦਿਨੀਂ ਅਸੀਂ ਆਪਣੇ ਪਿੰਡ ਰਹਿੰਦੇ ਹੁੰਦੇ ਸਾਂ। ਦੂਰ-ਦੁਰਾਡੇ ਪਿੰਡ 'ਚ ਡਿਊਟੀ ਜਾਣ ਲਈ ਮੈਨੂੰ ਰੋਜ਼ਾਨਾ ਦੋ ਬੱਸਾਂ ਬਦਲਣੀਆਂ ਪੈਂਦੀਆਂ ਸਨ। ਉਸ ਦਿਨ ਜਗਰਾਉਂ ਪਹੁੰਚਣ ਤੋਂ ਪਹਿਲਾਂ ਹੀ ਮੈਨੂੰ ਸਕੂਲ ਤੱਕ ਪਹੁੰਚਾਉਣ ਵਾਲੀ ਪਹਿਲੀ ਬੱਸ ਨਿਕਲ ਚੁੱਕੀ ਸੀ। ਉਸ ਪਿੰਡ ਪਹੁੰਚਣ ਵਾਸਤੇ ਬੱਸ ਸਰਵਿਸ ਬਹੁਤ ਘੱਟ ਸੀ। ਜੇ ਇੱਕ ਬੱਸ ਖੁੰਝ ਜਾਂਦੀ ਤਾਂ ਦੂਜੀ ਬੱਸ ਨੂੰ ਪੂਰਾ ਇੱਕ ਘੰਟਾ ਉਡੀਕਣਾ ਪੈਂਦਾ ਸੀ। ਇੱਕ ਘੰਟਾ ਇਕੱਲੇ ਬੈਠ ਕੇ ਕੱਢਣਾ, ਕੀੜਿਆਂ ਦੇ ਭੌਣ 'ਤੇ ਬੈਠਣ ਦੇ ਬਰਾਬਰ ਸੀ। ਬੱਸ ਸਟੈਂਡ 'ਤੇ ਸਵਾਰੀਆਂ ਦੇ ਬੈਠਣ ਦਾ ਵੀ ਕੋਈ ਢੁਕਵਾਂ ਪ੍ਰਬੰਧ ਨਹੀਂ ਸੀ। ਢਿਚਕੂੰ-ਢਿਚਕੂੰ ਕਰਦੇ ਇੱਕ ਦੋ ਬੈਂਚ ਹੀ ਉਥੇ ਰੱਖੇ ਹੋਏ ਸਨ। 'ਜਾਂਦਿਆਂ ਨੂੰ ਹੋਰ ਨਾ ਕਿਤੇ ਮਹਿਕਮੇ ਦਾ ਕੋਈ ਬੰਦਾ ਸਕੂਲ ਆਇਆ ਬੈਠਾ ਹੋਵੇ' ਇਹ ਤੌਖ਼ਲਾ ਮੈਨੂੰ ਵੱਖਰਾ ਵੱਢ-ਵੱਢ ਖਾਈ ਜਾ ਰਿਹਾ ਸੀ।

ਬੱਸ ਸਟੈਂਡ 'ਤੇ ਬੈਠੀ ਨੂੰ ਅਜੇ ਮੈਨੂੰ ਪੰਦਰਾਂ ਕੁ ਮਿੰਟ ਹੀ ਹੋਏ ਸਨ ਕਿ ਤਿੰਨ ਚਾਰ ਖਾਨਿਆਂ ਵਾਲਾ ਇੱਕ ਵੱਡਾ ਰੋਟੀ ਵਾਲਾ ਡੱਬਾ ਤੇ ਇੱਕ ਚਾਹ ਵਾਲੀ ਵੱਡੀ ਥਰਮਸ ਲੈ ਕੇ ਇੱਕ ਔਰਤ ਮੇਰੇ ਬਰਾਬਰ ਆ ਬੈਠੀ। ਉਸ ਨੇ ਆਉਂਦੀ ਨੇ ਹੀ ਪਹਿਲਾਂ ਮੈਥੋਂ ਟਾਈਮ ਪੁੱਛਿਆ ਫਿਰ ਆਪ ਮੁਹਾਰੇ ਕਹਿਣ ਲੱਗੀ, 'ਪਹੁੰਚਣ ਵਾਲੇ ਈ ਹੋਣਗੇ ਹੁਣ ਤਾਂ, ਟਾਈਮ ਤਾਂ ਹੋਇਆ ਪਿਐ, ਚੱਲ ਬਹਿ ਜਾਨੇ ਆਂ, ਇਸ ਕੁੜੀ ਕੋਲ ਘੜੀ ਪਲ।'

'ਧੀਏ! ਤੂੰ ਕਿਹੜੇ ਪਿੰਡ ਜਾਣੈ? ਮਾਸਟਰਨੀ ਲੱਗਦੀ ਏਂ ਦੇਖਣ ਨੂੰ ਤਾਂ।' ਉਸ ਨੇ ਮੇਰੇ ਮੋਢੇ ਵਿੱਚ ਪਾਇਆ ਪਰਸ ਅਤੇ ਹੱਥ ਵਿੱਚ ਫੜੇ ਲੰਚ ਬਾਕਸ ਨੂੰ ਦੇਖ ਕੇ ਅੰਦਾਜ਼ਾ ਲਾਉਂਦਿਆਂ ਪੁੱਛਿਆ।

'ਹਾਂ ਜੀ! ਬੇਜੀ! ਮੈਂ ਟੀਚਰ ਹਾਂ, ਅੱਜ ਲੇਟ ਹੋ ਗਈ, ਮੇਰੀ ਪਹਿਲੀ ਬੱਸ ਨਿਕਲ ਗਈ।' ਮੈਂ ਸੰਖੇਪ ਜਿਹਾ ਉੱਤਰ ਦਿੱਤਾ। ਸਾਡੀ ਬੈਠੀਆਂ-ਬੈਠੀਆਂ ਦੀ ਹੀ ਲਿਹਾਜ਼ ਪੈ ਗਈ ਤੇ ਟਾਈਮ ਪਾਸ ਕਰਨ ਲਈ ਅਸੀਂ ਗੱਲੀਂ ਲੱਗ ਗਈਆਂ। ਉਨ੍ਹੀਂ-ਦਿਨੀਂ ਸਾਰਿਆਂ ਕੋਲ ਗੱਲਬਾਤ ਕਰਨ ਵਾਸਤੇ ਤਕਰੀਬਨ ਇਹੀ ਦੋ ਵਿਸ਼ੇ ਹੁੰਦੇ ਸਨ। ਪੰਜਾਬ ਦੇ ਚੱਲ ਰਹੇ ਅਤਿ ਮਾੜੇ ਹਾਲਾਤ ਅਤੇ ਮਰਹੂਮ ਪ੍ਰਧਾਨ ਮੰਤਰੀ ਦੇ ਕਤਲ ਤੋਂ ਬਾਅਦ ਇੱਕ ਖਾਸ ਫਿਰਕੇ ਦੇ ਹੋਏ ਕਤਲੇਆਮ ਤੇ ਸਾੜ ਫੂਕ। ਉਸ ਬਜ਼ੁਰਗ ਔਰਤ ਨੇ ਆਪਣੀ ਦਰਦ ਭਰੀ ਕਹਾਣੀ ਸੁਣਾਉਂਦਿਆਂ ਦੱਸਿਆ ਕਿ ਇੰਦੌਰ (ਮੱਧ ਪ੍ਰਦੇਸ਼) ਵਿੱਚ ਉਨ੍ਹਾਂ ਦੀ ਟਾਇਰਾਂ ਦੀ ਦੁਕਾਨ ਸੀ। ਮੁੰਡਿਆਂ ਨੇ ਬੜਾ ਸੋਹਣਾ ਕਾਰੋਬਾਰ ਚਲਾਇਆ ਹੋਇਆ ਸੀ। ਆਪਣੀ ਦਸਾਂ ਨਹੁੰਆਂ ਦੀ ਕਿਰਤ ਨਾਲ ਵਧੀਆ ਗੁਜ਼ਾਰਾ ਕਰ ਰਹੇ ਸਾਂ। ਕਿਸੇ ਨੂੰ ਚਿੱਤ ਚੇਤੇ ਵੀ ਨਹੀਂ ਸੀ ਕਿ ਅੱਖ ਦੇ ਫੋਰ ਵਿੱਚ ਦੇਸ਼ ਦੇ ਹਾਲਾਤ ਐਨੇ ਖ਼ਰਾਬ ਹੋ ਜਾਣਗੇ। 'ਧੀਏ! ਘੁੱਗ ਵਸਦਿਆਂ 'ਤੇ ਮੁਸੀਬਤ ਆਣ ਪਈ!' ਇਹ ਹੜਦੁੰਗ ਦਿੱਲੀ ਤੋਂ ਸ਼ੁਰੂ ਹੋ ਕੇ ਵੱਡੇ ਸ਼ਹਿਰਾਂ ਤੱਕ ਪਹੁੰਚ ਗਿਆ, ਦੰਗਾਕਾਰੀਆਂ ਨੇ ਸਿੱਖ ਭਾਈਚਾਰੇ ਨਾਲ ਸਬੰਧਤ ਹੋਣ ਦੀ 'ਸਜ਼ਾ' ਵਜੋਂ ਸਾਡੀ ਦੁਕਾਨ ਨੂੰ ਅੱਗ ਲਾ ਦਿੱਤੀ, ਤਿਉਹਾਰਾਂ ਦੇ ਦਿਨ ਸਨ, ਅਸੀਂ ਚੰਗੀ ਕਮਾਈ ਦੀ ਆਸ ਨਾਲ ਅਜੇ ਕੁਝ ਦਿਨ ਪਹਿਲਾਂ ਹੀ ਦੁਕਾਨ ਵਿੱਚ ਨਵਾਂ ਮਾਲ ਪਾਇਆ ਸੀ, ਦੰਗਾਕਾਰੀਆਂ ਨੇ ਭਰੀ ਦੁਕਾਨ ਨੂੰ ਅੱਗ ਦੀਆਂ ਲਾਟਾਂ ਦੇ ਹਵਾਲੇ ਕਰ ਦਿੱਤਾ, ਸਭ ਕੁਝ ਸੜ ਕੇ ਸੁਆਹ ਹੋ ਗਿਆ, ਲਿਆਂਦੇ ਗਏ ਮਾਲ ਦੀ ਅਦਾਇਗੀ ਵੀ ਹਾਲੇ ਕਰਨ ਵਾਲੀ ਰਹਿੰਦੀ ਸੀ, ਜਮ੍ਹਾਂ ਪੂੰਜੀ ਵੀ ਵਿੱਚ ਹੀ ਚਲੀ ਗਈ ਸੀ। ਪੱਲੇ ਕੁਝ ਵੀ ਨਹੀਂ ਸੀ ਬਚਿਆ। ਮਣਾਂ-ਮੂੰਹੀਂ ਕਰਜ਼ਾ ਸਿਰ ਚੜ੍ਹ ਗਿਆ, ਪਰਮਾਤਮਾ ਦਾ ਏਨਾ ਸ਼ੁਕਰ ਹੈ ਕਿ ਉਸ ਸਮੇਂ ਉਥੇ ਕੋਈ ਘਰ ਦਾ ਜੀਅ ਨਹੀਂ ਸੀ, ਇਸ ਕਰ ਕੇ ਪਰਿਵਾਰ ਦੇ ਸਾਰੇ ਜੀਅ ਸਹੀ ਸਲਾਮਤ ਰਹਿ ਗਏ, ਮੈਂ ਨਿਮੋਝੂਣੇ ਹੋਏ ਪਿਉ ਵਾਅਰੇ ਪੁੱਤਰਾਂ ਨੂੰ ਮਾਂ ਅਤੇ ਬਾਪ ਦੋਵੇਂ ਬਣ ਕੇ ਹੌਸਲਾ ਦਿੱਤਾ, 'ਕੋਈ ਨੀਂ! ਪੁੱਤਰੋ! ਆਪਣਾ ਤਾਂ ਕੁਝ ਵੀ ਨਹੀਂ ਵਿਗੜਿਆ, ਐਵੇਂ ਨ੍ਹੀਂ ਢੇਰੀ ਢਾਹੀ ਦੀ ਹੁੰਦੀ, ਤੁਸੀਂ ਮੇਰੇ ਸ਼ੇਰ ਪੁੱਤ ਹੋ, ਤਕੜੇ ਹੋਵੋ, ਬਥੇਰੀ ਕਮਾਈ ਕਰ ਲਵੋਗੇ, ਬਿਲਕੁਲ ਨ੍ਹੀਂ ਦਿਲ ਛੱਡਣਾ, ਭੀੜਾਂ ਬੰਦਿਆਂ 'ਤੇ ਈ ਪੈਂਦੀਆਂ ਨੇ, ਜਿਗਰਾ ਤਕੜਾ ਰੱਖੋ ਪੁੱਤ।' ਅੰਦਰੋਂ ਤਾਂ ਭਾਵੇਂ ਮੈਂ ਵੀ ਟੁੱਟੀ ਗਈ ਸੀ ਪਰ ਇਹੋ ਜਿਹੇ ਵੇਲੇ ਜੇ ਸਿਆਣੇ ਹੀ ਸਿਰ ਸੁੱਟ ਕੇ ਬਹਿ ਜਾਣ ਤਾਂ ਨਿਆਣਿਆਂ ਨੇ ਤਾਂ ਫੇਰ ਊਂ ਈਂ ਢਹਿੰਦੀ ਕਲਾ ਵਿੱਚ ਚਲੇ ਜਾਣਾ ਸੀ, ਧੀਏ! ਇਹੋ ਜਿਹੇ ਟਾਈਮ ਨੂੰ ਸੰਭਾਲਣ ਵਾਸਤੇ ਸਿਆਣਿਆਂ ਨੂੰ ਤਾਂ ਵੱਡਾ ਜ਼ੇਰਾ ਕਰਨਾ ਪੈਂਦਾ।' 'ਹਾਂ ਜੀ! ਬੇਜੀ! ਇਹ ਗੱਲ ਤਾਂ ਤੁਹਾਡੀ ਠੀਕ ਏ।' ਮੈਂ ਹੁੰਗਾਰਾ ਭਰਿਆ। ਗੱਲ ਅਗਾਂਹ ਤੋਰਦਿਆਂ ਉਹ ਦੱਸਣ ਲੱਗੀ, 'ਅਸੀਂ ਤਾਂ ਏਧਰੋਂ ਘਰ ਬਾਰ ਅਤੇ ਜ਼ਮੀਨ ਜਾਇਦਾਦ ਸਭ ਕੁਝ ਵੇਚ ਵੱਟ ਕੇ ਬਿਜ਼ਨਸ ਕਰਨ ਦੇ ਇਰਾਦੇ ਨਾਲ ਇੰਦੌਰ ਗਏ ਸਾਂ, ਦੁਬਾਰਾ ਸੈੱਟ ਹੋਣ 'ਚ ਬਹੁਤ ਮੁਸ਼ਕਿਲ ਪੇਸ਼ ਆਈ। ਉਧਰ ਬਣਾਇਆ ਘਰ ਬਾਰ, ਟੂੰਮ-ਛੱਲਾ ਜੋ ਕੁਝ ਵੀ ਸਾਡੇ ਕੋਲ ਸੀ ਵੇਚ ਵੱਟ ਕੇ, ਕਰਜ਼ਾ ਲਾਹ ਕੇ ਅਸੀਂ ਫੇਰ ਪੰਜਾਬ ਆ ਗਏ, ਉੱਜੜ ਕੇ ਦੁਬਾਰਾ ਵਸਣਾ ਕਿਤੇ ਖਾਲਾ ਜੀ ਦਾ ਵਾੜਾ ਹੁੰਦੈ! ਸਾਰਾ ਪਰਿਵਾਰ ਹੁਣ ਇਹੀ ਸੋਚਦੈ ਕਿ ਘਰ ਦਾ ਤੋਰੀ ਫੁਲਕਾ ਤੋਰਨ ਲਈ ਹੁਣ ਹੋਰ ਕਿਹੜਾ ਕੰਮ ਸ਼ੁਰੂ ਕੀਤਾ ਜਾਵੇ? ਵੱਡੇ ਮੁੰਡੇ ਨੇ ਸਲਾਹ ਦਿੱਤੀ ਕਿ ਕੋਈ ਅੱਧ ਮੁੱਲ ਦੀ ਬੱਸ ਪਾ ਲਈ ਜਾਵੇ, ਆਹ ਜਿਹੜੀ ਬੱਸ ਨੂੰ ਹੁਣ ਮੈਂ ਉਡੀਕ ਰਹੀ ਆਂ ਇਹ ਕਿਸੇ ਨਜ਼ਦੀਕੀ ਰਿਸ਼ਤੇਦਾਰ ਤੋਂ ਆਪਣੀ ਪੁੱਜਤ ਅਨੁਸਾਰ ਚਲਦੀ ਖ਼ਰੀਦ ਲਈ, ਉਸ ਨੇ ਰੰਗ ਰੋਗਨ ਈ ਏਨੀ ਹੁਸ਼ਿਆਰੀ ਨਾਲ ਕਰਾਇਆ ਕਿ ਦੇਖਣ ਨੂੰ ਇਹ ਜਮ੍ਹਾਂ ਈਂ ਨਵੀਂ ਬਣਾ'ਤੀ, ਰੋਟੀ ਪਾਣੀ ਤੋਰਨ ਦਾ ਵੱਡਾ ਮਸਲਾ ਸਾਹਮਣੇ ਖੜ੍ਹਾ ਸੀ, ਬਹੁਤੀ ਘੋਖ ਪੜਤਾਲ ਕਰਨ ਜੋਗਾ ਸਮਾਂ ਨਹੀਂ ਸੀ ਸਾਡੇ ਕੋਲ, ਸੋ ਅਸੀਂ ਕਾਹਲੀ ਕਰ ਗਏ, ਹੁਣ ਚਲਾਈ ਤਾਂ ਪਤਾ ਲੱਗਿਆ ਕਿ ਇਸ ਬੱਸ ਦਾ ਮਾਡਲ ਕਾਫੀ ਪੁਰਾਣਾ ਹੈ ਤੇ ਇਹ ਵਿਚੋਂ ਸਾਰੀ ਦੀ ਸਾਰੀ ਖੜਕੀ ਪਈ ਐ, ਇਹ ਤਾਂ ਆਏ ਦਿਨ ਹੀ ਖ਼ਰਾਬ ਹੋਈ ਰਹਿੰਦੀ ਐ, ਸਾਥੋਂ ਤਾਂ ਇਹਦੀਆਂ ਮੁਰੰਮਤਾਂ ਈ ਲੋਟ ਨ੍ਹੀਂ ਆਉਂਦੀਆਂ, ਧੀਏ! ਨਿੱਤ ਈ ਇਹ ਵਰਕਸ਼ਾਪ ਲਿਜਾਣੀ ਪੈਂਦੀ ਆ..! ਅੱਜ-ਕੱਲ੍ਹ ਧੀਏ! ਕੋਈ ਨ੍ਹੀਂ ਕਿਸੇ ਦਾ ਸਕਾ, ਸਭ ਪੈਸੇ ਦੇ ਪੁੱਤ ਨੇ, ਕਿਸੇ ਨੂੰ ਵੀ ਦੁਖੀ ਆਦਮੀ ਨਾਲ ਕੋਈ ਹਮਦਰਦੀ ਨਹੀਂ, ਬੰਦਿਆਂ ਵਿੱਚੋਂ ਇਨਸਾਨੀਅਤ ਖ਼ਤਮ ਹੋ ਚੁੱਕੀ ਐ, ਲੋਕ ਤਾਂ ਜਾਇਖਾਨੇ ਦੇ ਲੁੱਟਿਆਂ ਪੁੱਟਿਆਂ ਨੂੰ ਲੁੱਟਣ ਤੋਂ ਵੀ ਭੋਰਾ ਸ਼ਰਮ ਨ੍ਹੀਂ ਮੰਨਦੇ। 'ਉਨ੍ਹਾਂ ਦੀ ਬੱਸ ਅੱਡੇ ਵਿੱਚ ਆ ਚੁੱਕੀ ਸੀ ਤੇ ਉਹ ਆਪਣੇ ਮੁੰਡਿਆਂ ਕੋਲ ਜਾਣ ਲਈ ਉਠ ਕੇ ਖੜ੍ਹੀ ਹੋ ਗਈ।' ਇੰਨੇ ਨੂੰ ਮੇਰੀ ਬੱਸ ਵੀ ਆ ਗਈ। ਉਸ ਬਜ਼ੁਰਗ ਔਰਤ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਮੈਂ ਵੀ ਆਪਣੀ ਮੰਜ਼ਿਲ ਵੱਲ ਜਾਣ ਵਾਲੀ ਬੱਸ ਵਿੱਚ ਜਾ ਬੈਠੀ।

ਉਸ ਦੀਆਂ ਗੱਲਾਂ ਸੁਣਦੀ ਨੂੰ ਮੈਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਬਿੱਲਕੁਲ ਹੀ ਇਸ ਵਰਗੀ ਮਾੜੀ ਘਟਨਾ ਕਿਸੇ ਦਿਨ ਸਾਡੇ ਨਾਲ ਵੀ ਵਾਪਰੇਗੀ। ਸਾਡੀ ਲੁਧਿਆਣੇ ਕੋਠੀ ਸੀ। ਬਦਲੀਆਂ ਨਾ ਹੋਣ ਕਾਰਨ ਅਜੇ ਅਸੀਂ ਉਥੇ ਰਿਹਾਇਸ਼ ਨਹੀਂ ਸੀ ਕੀਤੀ। ਮੇਰੇ ਪਤੀ ਨੇ ਬਗੈਰ ਮੇਰੇ ਨਾਲ ਸਲਾਹ ਕੀਤਿਆਂ ਉਸ ਵਿੱਚ ਆਪਣੇ ਭਤੀਜੇ ਨੂੰ ਬਿਠਾ ਦਿੱਤਾ, ਅਖੇ ਇਨ੍ਹਾਂ ਦੇ ਘਰੇ ਕਲੇਸ਼ ਐ, ਆਪਾਂ ਇਨ੍ਹਾਂ ਦੀ ਮਦਦ ਕਰਨੀ ਐਂ, ਚੱਲ ਊਂ ਵੀ ਤਾਂ ਕੋਠੀ ਵਿਹਲੀ ਪਈ ਐ, ਹੋਰ ਨਹੀਂ ਤਾਂ ਸਾਫ-ਸਫ਼ਾਈ ਹੀ ਰੱਖਿਆ ਕਰਨਗੇ।'

ਅਸੀਂ ਦੋਹਾਂ ਸ਼ਹਿਰਾਂ ਵਿੱਚ ਆਪਣੇ ਦੋਵੇਂ ਪੁੱਤਰਾਂ ਵਾਸਤੇ ਪਹਿਲਾਂ ਹੀ ਵੱਖੋ- ਵੱਖਰੀ ਰਿਹਾਇਸ਼ ਦਾ ਪ੍ਰਬੰਧ ਕੀਤਾ ਹੋਇਆ ਸੀ ਪਰ ਕੁਦਰਤ ਸਾਡੇ ਲਈ ਕੀ ਵਿਉਂਤਾਂ ਘੜੀ ਬੈਠੀ ਹੈ? ਇਹ ਤਾਂ ਅਸੀਂ ਕਦੇ ਸੁਪਨੇ ਵਿੱਚ ਵੀ ਨਹੀਂ ਸੀ ਸੋਚਿਆ।

ਕੁਝ ਸਾਲਾਂ ਬਾਅਦ ਹੀ ਮੇਰਾ 21 ਸਾਲ ਦਾ ਬੇਟਾ ਦੋ ਕੁ ਦਿਨ ਬਿਮਾਰ ਰਹਿ ਕੇ ਸਾਥੋਂ ਸਦਾ ਵਾਸਤੇ ਵਿਛੜ ਗਿਆ। ਸਾਡੇ ਲੁਧਿਆਣੇ ਵਾਲੇ ਘਰ ਵਿੱਚ ਰਹਿ ਰਹੇ ਇਨ੍ਹਾਂ ਦੇ ਭਤੀਜੇ ਦੇ ਮਨ ਵਿੱਚ ਖੋਟ ਆ ਗਈ ਕਿ ਇਨ੍ਹਾਂ ਦੇ ਤਾਂ ਹੁਣ ਇੱਕ ਹੀ ਮੁੰਡਾ ਰਹਿ ਗਿਆ, ਉਹਦੇ ਕੋਲ ਬਥੇਰੀ ਜਾਇਦਾਦ ਏ, ਹੁਣ ਇਨ੍ਹਾਂ ਨੇ ਇਹ ਕੋਠੀ ਕੀ ਕਰਨੀ ਏਂ? ਉਸ ਦਾ ਇਰਾਦਾ ਕੋਠੀ ਦੱਬਣ ਦਾ ਬਣ ਗਿਆ। ਜਦੋਂ ਅਸੀਂ ਉਸ ਨੂੰ ਕੋਠੀ ਖਾਲੀ ਕਰਨ ਲਈ ਕਿਹਾ ਤਾਂ ਉਹ ਸਾਡੇ ਨਾਲ ਦੋ ਹੱਥ ਕਰਨ ਨੂੰ ਤਿਆਰ ਹੋ ਗਿਆ। ਨਜ਼ਦੀਕੀ ਰਿਸ਼ਤੇਦਾਰੀ ਹੋਣ ਕਾਰਨ ਅਸੀਂ ਤਾਂ ਪੁਲਿਸ ਨੂੰ ਵੀ ਇਤਲਾਹ ਨਹੀਂ ਸੀ ਕਰ ਸਕਦੇ। ਮਸਾਂ ਪਿੰਡ ਦੀ ਪੰਚਾਇਤ ਤੇ ਰਿਸ਼ਤੇਦਾਰ ਵਿੱਚ ਪਾ ਕੇ ਉਸ ਤੋਂ ਕੋਠੀ ਦਾ ਕਬਜ਼ਾ ਛੁਡਵਾਇਆ। ਸੱਤ ਸਾਲ ਬਿਨਾਂ ਇੱਕ ਪੈਸਾ ਖਰਚਿਆਂ, ਫਰੀ ਖਾਤੇ ਰਹਿ ਕੇ ਉਹ ਸਾਡਾ ਸਿਰਫ਼ ਨਾਸ਼ੁਕਰਗੁਜ਼ਾਰ ਹੀ ਨਹੀਂ ਸਗੋਂ ਸਾਡਾ ਪੱਕਾ ਦੁਸ਼ਮਣ ਬਣ ਗਿਆ ਤੇ ਇਹ ਦੁਸ਼ਮਣੀ ਅਜੇ ਤੱਕ ਵੀ ਬਰਕਰਾਰ ਹੈ।

ਅੱਜ ਵੀ ਉਸ ਬਜ਼ੁਰਗ ਔਰਤ ਦੀ ਦੁੱਖ ਭਰੀ ਕਹਾਣੀ ਤੇ ਉਸ ਦੇ ਬੋਲ ਕੰਨਾਂ ਵਿੱਚ ਗੂੰਜਣ ਲੱਗ ਪੈਂਦੇ ਹਨ ਕਿ ਲੋਕ ਤਾਂ ਲੁੱਟਿਆਂ ਪੁੱਟਿਆਂ ਨੂੰ ਲੁੱਟਣ ਤੋਂ ਵੀ ਗ਼ੁਰੇਜ਼ ਨਹੀਂ ਕਰਦੇ। ਉਸ ਬਜ਼ੁਰਗ ਮਾਂ ਦੀ ਗੱਲ ਯਾਦ ਕਰ ਕੇ ਮੇਰੀ ਆਤਮਾ ਆਪ ਮੁਹਾਰੇ ਹੀ ਕੁਰਲਾਅ ਉਠਦੀ ਹੈ, ''ਕੋਈ ਨਾ ਬੇਬੇ! ਬੇਕਿਰਕੇ ਰਿਸ਼ਤੇਦਾਰਾਂ ਹੱਥੋਂ ਲੁੱਟੀ ਜਾਣ ਵਾਲੀ ਤੂੰ ਇਕੱਲੀ ਨਹੀਂ ਏਂ, ਅਸੀਂ ਹਮਾਤੜ ਵੀ ਤੇਰੇ ਵਰਗੇ ਹੀ ਹਾਂ।'

ਗਲ਼ਹਿਰੀ ਦੇ ਬੱਚੇ

ਓਮਕਾਰ ਸੂਦ ਬਹੋਨਾ

ਪੰਕਜ ਦੀ ਉਮਰ ਅੱਠਾਂ ਸਾਲਾਂ ਦੀ ਸੀ । ਉਹ ਦੂਜੀ ਜਮਾਤ ਵਿੱਚ ਪੜ੍ਹਦਾ ਸੀ । ਪੜ੍ਹਨ ਵਿੱਚ ਹੁਸ਼ਿਆਰ ਤੇ ਬੋਲਚਾਲ ਵਿੱਚ ਵੀ ਸਿਆਣਾ ਮੁੰਡਾ ਸੀ । ਉਹ ਕਿਸੇ ਨੂੰ ਕੌੜਾ ਤਾਂ ਉੱਕਾ ਹੀ ਨਹੀਂ ਸੀ ਬੋਲਦਾ। ਜਦ ਵੀ ਗੱਲ ਕਰਦਾ ਸੀ ਬੜੀ ਸਿਆਣੀ ਤੇ ਮਧੁਰ ਆਵਾਜ਼ ਵਿੱਚ ਕਰਦਾ ਸੀ।

ਕੁਝ ਦਿਨਾਂ ਤੋਂ ਉਨ੍ਹਾਂ ਦੇ ਘਰ ਮਿਸਤਰੀ ਲੱਗੇ ਹੋਏ ਸਨ । ਊਂ ਮਕਾਨ ਤਾਂ ਉਨ੍ਹਾਂ ਦਾ ਪੱਕਾ ਹੀ ਸੀ । ਚਾਰ-ਪੰਜ ਸਾਲ ਹੋ ਗਏ ਸਨ ਮਕਾਨ ਬਣੇ ਨੂੰ ਪਰ ਪਲੱਸਤਰ ਅਜੇ ਤੱਕ ਇੱਕ ਹੀ ਕਮਰੇ ਨੂੰ ਕਰਵਾਇਆ ਹੋਇਆ ਸੀ । ਬਾਕੀ ਦੋ ਕਮਰੇ ਅਤੇ ਇੱਕ ਬਰਾਂਡਾ ਪਲੱਸਤਰ ਕਰਨ ਵਾਸਤੇ ਹੁਣ ਮਿਸਤਰੀ ਤੇ ਮਜ਼ਦੂਰ ਲਾਏ ਹੋਏ ਸਨ । ਪੰਕਜ ਸਕੂਲੋਂ ਆ ਕੇ ਮਿਸਤਰੀਆਂ ਕੋਲ ਆ ਬੈਠਾ । ਉਹ ਕੰਧਾਂ 'ਤੇ ਪਲੱਸਤਰ ਹੁੰਦਾ ਵੇਖ ਰਿਹਾ ਸੀ । ਮਿਸਤਰੀ ਪਹਿਲਾਂ ਕੰਧ 'ਤੇ ਕਰੰਡੀ ਨਾਲ ਮਸਾਲਾ ਚੇਪ ਦਿੰਦਾ ਤੇ ਬਾਅਦ ਵਿੱਚ ਲਕੜੀ ਦਾ ਚਾਰ ਕੁ ਫੁੱਟਾ ਗ਼ਜ ਫੇਰ ਮਸਾਲੇ ਨੂੰ ਪੱਧਰ ਕਰਦਾ । ਫਿਰ ਹੋਰ ਪੱਧਰ ਕਰਨ ਵਾਸਤੇ ਲੱਕੜੀ ਦਾ ਗੁਰਮਾਲਾ ਫੇਰਦਾ ਤੇ ਅਖੀਰ ਵਿੱਚ ਲੋਹੇ ਦਾ ਗੁਰਮਾਲਾ ਫੇਰ ਕੇ ਕੰਧ ਇੱਕਦਮ ਚਿਕਨੀ ਕਰ ਦਿੰਦਾ ਸੀ । ਪੰਕਜ ਬੈਠਾ ਮਿਸਤਰੀ ਨੂੰ ਕੰਮ ਕਰਦਿਆਂ ਵੇਖ ਰਿਹਾ ਸੀ । ਇਹ ਸਭ ਵੇਖ ਕੇ ਉਸ ਨੂੰ ਬੜਾ ਮਜ਼ਾ ਆ ਰਿਹਾ ਸੀ ।

ਦੁਪਹਿਰੇ ਮਿਸਤਰੀ ਤੇ ਮਜ਼ਦੂਰ ਰੋਟੀ ਖਾਣ ਚਲੇ ਗਏ । ਪੰਕਜ ਉੱਥੇ ਹੀ ਬੈਠਾ-ਬੈਠਾ ਖੇਡਣ ਲੱਗ ਪਿਆ । ਖੇਡਦਿਆਂ-ਖੇਡਦਿਆਂ ਪੰਕਜ ਦਾ ਧਿਆਨ ਕੰਧ ਕੋਲ ਚੱਕਰ ਕੱਟ ਰਹੀ ਇੱਕ ਗਲ਼ਹਿਰੀ ਵੱਲ ਚਲਿਆ ਗਿਆ । ਉਹ ਬੜੀ ਬੇਚੈਨੀ ਨਾਲ ਅੰਦਰ-ਬਾਹਰ ਚੱਕਰ ਲਗਾ ਰਹੀ ਸੀ । ਉਹ ਕੰਧ ਦੇ ਉੱਪਰ ਚੜ੍ਹਨ ਦੀ ਅਸਫ਼ਲ ਕੋਸ਼ਿਸ਼ ਕਰ ਰਹੀ ਸੀ । ਪੰਕਜ ਦਾ ਧਿਆਨ ਖੇਡਣ ਵੱਲੋਂ ਹਟ ਕੇ ਗਲ਼ਹਿਰੀ 'ਤੇ ਕੇਂਦਰਤ ਹੋ ਗਿਆ । ਉਹ ਗਲ਼ਹਿਰੀ ਦੀਆਂ ਬੇਚੈਨ ਹਰਕਤਾਂ ਨੂੰ ਬੜੀ ਉਤਸੁਕਤਾ ਨਾਲ ਵੇਖਣ ਲੱਗ ਪਿਆ । ਉਸ ਨੂੰ ਯਾਦ ਆਇਆ ਕਿ ਕੰਧ ਦੀ ਇੱਕ ਤਰੇੜ ਵਿੱਚ ਗਲ਼ਹਿਰੀ ਦੇ ਬੱਚੇ ਸਨ । ਉਹ ਦਰਜ਼ (ਮੋਰੀ) ਪਲੱਸਤਰ ਹੋਣ ਕਰਕੇ ਬੰਦ ਹੋ ਗਈ ਸੀ । ਬੱਚੇ ਮੋਰੀ ਦੇ ਅੰਦਰ ਹੀ ਸਨ । ਜਿਸ ਕਰਕੇ ਬੱਚਿਆਂ ਕੋਲ ਪਹੁੰਚਣ ਦੀ ਤਾਂਘ ਗਲ਼ਹਿਰੀ ਦੀ ਬੇਚੈਨੀ ਦਾ ਕਾਰਨ ਸੀ । ਗਲ਼ਹਿਰੀ ਨੂੰ ਉਹ ਰੋਜ਼ ਵੇਖਦਾ ਸੀ । ਉਨ੍ਹਾਂ ਦੇ ਘਰੇ ਕਈ ਗਲ਼ਹਿਰੀਆਂ ਘੁੰਮਦੀਆਂ ਫਿਰਦੀਆਂ ਰਹਿੰਦੀਆਂ ਸਨ । ਕਦੇ ਉਹ ਉਨ੍ਹਾਂ ਦੇ ਵਿਹੜੇ ਵਿੱਚ ਉੱਗੇ ਤੂਤ 'ਤੇ ਚੜ੍ਹ ਜਾਂਦੀਆਂ । ਕਦੇ ਗੁਆਂਢੀਆਂ ਦੇ ਘਰੇ ਚਲੀਆਂ ਜਾਂਦੀਆਂ ਸਨ । ਜਿਆਦਾ ਸਮਾਂ ਉਨ੍ਹਾਂ ਦੀ ਕੰਧ 'ਚ ਬਣੀਆਂ ਦਰਜਾਂ ਵਿੱਚ ਛੁਪਦੀਆ-ਨਿਲਕਦੀਆਂ ਰਹਿੰਦੀਆਂ ਸਨ । ਕੰਧਾਂ 'ਤੇ ਪਲੱਸਤਰ ਨਾ ਹੋਇਆ ਹੋਣ ਕਰਕੇ ਕੰਧਾਂ ਵਿੱਚ ਕਈ ਵੱਡੀਆਂ-ਛੋਟੀਆਂ ਖੋੜਾਂ ਸਨ । ਉਨ੍ਹਾਂ ਖੋੜਾਂ ਵਿੱਚ ਗਲ਼ਹਿਰੀਆਂ ਦੇ ਘਰ ਸਨ । ਉੱਪਰ ਛੱਤ ਦੇ ਲੈਂਟਰ ਦੇ ਨਾਲ ਇੱਕ ਵੱਡੀ ਸਾਰੀ ਮੋਰੀ ਵਿੱਚ ਗਲ਼ਹਿਰੀ ਦੇ ਬੱਚਿਆਂ ਦਾ ਉਸ ਨੂੰ ਪਤਾ ਸੀ । ਹੁਣ ਉਹ ਮੋਰੀ ਪਲੱਸਤਰ ਹੋਣ ਕਰਕੇ ਬੰਦ ਹੋ ਗਈ ਸੀ । ਉਸ ਨੇ ਸੋਚਿਆ, 'ਜੇ ਪਲੱਸਤਰ ਸੁੱਕ ਗਿਆ ਤਾਂ ਬੱਚੇ ਵਿੱਚੇ ਹੀ ਦਮ ਘੁੱਟ ਕੇ ਮਰ ਜਾਣਗੇ ।' ਉਹ ਕਿਸੇ ਤਰ੍ਹਾਂ ਗਲ਼ਹਿਰੀ ਦੇ ਮਾਸੂਮ ਬੱਚਿਆਂ ਨੂੰ ਬਚਾਉਣ ਦੀ ਵਿਉਂਤ ਸੋਚਣ ਲੱਗ ਪਿਆ । ਮੋਰੀ ਬਹੁਤ ਉੱਚੀ ਛੱਤ ਦੇ ਨਾਲ ਕਰਕੇ ਸੀ । ਪੰਕਜ ਅਜੇ ਬਹੁਤ ਛੋਟਾ ਸੀ । ਮੋਰੀ ਤੱਕ ਪਹੁੰਚਣਾ ਉਸ ਲਈ ਬੜਾ ਮੁਸ਼ਕਿਲ ਸੀ । ਉਸ ਨੇ ਸੋਚਿਆ ਕਿ ਉਹ ਮਿਸਤਰੀ ਅਤੇ ਮਜ਼ਦੂਰਾਂ ਨੂੰ ਕਹਿ ਕੇ ਗਲ਼ਹਿਰੀ ਦੇ ਬੱਚੇ ਮੋਰੀ ਵਿੱਚੋਂ ਬਾਹਰ ਕਢਵਾ ਦੇਵੇਗਾ । ਇਸ ਲਈ ਜਦੋਂ ਮਿਸਤਰੀ- ਮਜ਼ਦੂਰ ਰੋਟੀ ਖਾ ਕੇ ਵਾਪਸ ਆਏ ਤਾਂ ਉਸ ਨੇ ਕਿਹਾ, 'ਅੰਕਲ ਜੀ, ਉੱਥੇ ਮੋਰੀ ਵਿੱਚ ਗਲ਼ਹਿਰੀ ਦੇ ਬੱਚੇ ਹਨ! ਪਲੱਸਤਰ ਨਾਲ ਮੋਰੀ ਬੰਦ ਹੋ ਗਈ ਹੈ ।'

ਫਿਰ ਅਸੀਂ ਕੀ ਕਰੀਏ ? ਗਲ਼ਹਿਰੀ ਦੇ ਬੱਚੇ ਹੀ ਹਨ ,ਹੋਰ ਤਾਂ ਕੁਝ ਨਹੀਂ ਹੈ ! ਮਿਸਤਰੀ ਉਸ ਦੀ ਗੱਲ ਵਿੱਚੋਂ ਹੀ ਕਟਦਿਆਂ ਰੁੱਖੇ ਜਿਹੇ ਅੰਦਾਜ਼ ਵਿੱਚ ਬੋਲ ਕੇ ਹੱਸ ਪਿਆ । ਕੋਲ ਖੜ੍ਹੇ ਮਜ਼ਦੂਰ ਵੀ ਹਿੜ੍ਹ-ਹਿੜ੍ਹ ਕਰਨ ਲੱਗ ਪਏ । ਪੰਕਜ ਰੋਣਹਾਕਾ ਜਿਹਾ ਹੋ ਗਿਆ । ਕੋਈ ਵਾਹ ਨਾ ਚੱਲਦੀ ਵੇਖ ਉਹ ਦੁਖੀ ਮਨ ਨਾਲ ਆਪਣੇ ਪਾਪਾ ਕੋਲ ਆ ਗਿਆ । ਉਸ ਨੂੰ ਕੁਝ ਚਿਰ ਪਹਿਲਾਂ ਜਿਹੜੇ ਮਜ਼ਦੂਰ ਕੰਮ ਕਰਦੇ ਚੰਗੇ-ਚੰਗੇ ਲੱਗ ਰਹੇ ਸਨ, ਹੁਣ ਉਹੀ ਭੈੜੇ-ਭੈੜੇ ਬਦਮਾਸ਼ ਜਿਹੇ ਜਾਪਣ ਲੱਗ ਪਏ ਸਨ । ਉਸ ਦੇ ਪਾਪਾ ਅਖਬਾਰ ਪੜ੍ਹ ਰਹੇ ਸਨ । ਉਹ ਆਉਂਦਿਆਂ ਹੀ ਨਿਮਰਤਾ ਨਾਲ ਬੋਲਿਆ,

ਪਾਪਾ ਜੀ!

ਦੱਸ ਪੁੱਤਰ ? ਕਹਿ ਕੇ ਉਸ ਦੇ ਪਾਪਾ ਨੇ ਅਖਬਾਰ ਤੋਂ ਧਿਆਨ ਹਟਾ ਕੇ ਉਸ ਦੇ ਮੋਢੇ 'ਤੇ ਹੱਥ ਰੱਖ ਲਿਆ । ਪਿਓ ਦੇ ਮਿੱਠੇ ਬੋਲਾਂ ਅਤੇ ਪਿਆਰ ਨਾਲ ਮੋਢੇ 'ਤੇ ਰੱਖੇ ਹੱਲਾਸ਼ੇਰੀ ਵਰਗੇ ਹੱਥ ਨੇ ਉਸ ਨੂੰ ਬੋਲਣ ਦਾ ਹੌਸਲਾ ਬਖਸ਼ਿਆ । ਉਹ ਬੋਲਿਆ, ਪਾਪਾ ਜੀ, ਉੱਥੇ ਜਿਹੜੇ ਮੋਰੀ ਵਿੱਚ ਕਾਟੋ ਦੇ ਬੱਚੇ ਹਨ, ਉਨ੍ਹਾਂ ਦੀ ਮੋਰੀ ਆਪਣੇ ਮਿਸਤਰੀ ਨੇ ਬੰਦ ਕਰ ਦਿੱਤੀ ਹੈ । ਬੱਚੇ ਵਿੱਚੇ ਹੀ ਹਨ ,ਵਿਚਾਰੇ ਮਰ ਜਾਣਗੇ ! ਪਾਪਾ ਪੰਕਜ ਦੀ ਗੱਲ ਦੀ ਅਸਲੀਅਤ ਸਮਝ ਗਏ । ਬੋਲੇ, ਚੱਲ ਪੁੱਤਰ, ਹੁਣੇ ਹੀ ਆਪਾਂ ਕਢਵਾ ਦਿੰਦੇ ਹਾਂ ਚੱਲ, ਚੱਲ ! ਤੇ ਉਸਦੇ ਪਾਪਾ ਉੱਠ ਕੇ ਉਹਦੇ ਨਾਲ ਦੂਜੇ ਕਮਰੇ ਵਿੱਚ ਚਲੇ ਗਏ । ਪੰਕਜ ਨੇ ਆਪਣੀ ਨਿੱਕੀ ਜਿਹੀ ਉਂਗਲੀ ਨਾਲ ਇਸ਼ਾਰਾ ਕਰਕੇ ਬੱਚਿਆਂ ਬਾਰੇ ਦੱਸਿਆ । ਪਾਪਾ ਨੇ ਕੋਲ ਪਈ ਲੱਕੜ ਦੀ ਪੌੜੀ ਕੰਧ ਨਾਲ ਲਗਾ ਦਿੱਤੀ । ਮਿਸਤਰੀ ਨੂੰ ਕਹਿ ਕੇ ਪਲੱਸਤਰ ਝੜਵਾ ਦਿੱਤਾ । ਫਿਰ ਇੱਕ ਡੱਕੇ ਨਾਲ ਦਰਜ਼ ਖੁਰਚ ਕੇ ਵਿੱਚ ਫਸਿਆ ਗਿੱਲਾ ਮਸਾਲਾ ਵੀ ਕਢਵਾ ਦਿੱਤਾ । ਮੋਰੀ ਵਿੱਚੋਂ ਗਲ਼ਹਿਰੀ ਦੇ ਬੱਚੇ ਬਾਹਰ ਛਾਲਾਂ ਮਾਰ ਗਏ । ਉਹ ਬੇਚੈਨ ਹੋਈ ਫਿਰਦੀ ਆਪਣੀ ਮਾਂ ਦੇ ਸੰਗ ਜਾ ਰਲੇ । ਮਿਸਤਰੀ ਤੇ ਮਜ਼ਦੂਰ ਚੁੱਪਚਾਪ ਖੜ੍ਹੇ ਪੰਕਜ ਦੀ ਦਿਆਲਤਾ ਬਾਰੇ ਸੋਚ ਰਹੇ ਸਨ । ਮਿਸਤਰੀ ਨੂੰ ਸੰਬੋਧਿਨ ਹੋ ਕੇ ਪੰਕਜ ਦੇ ਪਾਪਾ ਬੋਲੇ, ਮਿਸਤਰੀ ਸਾਬ੍ਹ , ਉੱਪਰ ਦੁਬਾਰਾ ਪਲੱਸਤਰ ਮਾਰ ਦੇਵੀਂ ! ਜੀ! ਕਹਿ ਕੇ ਮਿਸਤਰੀ ਬੱਠਲ ਵਿਚਲੇ ਮਸਾਲੇ ਵਿੱਚ ਕਰੰਡੀ ਫੇਰਨ ਲੱਗ ਪਿਆ । ਪੰਕਜ ਮੁਸਕਰਾਉਂਦਾ ਕਿਸੇ ਜੇਤੂ ਵਾਂਗ ਆਪਣੇ ਪਾਪਾ ਦੇ ਨਾਲ ਹੀ ਕਮਰੇ ਵਿੱਚੋਂ ਬਾਹਰ ਨਿਕਲ ਆਇਆ। ਉਸ ਦਾ ਮੁਸਕਰਾਉਂਦਾ ਚਿਹਰਾ ਕਿਸੇ ਗੁਲਾਬ ਦੇ ਖਿੜੇ ਫੁੱਲ ਵਾਂਗ ਪ੍ਰਤੀਤ ਹੋ ਰਿਹਾ ਸੀ।

ਕਾਵਿ ਸੰਸਾਰ

ਖੂਹ ਵਿਚਲਾ ਪਿੱਪਲ
ਰਾਜਦੀਪ ਸਿੰਘ

ਦੀਵੇ ਦਾ ਤੇਲ ਲੋਗੜ ਦੀ ਬੱਤੀ ਰਾਹੀਂ ਲਾਟ ਬਣਦਾ,
ਲੰਘਿਆ ਨ੍ਹੇਰ ਝੱਖੜਾਂ 'ਚੋਂ ਹਕੂਮਤਾਂ ਦੇ ਅੱਗੇ ਤਣਦਾ।
ਅਹਿਸਾਸ ਏਹ ਸਪਰਸ਼ ਦੇਵੇ ਹਵਾ ਦੇ ਲੂਹੇ ਕਣ ਦਾ।
ਪਾਵੇ ਜੰਗ ਨੂੰ ਕ੍ਰਾਂਤੀ ਦੇ ਰਾਹ ਓਹ ਬੰਨ੍ਹ ਸਿਰ ਸ਼ਮ੍ਹਲਾ,
ਭਗਤ, ਕਰਤਾਰ, ਊਧਮ ਸਿੰਹੁ ਜਿਵੇਂ ਹੁੰਦਾ ਰਣ ਦਾ।
ਬੇੜੀ ਬੰਨੇ ਲਾਉਣ ਦੀ ਆਰਜ਼ੂ ਮਘਦੀ ਰੱਖੇ ਹਰ ਪਲ,
ਵਿਹੁ ਵੀ ਚੜ੍ਹਨੋਂ ਹਟ ਜਾਵੇ ਤਦ ਜ਼ਹਿਰੀਲੇ ਫਨ ਦਾ।
ਵਲਵਲਿਆਂ ਨੂੰ ਪਾਲੇ ਬੁੱਕਲ ਇਖ਼ਤਿਆਰੀ ਦੀ ਨਾਲ,
ਤਾਂ ਖਰਾ ਨਤੀਜਾ ਖੜਾਕ ਦੇਵੇ ਓਹਦੇ ਤਾਲੀਮੀ ਘਣ ਦਾ।
ਕਦੇ ਰਗਾਂ ਵਿੱਚ ਅੱਕ ਘੋਲਣਾ ਵੀ ਜ਼ਰੂਰੀ ਬਣਾ ਲਵੇ,
ਕਿਉਂ ਜੁ ਚੂਸ ਸੁੱਟਦੇ ਮੌਕਾਪ੍ਰਸਤ ਟ੍ਰੱਕ ਜਿਉਂ ਚਣ ਦਾ।
ਵਧੇ ਪਿੱਪਲ ਖੂਹ 'ਚ, ਸੁੱਕੀਆਂ ਟਿੰਡਾਂ ਨੂੰ ਰੋਹੀ ਸਮਝੇ,
ਜਾਣੇ ਨਾ ਹਾਲ ਰਹੇ ਜਾਨਦਾਰ ਓਸ ਖੂਹ ਦੀ ਮਣ ਦਾ।

ਮਜ਼ਦੂਰ ਮਾਂ ਦੀ ਲੋਰੀ
ਰਣਜੀਤ ਆਜ਼ਾਦ ਕਾਂਝਲਾ

ਪੇਟੋਂ ਭੁੱਖੀ ਰੋੜੀ ਕੁੱਟਾਂ, ਨਾ ਮਿਲੇ ਪੀਣ ਨੂੰ ਨੀਰ ਵੇ,
ਨਾ ਰੋ ਮੇਰੇ ਪੁੱਤਰਾ! ਨਾ ਉੱਤਰੇ ਛਾਤੀਓਂ ਸੀਰ ਵੇ।
ਧੁੱਪ 'ਚ ਹਾਂ ਕੰਮ ਕਰਦੀ, ਪਿੱਠ ਪਿੱਛੇ ਲਟਕਾਇਆ ਵੇ,
ਸੌਂ ਜਾਹ ਪੁੱਤਰਾ ਸੌਂ ਜਾ, ਰੱਬ ਨੇ ਕੇਹੀ ਜੂਨੇ ਪਾਇਆ ਵੇ,
ਵੱਡੇ ਘਰਾਂ ਦੇ ਬਾਲ ਬੱਚੜੇ, ਖਾਂਦੇ ਖੰਡ ਘਿਉ ਖੀਰ ਵੇ।
ਵੱਡੇ ਘਰਾਂ ਦੇ ਕੁੱਤੇ ਵੀ, ਦੁੱਧ ਨਾਲ ਬਿਸਕੁਟ ਖਾਂਦੇ ਨੇ,
ਹੱਡ ਤੋੜਵੀਂ ਮਿਹਨਤ ਨਾਲ ਵੀ, ਢਿੱਡ ਭਰੇ ਨਾ ਜਾਂਦੇ ਨੇ,
ਕੇਹੀ ਲਿਖ 'ਤੀ ਓਸ ਡਾਢੇ ਨੇ, ਸਾਡੀ ਇਹ ਤਕਦੀਰ ਵੇ।
ਬਾਪੂ ਦਾ ਤੂੰ ਪੁੱਤ ਲਾਡਲਾ, ਕਦੇ ਗੋਦੀ ਚੁੱਕ ਖਿਡਾਇਆ ਨਾ,
ਮੂੰਹ ਨ੍ਹੇਰੇ ਕੰਮ 'ਤੇ ਜਾਂਦੈ, ਚੈਨ ਰਤਾ ਵੀ ਪਾਇਆ ਨਾ,
ਟੁੱਟੀ ਭੱਜੀ ਝੌਪੜੀ ਸਾਨੂੰ ਗ਼ਰੀਬਾਂ ਲਈ ਮਹਿਲ ਹੈ,
ਮੀਹਾਂ ਦੇ ਵਿੱਚ ਤਿੱਪ ਤਿੱਪ ਚੋਵੇ, ਦਿਲ ਜਾਂਦਾ ਦਹਿਲ ਹੈ,
ਐ ਖ਼ੁਦਾ ਕਿੱਧਰ ਜਾਈਏ, ਕੋਈ ਨਾ ਸਾਡਾ ਗੁਰੂ-ਪੀਰ ਵੇ।
ਅਜਿਹੀ ਕਿਸਮਤ ਭੈੜੀ ਖੋਟੀ, ਸਾਨੂੰ ਨਾ ਮਨਜ਼ੂਰ ਹੈ,
ਵਿਹਲੜਾਂ ਨੂੰ ਖੁੱਲ੍ਹੇ ਗੱਫੇ, ਇਹ ਕੇਹਾ ਤੇਰਾ ਦਸਤੂਰ ਹੈ,
ਯਕੀਨ ਜਿਹਾ ਨ੍ਹੀਂ ਆਉਂਦਾ ਤੂੰ ਏਂ ਕਾਹਦਾ ਵਜ਼ੀਰ ਵੇ।
ਦਾਤਾ ਤੇਰੀ ਕਾਣੀ ਵੰਡ 'ਤੇ 'ਆਜ਼ਾਦ' ਸੋਚਦਾ ਰਹਿੰਦਾ ਏ,
ਨਿਆਰੀ ਤੇਰੀ ਕੁਦਰਤ ਤਾਈਂ ਨਜ਼ਰੀਂ ਤੋਲਦਾ ਰਹਿੰਦਾ ਏ,
ਕਿਰਤੀ ਗ਼ਰੀਬਾਂ ਸੰਗ ਐਡਾ ਧੱਕਾ, ਮਨ ਨ੍ਹੀਂ ਧਰਦਾ ਧੀਰ ਵੇ,
ਨਾ ਰੋ ਪੁੱਤਰਾ ਨਾ ਰੋ, ਕਿਵੇਂ ਉੱਤਰੇ ਛਾਤੀਓਂ ਸੀਰ ਵੇ।

ਆਓ ਇਨਸਾਨ ਬਣੀਏ
ਅਜੀਤ ਖੰਨਾ

ਅਸੀਂ ਅੱਜ ਵੀ ਨ੍ਹੀਂ ਭੁੱਲੇ
ਬਾਹਠ ਪੈਂਹਟ ਤੇ 'ਕੱਹਤਰ ਨੂੰ
ਨਾ ਭੁੱਲੇ ਹਾਂ ਬਲੈਕ ਆਊਟ
ਤੇ ਕਾਲੀਆਂ ਰਾਤਾਂ ਨੂੰ
ਨਾ ਭੁੱਲੇ ਬਾਰਡਰ
ਟੈਂਕਾਂ ਦੇ ਗੋਲੇ
ਤੇ ਹਿੱਕ 'ਚ ਖਾਧੀਆਂ
ਗੋਲੀਆਂ ਨੂੰ
ਨਾ ਭੁੱਲੇ ਹਾਂ
ਮੁੰਬਈ, ਸੰਸਦ ਤੇ ਪੁਲਵਾਮਾ ਨੂੰ
ਜੰਗ 'ਚ ਹੁੰਦਾ ਹੈ
ਜਾਨੀ, ਮਾਲੀ ਨੁਕਸਾਨ
ਤੇ ਆਵਾਮ ਦੇ
ਵਿਚਾਰਾਂ ਦਾ ਘਾਣ
ਜੰਗ 'ਚ ਜਿੱਤ
ਸਾਡਾ ਵਹਿਮ ਹੈ
ਅਸੀਂ ਜਿੱਤ ਕੇ ਵੀ
ਹਰਦੇ ਹਾਂ
ਬਦਲੇ ਦੀ ਅੱਗ 'ਚ
ਅਸੀਂ ਗੁਆ ਬਹਿੰਦੇ ਹਾਂ
ਸੁਹਾਗਣਾਂ ਦੇ ਰੰਗ
ਮਾਵਾਂ ਦੀ ਲੋਰੀ
ਤੇ ਭੈਣਾਂ ਦੀ ਰੱਖੜੀ
ਜੰਗ ਕਿਸੇ ਮਸਲੇ ਦਾ ਹੱਲ ਨ੍ਹੀਂ
ਪੁੱਛੋ ਅਮਰੀਕਾ ਨੂੰ
ਹੀਰੋਸ਼ੀਮਾ ਤੇ ਨਾਗਾਸਾਕੀ 'ਤੇ
ਐਟਮ ਬੰਬ ਸੁੱਟ ਕੇ
ਕੀ ਮਿਲਿਆ?
ਹੁਣ ਵੀ ਕੀ ਮਿਲੇਗਾ
ਅਮਰੀਕਾ ਇਜ਼ਰਾਇਲ ਤੇ
ਇਰਾਨ ਨੂੰ ਯੁੱਧ ਕਰਕੇ
ਹਿੰਡ ਤੋਂ ਬਿਨਾਂ
ਕੁਝ ਪੱਲੇ ਨਹੀਂ ਪਵੇਗਾ
ਆਓ!
ਭੁੱਖ, ਗ਼ਰੀਬੀ
ਤੇ ਮੌਤ ਦਾ
ਖੌਅ ਬਣੀਆਂ ਬਿਮਾਰੀਆਂ
ਖ਼ਿਲਾਫ਼ ਇੱਕਮੁੱਠ ਹੋ ਕੇ
ਜੰਗ ਵਿੱਢੀਏ
ਇਹੋ ਧਰਮ, ਕਰਮ
ਤੇ ਫਰਜ਼ ਹੈ 'ਖੰਨੇ' ਮਨੁੱਖ ਦਾ

ਅਸੀਂ ਤੁਰਨਾ ਜਾਣਦੇ ਹਾਂ
ਗੁਰਮੀਤ ਸਿੰਘ ਸੋਹੀ

ਸਾਨੂੰ ਸਮਝੋ ਨਾ ਲਾਚਾਰ, ਅਸੀਂ ਤੁਰਨਾ ਜਾਣਦੇ ਹਾਂ
ਗ਼ਰੀਬੀ ਦੀ ਬੇਸ਼ੱਕ ਮਾਰ, ਅਸੀਂ ਤੁਰਨਾ ਜਾਣਦੇ ਹਾਂ
ਸਾਡੇ ਵੰਸ਼ਾਂ ਦੇ ਖ਼ੂਨ ਦੀ ਲਾਲੀ ਰੰਗ ਲਿਆਊਗੀ
ਸਾਡੇ ਚੋਂਦੇ ਪਸੀਨੇ ਦੀ ਖ਼ੁਸ਼ਬੂ ਮਹਿਕਾਂ ਖਿੰਡਾਊਗੀ
ਮਿਹਨਤ ਸਾਡਾ ਹਥਿਆਰ, ਅਸੀਂ ਤੁਰਨਾ ਜਾਣਦੇ ਹਾਂ
ਸਾਨੂੰ ਸਮਝੋ ਨਾ ਲਾਚਾਰ, ਅਸੀਂ ਤੁਰਨਾ ਜਾਣਦੇ ਹਾਂ
ਹੱਕ ਸੱਚ ਦੀ ਕਮਾਈ ਰੋਟੀ ਮੂੰਹ ਵਿੱਚ ਪਾਉਂਦੇ ਹਾਂ
ਚਾਹੇ ਇੱਕੋ ਵੇਲੇ ਮਿਲ ਜਾਵੇ ਸ਼ੁਕਰ ਮਨਾਉਂਦੇ ਹਾਂ
ਸੁੱਖ ਦੁੱਖ ਲੈਂਦੇ ਸਹਾਰ, ਅਸੀਂ ਤੁਰਨਾ ਜਾਣਦੇ ਹਾਂ
ਸਾਨੂੰ ਸਮਝੋ ਨਾ ਲਾਚਾਰ, ਅਸੀਂ ਤੁਰਨਾ ਜਾਣਦੇ ਹਾਂ
ਗ਼ੁਲਾਮੀ ਦੀਆਂ ਜ਼ੰਜੀਰਾਂ ਨਾ ਗਲ 'ਚ ਪਾ ਸਕਦੇ
ਜ਼ਾਲਮ ਹਕੂਮਤਾਂ ਮੂਹਰੇ ਨਾ ਸਿਰ ਝੁਕਾਅ ਸਕਦੇ
ਅਣਖੀ ਸਾਡਾ ਕਿਰਦਾਰ, ਅਸੀਂ ਤੁਰਨਾ ਜਾਣਦੇ ਹਾਂ
ਸਾਨੂੰ ਸਮਝੋ ਨਾ ਲਾਚਾਰ, ਅਸੀਂ ਤੁਰਨਾ ਜਾਣਦੇ ਹਾਂ
ਹੁੰਦੀ ਏਕੇ ਦੇ ਵਿੱਚ ਸ਼ਕਤੀ ਇਹੋ ਦਿਖਾਉਣੀ ਹੈ
ਸੱਤਾ 'ਚ ਬੈਠੇ ਭੁੱਖਿਆਂ ਦੀ ਕੁਰਸੀ ਹਿਲਾਉਣੀ ਹੈ
ਲਾਵਾਂਗੇ ਉੱਚੀ ਉਡਾਰ, ਅਸੀਂ ਤੁਰਨਾ ਜਾਣਦੇ ਹਾਂ
ਸਾਨੂੰ ਸਮਝੋ ਨਾ ਲਾਚਾਰ, ਅਸੀਂ ਤੁਰਨਾ ਜਾਣਦੇ ਹਾਂ

ਜੰਗ
ਮੋਹਨ ਸ਼ਰਮਾ

ਜੰਗ ਬਹੁਤ ਕੁਝ
ਆਪਣੇ ਨਾਲ ਲੈ ਕੇ
ਆਉਂਦੀ ਹੈ।
ਖੰਡਰਨੁਮਾ ਘਰ, ਮਲਬੇ ਹੇਠ ਦੱਬੀਆਂ
ਲਾਸ਼ਾਂ,
ਡਰ, ਦਹਿਸ਼ਤ, ਸੰਨਾਟਾ,
ਰੌਸ਼ਨੀ ਤੋਂ ਕਿਨਾਰਾਕਸ਼ੀ,
ਦੂਜੀ ਥਾਂ ਬੈਠੇ
ਸਬੰਧੀਆਂ ਦੀ ਚਿੰਤਾ, ਮਾਰੂ ਸੋਚਾਂ,
ਹੁਸੀਨ ਖ਼ਾਬਾਂ 'ਤੇ ਖ਼ੌਫ਼ ਦੀ ਧੂੜ,
ਆਸਮਾਨ ਵਿੱਚ ਫੈਲਿਆ
ਜ਼ਹਿਰੀਲਾ ਧੂੰਆਂ,
ਮਿਜ਼ਾਈਲਾਂ ਅਤੇ ਤੋਪਾਂ ਦੀ
ਗੜਗੜਾਹਟ ਨਾਲ
ਛਿੜੀ ਮਾਰੂ ਕੰਬਣੀ!
ਸੱਚੀਂ, ਜੰਗ ਹਾਸੇ ਨੂੰ
ਦਫ਼ਨ ਕਰਕੇ
ਸੋਗੀ ਦੰਦਲਾਂ ਪਾ ਦਿੰਦੀ ਹੈ!
ਮਿਜ਼ਾਈਲਾਂ ਤੋਪਾਂ ਸੰਤਾਲੀ 'ਚੋਂ
ਨਿਕਲੀ ਅੱਗ
ਨਾਂ, ਧਰਮ ਅਤੇ ਮਜ਼ਹਬ
ਨਹੀਂ ਵੇਖਦੀ!
ਉਹਦਾ ਕਰਮ ਤਾਂ
ਜ਼ਿੰਦਗੀ ਨੂੰ ਲਾਸ਼ ਵਿੱਚ
ਬਦਲਣਾ ਹੈ।
ਲਾਸ਼ ਜਿਸ ਪਰਿਵਾਰ ਦੇ ਵੀ
ਹਿੱਸੇ ਆਉਂਦੀ ਹੈ
ਉਸ ਘਰ ਕਹਿਰ ਵਰ੍ਹਾਉਂਦੀ ਹੈ।
ਕਿਸੇ ਦੂਰ ਵਸੇਂਦੇ ਨਾਲ
ਲੜਾਈ ਸਮੇਂ
ਅਸੀਂ ਪਾਸਾ ਵੱਟ ਕੇ
ਉਸ ਨਾਲ ਸਦੀਵੀ ਰਿਸ਼ਤਾ
ਤੋੜ ਸਕਦੇ ਹਾਂ।
ਮਿੱਤਰਤਾ ਵੀ
ਖ਼ਤਮ ਕੀਤੀ ਜਾ ਸਕਦੀ ਹੈ।
ਪਰ ਗੁਆਂਢੀ ਨਾਲ ਜੰਗ
ਹੋਰ ਵੀ ਖ਼ਤਰਨਾਕ ਹੈ।
ਗੁਆਂਢ ਤਾਂ ਬਦਲਿਆ ਵੀ
ਨਹੀਂ ਜਾ ਸਕਦਾ।
ਹਾਂ, ਪਹਿਲਕਦਮੀ ਕਰਕੇ
ਉਸ ਨੂੰ ਸਮਝਾਇਆ
ਜਾ ਸਕਦੈ।
ਪਿਆਰ ਨਾਲ, ਦਲੀਲਾਂ ਨਾਲ
ਜਾਂ ਫਿਰ
ਅਪਣੱਤ ਦਾ ਚੋਗਾ ਸੁੱਟ ਕੇ!
ਪਰ ਜੇਕਰ ਗੁਆਂਢੀ ਨੇ
ਆਪਣੀ ਸੋਚ 'ਤੇ
ਜ਼ਹਿਰੀਲੀ ਪਾਨ ਚੜ੍ਹਾ ਲਈ ਹੈ
ਅਤੇ ਡੰਗ ਮਾਰਦੀਆਂ
ਸੋਚਾਂ ਨੂੰ
ਅਮਲੀਜਾਮਾ ਪਹਿਨਾ ਲਿਆ ਹੋਵੇ
ਫਿਰ ਤਾਂ
ਦੁਸ਼ਮਣ ਨੂੰ ਹਰਾ ਕੇ ਹੀ
ਸਵੈਮਾਣ, ਅਣਖ ਅਤੇ ਗ਼ੈਰਤ ਨੂੰ
ਜ਼ਿੰਦਾ ਰੱਖਿਆ ਜਾ
ਸਕਦਾ ਹੈ।

ਲੋਕਾਂ ਦੇ ਹੱਕ ਖਾਈ ਜਾਂਦੇ
ਓਮਕਾਰ ਸੂਦ ਬਹੋਨਾ

ਲੋਕੀਂ ਕਹਿਰ ਕਮਾਈ ਜਾਂਦੇ।
ਕੁਦਰਤ ਨੂੰ ਧਮਕਾਈ ਜਾਂਦੇ।
ਵਾਤਾਵਰਨ ਦੀ ਚਿੰਤਾ ਭੁੱਲ ਕੇ,
ਧੂੰਆਂ ਖ਼ੂਬ ਉਡਾਈ ਜਾਂਦੇ।
ਆਗੂ ਕਾਹਦੇ ਦੇਸ਼ ਮੇਰੇ ਦੇ,
ਖ਼ਲਕਤ ਤਾਈਂ ਸਤਾਈ ਜਾਂਦੇ।
ਜੋ ਸਰਕਾਰੀ ਹੋ ਜਾਂਦੇ ਨੇ,
ਉਹੀਓ ਬਣ ਕਸਾਈ ਜਾਂਦੇ।
ਵੋਟਾਂ ਦੇ ਵਿੱਚ ਜਿੱਤ ਕੇ ਲੀਡਰ,
ਲੋਕਾਂ ਦਾ ਹੱਕ ਖਾਈ ਜਾਂਦੇ।
ਖਾ ਕੇ ਲੋਕਾਂ ਦੇ ਹੱਕਾਂ ਨੂੰ,
ਮੋਟੇ ਢਿੱਡ ਵਧਾਈ ਜਾਂਦੇ।
ਤੂੰ ਤੂੰ, ਮੈਂ ਮੈਂ ਕਰਕੇ ਲੋਕੀਂ,
ਆਪੋ ਸਿੰਗ ਭਿੜਾਈ ਜਾਂਦੇ।
ਆਪਾ ਧਾਪੀ ਚਾਰੇ ਪਾਸੇ,
ਸਾਰੇ ਹੀ ਚੰਦ ਚੜ੍ਹਾਈ ਜਾਂਦੇ।
ਯਾਰ ਬਹੋਨੇ ਕੀ ਕਹੀਏ ਦੱਸ,
ਮਾਰੀ ਸਭ ਭਕਾਈ ਜਾਂਦੇ।

ਗ਼ਜ਼ਲ
ਨਵਰਾਹੀ ਘੁਗਿਆਣਵੀ

ਰਗ ਰਗ ਵਿੱਚ ਹੰਕਾਰ ਬੋਲਦਾ।
ਕਿਧਰੇ ਕਿਧਰੇ ਪਿਆਰ ਬੋਲਦਾ।
ਜਿੱਦਾਂ ਤੁਸੀਂ ਬੁਲਾਉਣਾ ਚਾਹੋ,
ਓਦਾਂ ਹੀ ਸੰਸਾਰ ਬੋਲਦਾ।
ਕੀ ਬੋਲਣ ਬੇਚਾਰੇ ਪੰਛੀ,
ਸ਼ਿਕਰਾ ਤੇਜ਼ ਤਰਾਰ ਬੋਲਦਾ।
'ਨਵਰਾਹੀ' ਸਾਗਰ ਦਾ ਪਾਣੀ,
ਧਰਤੀ ਦੇ ਅਨੁਸਾਰ ਬੋਲਦਾ।

* * *

ਘਾਣ ਮਨੁੱਖਤਾ ਦਾ
ਦੀਪਿਕਾ ਅਰੋੜਾ

ਬਾਰੂਦ ਦੇ ਇੱਕ ਢੇਰ 'ਤੇ ਦੁਨੀਆ ਸਜਾਈ ਬੈਠੇ ਹਾਂ,
ਦੋਗਲੇ ਕਿਰਦਾਰ ਤੋਂ ਆਪਾਂ ਆਸ ਲਾਈ ਬੈਠੇ ਹਾਂ।
ਸੱਪ ਵਾਂਗੂ ਡੱਸਣਾ ਉਹਦਾ ਭੁੱਲਿਆ ਬੇਸ਼ੱਕ ਨਹੀਂ,
ਢੀਠ ਬਣ ਪਰ ਚੋਟਾਂ ਉੱਪਰ ਚੋਟ ਖਾਈ ਬੈਠੇ ਹਾਂ।
ਜਦ ਮਨੁੱਖਤਾ ਟੋਟੇ ਕਰ ਕੇ ਹਾਕਮਾਂ ਨੇ ਬਾਲ 'ਤੀ,
ਦੋ ਕੁ ਖਾਰੇ ਹੰਝੂ ਸੋਗਾਂ ਵਿੱਚ ਵਹਾਈ ਬੈਠੇ ਹਾਂ।
ਸੱਤਾ ਦਾ ਹੰਕਾਰ ਅੰਨ੍ਹਾ ਭੁੱਖ ਹੈ ਵਿਸਥਾਰ ਦੀ,
ਕੇਹੇ-ਕੇਹੇ ਪਾਗਲਾਂ ਨੂੰ ਸਿਰ ਚੜ੍ਹਾਈ ਬੈਠੇ ਹਾਂ।
ਦੋ ਗਜ਼ ਜ਼ਮੀਂ ਮੱਲਣ ਦਾ ਜਜ਼ਬਾ ਕੋਹਾਂ ਦੂਰ ਹੈ,
ਧਰਤੀ ਦੇ ਹਰ ਜ਼ੱਰੇ 'ਤੇ ਕਬਜ਼ਾ ਜਮਾਈ ਬੈਠੇ ਹਾਂ।
ਦੋ ਪਹਿਰ ਦੀ ਰੋਟੀ ਵਿੱਚੋਂ ਇੱਕ ਹੈ ਮਨਫ਼ੀ ਹੋ ਰਹੀ,
ਸੋਚਾਂ ਵਿੱਚ ਉਲਝੇ ਪਏ ਨੀਂਦਰ ਗਵਾਈ ਬੈਠੇ ਹਾਂ।
ਮਾਸੂਮਾਂ ਦੇ ਕਤਲ ਨੂੰ ਜੋ ਘਾਣ ਹੀ ਮੰਨਦਾ ਨਹੀਂ,
ਐਸੇ ਜ਼ਾਲਿਮ ਨਾਲ ਵੀ ਯਾਰੀ ਲਗਾਈ ਬੈਠੇ ਹਾਂ।
ਖ਼ਾਕ ਹੋਈਆਂ ਬੇਟੀਆਂ ਦੀ ਰੂਹ ਹੈ ਆ ਕੇ ਪੁੱਛ ਰਹੀ,
ਕਿੰਨੇ ਨਕਸ਼ੇ ਸਿਵਿਆਂ ਦੀ ਹਿੱਕ 'ਤੇ ਬਣਾਈ ਬੈਠੇ ਹਾਂ।

ਗ਼ਜ਼ਲ
ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਜਗਾ ਲੈ ਲਾਟ ਮੱਥੇ ਦੀ ਕਿ ਦੀਵੇ ਬਾਲ ਸਰਨਾ ਨਹੀਂ
ਇਹ ਹਾਕਮ ਹੈ ਬੜਾ ਜ਼ਾਲਮ, ਇਹਨੇ ਆਸਾਨ ਹਰਨਾ ਨਹੀਂ।
ਕਿ ਲੁੱਟਦੇ ਨੇ ਪਏ ਲੋਟੂ, ਬਣਾ ਕੇ ਸਾਂਝ ਸੱਤਾ ਨਾਲ
ਜ਼ਰਾ ਵੀ ਤੂੰ ਜੇ ਖੰਘੇਂਗਾ, ਇਨ੍ਹਾਂ ਨੇ ਉਹ ਵੀ ਜਰਨਾ ਨਹੀਂ।
ਕਰੇ ਹੈ ਤਾਬਿਆਦਾਰੀ, ਜੋ ਰਾਖਾ ਹੈ ਕਾਨੂੰਨਾਂ ਦਾ
ਤੂੰ ਮਿਟ ਜਾ ਸੱਚ ਦੀ ਖ਼ਾਤਰ, ਕਿਸੇ ਤੋਂ ਤੂੰ ਤੇ ਡਰਨਾ ਨਹੀਂ।
ਤਲੀ 'ਤੇ ਸੀਸ ਧਰ ਕੇ ਤੂੰ, ਲੜੀਂ ਸਾਹ ਆਖ਼ਰੀ ਤੀਕਰ
ਕਿ ਹੈ ਇਹ ਦਸ ਸਿਰਾ ਰਾਵਣ, ਬੜਾ ਆਸਾਨ ਮਰਨਾ ਨਹੀਂ।
ਇੱਕੋ ਹੀ ਜ਼ਿੰਦਗੀ ਮਿਲਣੀ, ਕਿ ਦੂਜਾ ਦੌਰ ਮਿਲਣਾ ਨਹੀਂ
ਜੇ ਸੁੱਤਾ ਤੂੰ ਵੀ ਰਹਿਜੇਂਗਾ, ਕਿਸੇ ਨੇ ਯਾਦ ਕਰਨਾ ਨਹੀਂ।
ਕਿ ਚੱਲ ਉੱਠ ਦਿਲਬਰਾ ਚੱਲ ਵੇ, ਹੈ ਸਾਗਰ ਕੂਕਦਾ ਮੂਹਰੇ
ਜੇ ਮੋਤੀ ਲਾਲ ਚੁਗਣੇ ਤੂੰ, ਜਾ ਟੁੱਬੀ ਮਾਰ, ਤਰਨਾ ਨਹੀਂ।

ਕੱਚੇ ਵਿਹੜੇ
ਕੁਲਵਿੰਦਰ ਵਿਰਕ

ਹੱਡ-ਭੰਨ੍ਹਵੀਂ ਮਿਹਨਤ ਕਰਦੇ
ਫੈਕਟਰੀਆਂ, ਕਾਰਖਾਨੇ,
ਸ਼ੌਪਿੰਗ ਮਾਲ, ਆਸ਼ਿਆਨੇ,
ਬਹੁ-ਮੰਜ਼ਿਲੀ ਇਮਾਰਤਾਂ ਉਸਾਰਦੇ ਕਾਮੇ
ਦਫ਼ਤਰ, ਬੰਗਲੇ, ਮਹਿਲ ਉਸਾਰਦੇ।
ਚੋਣ ਲੱਗ ਜਾਂਦੀਆਂ ਐਪਰ
ਆਪਣੇ ਕੋਠਿਆਂ ਦੀਆਂ
ਕੱਚੀਆਂ ਛੱਤਾਂ
ਬੱਦਲਾਂ ਨੂੰ ਵੇਖ ਕੇ ਹੀ
ਡੁੱਬ ਜਾਂਦਾ ਹੈ ਦਿਲ
ਉਦਾਸ ਜਿਹਾ ਹੋ ਕੇ ਸੋਚੇ
ਕਦੋਂ ਚੜ੍ਹੇਗਾ
ਕੱਚੇ ਕੋਠਿਆਂ ਉੱਤੋਂ ਦੀ
ਸੂਰਜ ਸੁਨਹਿਰੀ ਹੋ ਕੇ।

ਦੁਨੀਆ ਦੇ ਰੰਗ
ਐਡਵੋਕੇਟ ਗੁਰਤੇਜ ਸਿੰਘ ਖੁਡਾਲ

ਦੁਨੀਆ ਦੇ ਵੀ ਰੰਗ ਬੜੇ ਨੇ,
ਸੋਹਣੇ ਤੇ ਬਦਰੰਗ ਬੜੇ ਨੇ।
ਲੋਕਾਂ ਕੋਲ ਨਕਾਬ ਬੜੇ ਨੇ,
ਬਦਲਣ ਦੇ ਅੰਦਾਜ਼ ਬੜੇ ਨੇ।
ਮੂੰਹ 'ਤੇ ਮਿੱਠੀਆਂ ਗੱਲਾਂ ਕਰਦੇ,
ਅੰਦਰੋਂ ਇਹ ਤਲਵਾਰ ਬੜੇ ਨੇ।
ਆਪਣਾ ਘਰ ਜੋ ਸਾਂਭ ਨਾ ਸਕਦੇ,
ਦੂਜਿਆਂ ਲਈ ਪਹਿਰੇਦਾਰ ਬੜੇ ਨੇ।
ਦੁਨੀਆ ਕੋਈ ਜਿੱਤ ਨ੍ਹੀਂ ਸਕਿਆ,
ਹੁੰਦੇ ਆਪਣੇ ਹੀ ਗੱਦਾਰ ਬੜੇ ਨੇ।
'ਖੁਡਾਲ' ਜੋ ਖ਼ੁਦ ਨੂੰ ਜਿੱਤ ਲੈਂਦੇ ਨੇ,
ਹੁੰਦੇ ਬੰਦੇ ਓਹ ਮਹਾਨ ਬੜੇ ਨੇ।

ਪ੍ਰਿੰ. ਸਰਵਣ ਸਿੰਘ
+1-905-779-1661

ਟੈਨਿਸ ਦੀ ਮਹਾਰਾਣੀ
ਸੇਰੇਨਾ ਵਿਲੀਅਮਜ਼

ਸੇਰੇਨਾ ਵਿਲੀਅਮਜ਼ ਦੋ ਦਹਾਕੇ ਟੈਨਿਸ ਦੀ ਸਰਬੋਤਮ ਖਿਡਾਰਨ ਬਣੀ ਰਹੀ। ਉਹਦੇ ਵੱਲੋਂ 33 ਗਰੈਂਡ ਸਲੈਮਾਂ ਦੇ ਫਾਈਨਲ ਮੈਚ ਖੇਡਣੇ ਤੇ 23 ਗਰੈਂਡ ਸਲੈਮ ਜਿੱਤਣੇ ਕਹਿ ਦੇਣੀ ਗੱਲ ਹੈ! ਉਸ ਨੇ 1980ਵਿਆਂ 'ਚ ਟੈਨਿਸ ਖੇਡਣੀ ਸ਼ੁਰੂ ਕੀਤੀ ਸੀ ਅਤੇ 1990ਵਿਆਂ 'ਚ ਵਿਸ਼ਵ ਦੀ ਅੱਵਲ ਨੰਬਰ ਖਿਡਾਰਨ ਬਣ ਗਈ ਸੀ। ਫਿਰ ਟੈਨਿਸ ਖੇਡਣ ਦੀ ਐਸੀ ਮੈਰਾਥਨ ਲਾਈ ਜੋ 2000ਵਿਆਂ, 2010ਵਿਆਂ ਤੇ 2020ਵਿਆਂ ਵਿੱਚ ਪਹੁੰਚ ਕੇ ਪੂਰੀ ਹੋਈ। 2026 'ਚ 45 ਸਾਲਾਂ ਦੀ ਹੋਣ ਤੱਕ ਉਸ ਨੇ ਲਗਭਗ 40 ਸਾਲ ਟੈਨਿਸ ਖੇਡੀ ਹੋਵੇਗੀ। ਕੁਆਰੀ ਹੁੰਦੀ ਨੇ ਤਾਂ ਖੇਡਣਾ ਹੀ ਸੀ, ਵਿਆਹ ਕਰਾ ਕੇ ਤੇ ਦੋ ਧੀਆਂ ਦੀ ਮਾਂ ਬਣ ਕੇ ਵੀ ਖੇਡਦੀ ਰਹੀ।

ਉਸ ਨੇ 23 ਸਾਲਾਂ ਦੇ ਪ੍ਰੋਫੈਸ਼ਨਲ ਖੇਡ ਜੀਵਨ ਦੌਰਾਨ ਉੱਚ ਪਾਏ ਦੇ 1014 ਸਿੰਗਲਜ਼ ਮੈਚ ਖੇਡੇ ਜਿਨ੍ਹਾਂ 'ਚੋਂ 858 ਮੈਚ ਜਿੱਤੇ। ਇਸ ਦੌਰਾਨ ਉਸ ਨੇ ਸਿੰਗਲਜ਼ ਦੇ 73 ਖ਼ਿਤਾਬ ਵੀ ਹਾਸਲ ਕੀਤੇ। ਉਨ੍ਹਾਂ ਵਿੱਚ 23 ਗਰੈਂਡ ਸਲੈਮ ਖ਼ਿਤਾਬ ਸਨ। ਉਹ 319 ਹਫ਼ਤੇ ਵਿਸ਼ਵ ਦੀ ਅੱਵਲ ਨੰਬਰ ਖਿਡਾਰਨ ਬਣੀ ਰਹੀ। ਉਸ ਨੇ ਮਹਿਲਾਵਾਂ ਦੇ 224 ਡਬਲਜ਼ ਮੈਚ ਖੇਡੇ ਜਿਨ੍ਹਾਂ 'ਚੋਂ 190 ਮੈਚ ਜਿੱਤੇ। ਉਸ ਦੇ ਜਿੱਤੇ ਹੋਏ 23 ਡਬਲਜ਼ 'ਚੋਂ 14 ਗਰੈਂਡ ਸਲੈਮ ਖ਼ਿਤਾਬ ਹਨ। ਗਰੈਂਡ ਸਲੈਮ ਡਬਲਜ਼ ਦੇ ਫਾਈਨਲਾਂ 'ਚ ਤਾਂ ਉਹ ਕਦੇ ਵੀ ਨਹੀਂ ਹਾਰੀ। ਉਸ ਨੇ ਮਿਕਸਡ ਡਬਲਜ਼ ਦੇ ਕੁੱਲ 31 ਮੈਚ ਖੇਡੇ ਜਿਨ੍ਹਾਂ 'ਚੋਂ 27 ਜਿੱਤੇ। ਉਨ੍ਹਾਂ ਵਿੱਚ 2 ਗਰੈਂਡ ਸਲੈਮ ਸਨ। ਓਲੰਪਿਕ ਖੇਡਾਂ ਵਿੱਚੋਂ ਵੀ ਉਸ ਨੇ 4 ਗੋਲਡ ਮੈਡਲ ਜਿੱਤੇ ਜਿਨ੍ਹਾਂ 'ਚੋਂ 3 ਡਬਲਜ਼ ਤੇ 1 ਸਿੰਗਲਜ਼ ਦੇ ਹਨ। ਉਹਨੇ 1 ਵਾਰ ਫੈਡਰੇਸ਼ਨ ਕੱਪ ਤੇ 2 ਵਾਰ ਹੋਪਮੈਨ ਕੱਪ ਵੀ ਜਿੱਤਿਆ।

ਉਸ ਦਾ ਪੂਰਾ ਨਾਂਅ ਸੇਰੇਨਾ ਜਮੇਕਾ ਵਿਲੀਅਮਜ਼ ਹੈ। ਉਹਦਾ ਜਨਮ 26 ਸਤੰਬਰ 1981 ਨੂੰ ਟੈਨਿਸ ਦੇ ਖਿਡਾਰੀ ਤੇ ਕੋਚ ਰਿਚਰਡ ਵਿਲੀਅਮਜ਼ ਦੇ ਘਰ ਮਾਤਾ ਔਰਾਸੀਨ ਪ੍ਰਾਈਸ ਦੀ ਕੁੱਖੋਂ ਅਮਰੀਕਾ ਦੀ ਸਟੇਟ ਮਿਸ਼ੀਗਨ ਦੇ ਸ਼ਹਿਰ ਸਾਗਿਨਾਅ ਵਿੱਚ ਹੋਇਆ। ਉਹਦੀ ਮਾਂ ਦੀ ਕੁੱਖੋਂ ਪੰਜ ਧੀਆਂ ਜੰਮੀਆਂ ਜਿਨ੍ਹਾਂ 'ਚ ਸੇਰੇਨਾ ਸਭ ਤੋਂ ਛੋਟੀ ਹੈ। ਸੇਰੇਨਾ ਚਾਰ ਸਾਲਾਂ ਦੀ ਤੇ ਉਹਦੀ ਵੱਡੀ ਭੈਣ ਪੰਜ ਸਾਲਾਂ ਦੀ ਸੀ ਜਦੋਂ ਉਨ੍ਹਾਂ ਦੇ ਮਾਪੇ ਦੋਹਾਂ ਧੀਆਂ ਨੂੰ ਲੈ ਕੇ ਕੈਲੀਫੋਰਨੀਆ ਦੇ ਸ਼ਹਿਰ ਕੋਂਪਟਨ ਚਲੇ ਗਏ। ਉਨ੍ਹੀਂ ਦਿਨੀਂ ਮਾਂ-ਬਾਪ ਦੀ ਰੀਸੇ ਦੋਹਾਂ ਧੀਆਂ ਨੇ ਟੈਨਿਸ ਦੇ ਰੈਕਟ ਫੜਨੇ ਤੇ ਟੈਨਿਸ ਖੇਡਣੀ ਸ਼ੁਰੂ ਕਰ ਲਈ ਹੋਈ ਸੀ। ਉਦੋਂ ਸੇਰੇਨਾ 9 ਸਾਲਾਂ ਦੀ ਵਿਦਿਆਰਥਣ ਸੀ। ਚਾਰਾਂ ਜੀਆਂ ਦਾ ਪਰਿਵਾਰ ਵੈੱਸਟ ਪਾਮ ਬੀਚ, ਫਲੋਰੀਡਾ ਵਿਖੇ ਰਹਿਣ ਲੱਗਾ। ਬੇਸ਼ੱਕ ਪਿਤਾ ਖ਼ੁਦ ਚੰਗਾ ਕੋਚ ਸੀ, ਪਰ ਸਮਝਦਾ ਸੀ ਕਿ ਫਲੋਰੀਡਾ ਅਕੈਡਮੀ ਦਾ ਕੋਚ ਰਿੱਕ ਮੈਕੀ ਬਿਹਤਰ ਕੋਚਿੰਗ ਦੇ ਸਕੇਗਾ। ਉਹ ਵਿਲੀਅਮਜ਼ ਭੈਣਾਂ ਨੂੰ ਆਪਣੇ ਬੱਚਿਆਂ ਵਾਂਗ ਹੀ ਸਮਝਦਾ। ਉਹਦੀ ਅਕੈਡਮੀ ਦੇ ਖਿਡਾਰੀ ਚੰਗੇ ਨਤੀਜੇ ਦੇ ਰਹੇ ਸਨ ਤੇ ਯੂਨਾਈਟਿਡ ਸਟੇਟਸ ਟੈਨਿਸ ਐਸੋਸੀਏਸ਼ਨ ਦੇ ਟੂਰ ਲਾ ਰਹੇ ਸਨ। ਜਦੋਂ ਸੇਰੇਨਾ 10 ਸਾਲ ਦੀ ਹੋਈ ਤਾਂ ਉਹਦੇ ਪਿਤਾ ਨੇ ਧੀਆਂ ਨੂੰ ਟੂਰ 'ਤੇ ਜਾਣੋ ਰੋਕ ਦਿੱਤਾ ਤਾਂ ਕਿ ਸਕੂਲੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ। ਅੰਦਰਖਾਤੇ ਉਸ ਨੂੰ ਮਹਿਸੂਸ ਹੋਣ ਲੱਗਾ ਸੀ ਕਿ ਟੂਰਾਂ 'ਚ ਰੰਗ ਭੇਦ ਦਾ ਫਰਕ ਰੱਖਿਆ ਜਾ ਰਿਹੈ। 1995 'ਚ ਜਦੋਂ ਵਿਲੀਅਮਜ਼ ਭੈਣਾਂ ਨੌਵੇਂ ਗਰੇਡ ਵਿੱਚ ਸਨ ਤਾਂ ਪਿਤਾ ਨੇ ਧੀਆਂ ਅਕੈਡਮੀ 'ਚੋਂ ਹਟਾ ਲਈਆਂ ਤੇ ਘਰ ਵਿੱਚ ਹੀ ਟ੍ਰੇਨਿੰਗ ਦੇਣ ਲੱਗ ਪਿਆ।

ਸਾਲ 1995 'ਚ ਕੱਦ-ਕਾਠ ਦੀ ਨਿੱਗਰ ਸੇਰੇਨਾ ਵੱਡੀ ਭੈਣ ਵੀਨਸ ਵਾਂਗ ਟੈਨਿਸ ਦੀ ਪ੍ਰੋਫੈਸ਼ਨਲ ਖਿਡਾਰਨ ਬਣ ਗਈ। ਵਧੇਰੇ ਟੈਨਿਸ ਪ੍ਰੇਮੀਆਂ ਦਾ ਅਨੁਮਾਨ ਸੀ ਕਿ ਵੀਨਸ, ਸੇਰੇਨਾ ਤੋਂ ਪਹਿਲਾਂ ਗਰੈਂਡ ਸਲੈਮ ਜਿੱਤੇਗੀ, ਪਰ ਹੋਣਹਾਰ ਸੇਰੇਨਾ 1999 ਦਾ ਯੂ.ਐੱਸ. ਓਪਨ ਜਿੱਤ ਕੇ ਵੀਨਸ ਤੋਂ ਪਹਿਲਾਂ ਗਰੈਂਡ ਸਲੈਮ ਸਿੰਗਲਜ਼ ਦਾ ਟਾਈਟਲ ਜਿੱਤ ਗਈ। ਬਾਅਦ ਵਿੱਚ ਦੋਹਾਂ ਭੈਣਾਂ ਨੇ ਡਬਲਜ਼ ਦੇ 14 ਗਰੈਂਡ ਸਲੈਮ ਸਾਂਝੇ ਜਿੱਤ ਕੇ ਧੰਨ ਧੰਨ ਕਰਵਾ ਦਿੱਤੀ।

ਸੇਰੇਨਾ ਦੀ ਮਰਦਾਂ ਵਰਗੀ ਸ਼ਕਤੀਸ਼ਾਲੀ ਖੇਡ ਸ਼ੈਲੀ ਨੇ ਔਰਤਾਂ ਦੀ ਖੇਡ ਵਿੱਚ ਵੀ ਇਨਕਲਾਬ ਲੈ ਆਂਦਾ। ਉਹ ਤੇ ਉਹਦੀ ਵੱਡੀ ਭੈਣ ਵੀਨਸ 1990ਵਿਆਂ ਦੇ ਅੱਧ 'ਚ ਵਿਮੈਂਨਜ਼ ਟੈਨਿਸ ਐਸੋਸੀਏਸ਼ਨ ਦੇ ਟੂਰਾਂ ਦੀਆਂ ਪ੍ਰਮੁੱਖ ਖਿਡਾਰਨਾਂ ਬਣ ਗਈਆਂ ਸਨ। ਸਿੰਗਲਜ਼ ਮੈਚਾਂ 'ਚ ਵੀ ਤੇ ਡਬਲਜ਼ ਮੈਚਾਂ ਵਿੱਚ ਵੀ। ਉਹ ਜਿੱਧਰ ਜਾਂਦੀਆਂ ਧੂੜਾਂ ਪੁੱਟੀ ਜਾਂਦੀਆਂ। ਸੇਰੇਨਾ 5 ਵਾਰ ਵਿਸ਼ਵ ਦੀ ਨੰਬਰ 1 ਟੈਨਿਸ ਖਿਡਾਰਨ ਐਲਾਨੀ ਜਾਂਦੀ ਰਹੀ। ਉਹ ਵਿਸ਼ਵ ਦੀ ਇੱਕੋ ਖਿਡਾਰਨ ਹੈ ਜਿਸ ਨੂੰ ਸਿੰਗਲਜ਼ ਤੇ ਡਬਲਜ਼ ਵਿੱਚ ਕਰੀਅਰ ਗੋਲਡਨ ਸਲੈਮ ਖ਼ਿਤਾਬਾਂ ਨਾਲ ਸਨਮਾਨਿਆ ਗਿਆ ਤੇ ਟੈਨਿਸ ਦੀ ਰਾਣੀ ਹੀ ਨਹੀਂ ਮਹਾਰਾਣੀ ਕਿਹਾ ਜਾਣ ਲੱਗਾ।ਉਹ ਅਜੇ 17 ਸਾਲਾਂ ਦੀ ਸੀ ਕਿ ਉਸ ਨੇ ਯੂ.ਐੱਸ. ਓਪਨ ਦਾ ਮੇਜਰ ਟੂਰਨਾਮੈਂਟ ਜਿੱਤ ਕੇ ਪਹਿਲੀ ਵੱਡੀ ਛਾਲ ਮਾਰੀ। ਫਿਰ ਉਹ ਤੇ ਉਹਦੀ ਭੈਣ ਪੌੜੀ ਦਰ ਪੌੜੀ ਚੜ੍ਹਦੀਆਂ ਗਰੈਂਡ ਸਲੈਮਾਂ ਦੀਆਂ ਗੁੱਡੀਆਂ ਘੁਕਾਉਣ ਲੱਗੀਆਂ। ਉਨ੍ਹਾਂ ਨੇ ਦੁਨੀਆ ਦੀਆਂ ਮਹਾਨ ਟੈਨਿਸ ਖਿਡਾਰਨਾਂ ਜਸਟਿਨ ਹੈਨਿਨ ਤੇ ਮਾਰੀਆ ਸ਼ਾਰਾਪੋਵਾ ਵਰਗੀਆਂ ਦੀਆਂ ਗੁੱਡੀਆਂ ਘੁਕਾ ਦਿੱਤੀਆਂ। ਸੇਰੇਨਾ ਦਾ 23 ਗਰੈਂਡ ਸਲੈਮ ਜਿੱਤਣ ਦਾ ਰਿਕਾਰਡ ਸਟੈਫੀ ਗਰਾਫ ਦੇ 22 ਸਲੈਮਾਂ ਦੇ ਰਿਕਾਰਡ ਨੂੰ ਮਾਤ ਪਾ ਗਿਆ। ਜਿੱਥੇ ਉਹਦੀਆਂ ਜਿੱਤਾਂ ਦੀ ਚਰਚਾ ਹੁੰਦੀ, ਉੱਥੇ ਉਹਦੇ ਗੁੰਦਵੇਂ ਮਸਕੁਲਰ ਜੁੱਸੇ, ਵਾਲ਼ਾਂ ਦੇ ਵੱਖ ਵੱਖ ਫੈਸ਼ਨ, ਗਲ਼ ਦੀ ਜੰਜ਼ੀਰੀ, ਰੰਗੀਨ ਨਹੁੰਆਂ ਤੇ ਸਖੀ ਵਿਹਾਰ ਦੀਆਂ ਵੀ ਬਾਤਾਂ ਪੈਂਦੀਆਂ। ਉਹਦੀ ਕੈਟ-ਕਿੱਟ ਦੀਆਂ ਵੀ ਗੱਲਾਂ ਹੁੰਦੀਆਂ।

ਹਾਰਡ ਕੋਰਟਾਂ 'ਤੇ ਉਹ ਸਭ ਤੋਂ ਵੱਧ 13 ਗਰੈਂਡ ਸਲੈਮ ਜਿੱਤਣ ਵਾਲੀ ਖਿਡਾਰਨ ਹੈ। ਉਨ੍ਹਾਂ 'ਚ 7 ਆਸਟ੍ਰੇਲੀਅਨ ਓਪਨ ਤੇ 6 ਯੂ.ਐੱਸ. ਓਪਨ ਹਨ। 30 ਸਾਲ ਤੋਂ ਵੱਧ ਉਮਰ ਦੀ ਹੋ ਕੇ 10 ਗਰੈਂਡ ਸਲੈਮ ਜਿੱਤਣ ਦਾ ਉਹਦਾ ਰਿਕਾਰਡ ਬੇਜੋੜ ਹੈ। ਉਹ ਮਰਦ ਤੇ ਮਹਿਲਾ ਵਰਗਾਂ ਵਿੱਚ ਇਕਲੌਤੀ ਖਿਡਾਰਨ ਹੈ ਜਿਸ ਨੇ 6 ਵਾਰ ਘੱਟੋ ਘੱਟ 3 ਗਰੈਂਡ ਸਲੈਮ ਜਿੱਤੇ। 2016 ਵਿੱਚ ਉਹ ਵਿਸ਼ਵ ਦੀ ਪਹਿਲੀ ਖਿਡਾਰਨ ਬਣੀ ਜਿਸ ਨੇ ਗਰੈਂਡ ਸਲੈਮ ਮੁਕਾਬਲਿਆਂ ਵਿੱਚ 60 ਤੋਂ ਵੱਧ ਮੈਚ ਜਿੱਤੇ। 35 ਸਾਲਾਂ ਤੋਂ ਵਡੇਰੀ ਉਮਰ ਵਿੱਚ ਗਰੈਂਡ ਸਲੈਮ ਜਿੱਤਣ ਵਾਲੀ ਵੀ ਅਜੇ ਤੱਕ ਉਹ ਦੁਨੀਆ ਦੀ ਪਹਿਲੀ ਟੈਨਿਸ ਖਿਡਾਰਨ ਹੈ।ਸਾਲ 2015 ਵਿੱਚ ਇਲੱਸਟ੍ਰੇਟਿਡ ਮੈਗਜ਼ੀਨ ਨੇ ਉਸ ਨੂੰ 'ਸਪੋਰਟਸ ਪਰਸਨ ਆਫ ਦਿ ਯੀਅਰ' ਚੁਣਿਆ ਸੀ। ਚਿੱਟੇ ਚਮਕਦੇ ਦੰਦਾਂ ਤੇ ਸਾਂਵਲੇ ਰੰਗ ਦੀ ਇਸ ਖਿਡਾਰਨ ਨੇ ਨਕਦ ਰਾਸ਼ੀ ਦੇ ਇਨਾਮ ਜਿੱਤਣ ਵਿੱਚ ਵੀ ਨਵੇਂ ਰਿਕਾਰਡ ਰੱਖੇ। 2016 ਵਿੱਚ ਉਸ ਨੂੰ 29 ਮਿਲੀਅਨ ਭਾਵ 2 ਕਰੋੜ 90 ਲੱਖ ਅਮਰੀਕਨ ਡਾਲਰਾਂ ਦੀ ਇਨਾਮੀ ਰਾਸ਼ੀ ਮਿਲੀ ਜੋ ਹੋਰਨਾ ਖਿਡਾਰਨਾਂ ਤੋਂ ਕਿਤੇ ਵੱਧ ਸੀ।

(ਬਾਕੀ ਸਫ਼ਾ 27 'ਤੇ)

ਕਿਸੇ ਫ਼ਿਲਮ ਤੋਂ ਘੱਟ ਨਹੀਂ ਹੈ ਫ਼ੁੱਟਬਾਲ ਰੈਫ਼ਰੀ ਐਲਿਫ਼ ਕਾਰਾਅਰਸਲਾਨ ਦੀ ਜ਼ਿੰਦਗੀ

ਰੋਮਾਂਚਿਕ ਹੈ ਐਲਿਫ਼ ਕਾਰਾਅਰਸਲਾਨ ਦਾ ਫੁੱਟਬਾਲ ਦੇ ਮੈਦਾਨ ਤੋਂ ਡਿਜੀਟਲ ਯੁੱਗ ਤੱਕ ਦਾ ਸਫ਼ਰ

ਪ੍ਰਿੰ.ਹਰਦੀਪ ਸਿੰਘ

ਸੋਸ਼ਲ ਮੀਡੀਆ ਦੇ ਦੌਰ ਵਿੱਚ, ਇੱਕ ਵੀਡੀਓ ਜਾਂ ਇੱਕ ਘਟਨਾ ਕਿਸੇ ਦੀ ਜ਼ਿੰਦਗੀ ਨੂੰ ਪਲਕ ਝਪਕਦਿਆਂ ਬਦਲ ਸਕਦੀ ਹੈ। ਕਈ ਵਾਰ ਇਹ ਬਦਲਾਅ ਸਕਾਰਾਤਮਕ ਹੁੰਦਾ ਹੈ ਅਤੇ ਕਈ ਵਾਰ ਵਿਵਾਦਪੂਰਨ। ਤੁਰਕੀ ਦੀ 24 ਸਾਲਾ ਫ਼ੁੱਟਬਾਲ ਰੈਫਰੀ ਐਲਿਫ਼ ਕਾਰਾਅਰਸਲਾਨ ਦੀ ਕਹਾਣੀ ਇਸੇ ਵਰਤਾਰੇ ਦੀ ਉਦਾਹਰਣ ਹੈ। ਜਿਸ ਖੇਡ ਮੈਦਾਨ ਨੇ ਉਸ ਨੂੰ ਪਛਾਣ ਦਿੱਤੀ, ਉਥੋਂ ਹੀ ਇੱਕ ਵਿਵਾਦ ਨੇ ਉਸ ਨੂੰ ਬਾਹਰ ਕਰ ਦਿੱਤਾ, ਪਰ ਉਸ ਵਿਵਾਦ ਨੇ ਉਸ ਨੂੰ ਇੱਕ ਅਜਿਹੇ ਮੁਕਾਮ 'ਤੇ ਪਹੁੰਚਾ ਦਿੱਤਾ ਜਿਥੋਂ ਅੱਜ ਉਹ ਕਰੋੜਾਂ ਰੁਪਏ ਦੀ ਮਾਲਕ ਬਣ ਗਈ ਹੈ।

ਫ਼ੁੱਟਬਾਲ ਕੋਚ ਐਲਿਫ਼ ਕਾਰਾਅਰਸਲਾਨ ਦਾ ਜਨਮ ਤੁਰਕੀ ਵਿੱਚ ਹੋਇਆ। ਉਸ ਨੂੰ ਬਚਪਨ ਤੋਂ ਫ਼ੁੱਟਬਾਲ ਖੇਡਣ ਦਾ ਸ਼ੌਕ ਸੀ। ਉਹ ਪਹਿਲਾਂ ਇੱਕ ਪੇਸ਼ੇਵਰ ਫ਼ੁੱਟਬਾਲ ਖਿਡਾਰੀ ਵਜੋਂ ਮੈਦਾਨ ਵਿੱਚ ਉਤਰੀ, ਪਰ ਇੱਕ ਗੰਭੀਰ ਸੱਟ ਕਾਰਨ ਉਸ ਨੂੰ ਖੇਡ ਛੱਡਣੀ ਪਈ ਪਰ ਫ਼ੁੱਟਬਾਲ ਪ੍ਰਤੀ ਉਸ ਦੇ ਜਨੂੰਨ ਨੇ ਉਸ ਨੂੰ ਮੈਦਾਨ ਤੋਂ ਦੂਰ ਨਹੀਂ ਹੋਣ ਦਿੱਤਾ ਤੇ ਉਸ ਨੇ ਰੈਫਰੀ ਬਣਨ ਦਾ ਫ਼ੈਸਲਾ ਕੀਤਾ। 24 ਸਾਲ ਦੀ ਉਮਰ ਤੱਕ ਉਹ ਤੁਰਕੀ ਦੇ ਫ਼ੁੱਟਬਾਲ ਸਰਕਲ ਵਿੱਚ ਇੱਕ ਜਾਣਿਆ-ਪਛਾਣਿਆ ਚਿਹਰਾ ਬਣ ਚੁੱਕੀ ਸੀ। ਸੁੰਦਰਤਾ ਅਤੇ ਫ਼ੁੱਟਬਾਲ ਦੀ ਸਮਝ ਕਾਰਨ ਉਹ ਸੋਸ਼ਲ ਮੀਡੀਆ 'ਤੇ ਵੀ ਕਾਫੀ ਮਸ਼ਹੂਰ ਸੀ। ਸਭ ਕੁਝ ਠੀਕ-ਠਾਕ ਚੱਲ ਰਿਹਾ ਸੀ ਪਰ ਸਾਲ 2024 ਵਿੱਚ ਇੱਕ ਅਜਿਹੀ ਘਟਨਾ ਵਾਪਰੀ ਜਿਸ ਨੇ ਪੂਰੇ ਖੇਡ ਜਗਤ ਨੂੰ ਹਿਲਾ ਕੇ ਰੱਖ ਦਿੱਤਾ। ਐਲਿਫ਼ ਕਾਰਾਅਰਸਲਾਨ ਦਾ ਇੱਕ 61 ਸਾਲਾ ਅਧਿਕਾਰੀ ਓਰਹਾਨ ਇਰਦੇਮੀਰ ਨਾਲ ਇੱਕ ਵੀਡੀਓ ਵਾਇਰਲ ਹੋਇਆ। ਓਰਹਾਨ ਇੱਕ ਸਾਬਕਾ ਰੈਫਰੀ ਅਤੇ ਨਿਰੀਖਕ ਸੀ। ਇਸ ਵੀਡੀਓ ਦੇ ਸਾਹਮਣੇ ਆਉਣ ਤੋਂ ਬਾਅਦ ਤੁਰਕੀ ਫ਼ੁੱਟਬਾਲ ਫੈਡਰੇਸ਼ਨ ਨੇ ਸਖ਼ਤ ਕਾਰਵਾਈ ਕੀਤੀ ਅਤੇ ਨੈਤਿਕਤਾ ਦੇ ਆਧਾਰ 'ਤੇ ਫੈਡਰੇਸ਼ਨ ਨੇ ਦੋਵਾਂ ਦਾ ਰੈਫਰੀ ਲਾਇਸੈਂਸ ਰੱਦ ਕਰ ਦਿੱਤਾ ਅਤੇ ਉਨ੍ਹਾਂ 'ਤੇ ਉਮਰ ਭਰ ਦੀ ਪਾਬੰਦੀ ਲਾ ਦਿੱਤੀ। ਐਲਿਫ਼ ਦੇ ਖੇਡ ਪ੍ਰੇਮੀਆਂ ਨੇ ਉਸ ਦੀ ਆਲੋਚਨਾ ਕੀਤੀ।

ਇਸ ਘਟਨਾ ਤੋਂ ਬਾਅਦ ਐਲਿਫ਼ ਨੇ ਚੁੱਪ ਰਹਿਣ ਦੀ ਬਜਾਏ ਲੜਨ ਦਾ ਫ਼ੈਸਲਾ ਕੀਤਾ। ਉਸ ਨੇ ਇਸ ਵੀਡੀਓ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਅਤੇ ਦਾਅਵਾ ਕੀਤਾ ਕਿ ਇਹ ਵੀਡੀਓ 'ਆਰਟੀਫੀਸ਼ੀਅਲ ਇੰਟੈਲੀਜੈਂਸ' ਰਾਹੀਂ ਬਣਾਇਆ ਗਿਆ ਹੈ। ਉਸ ਦਾ ਕਹਿਣਾ ਸੀ ਕਿ ਇਹ 'ਡੀਪਫੇਕ' ਵੀਡੀਓ ਹੈ ਜਿਸ ਵਿੱਚ ਉਸ ਦੇ ਚਿਹਰੇ ਦੀ ਵਰਤੋਂ ਕਰਕੇ ਉਸ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਪਰ ਉਸ ਦੀ ਕੌਣ ਮੰਨੇ। ਫੇਰ ਉਸ ਨੇ ਕਾਨੂੰਨੀ ਲੜਾਈ ਲੜਨ ਦਾ ਐਲਾਨ ਕੀਤਾ ਅਤੇ ਉਸ ਨੇ ਕਿਹਾ ਕਿ ਉਹ ਆਪਣਾ ਸਨਮਾਨ ਬਹਾਲ ਕਰਵਾ ਕੇ ਰਹੇਗੀ। ਇਸ ਦਾਅਵੇ ਨੇ ਇਸ ਮਾਮਲੇ ਨੂੰ ਚਰਚਾ ਦੇ ਨਵੇਂ ਰਾਹ ਤੋਰ ਦਿੱਤਾ ਕਿ ਕਿਵੇਂ ਏ ਆਈ ਤਕਨੀਕ ਕਿਸੇ ਦੀ ਨਿੱਜੀ ਜ਼ਿੰਦਗੀ ਨੂੰ ਬਰਬਾਦ ਕਰਨ ਲਈ ਵਰਤੀ ਜਾ ਸਕਦੀ ਹੈ। ਆਮ ਤੌਰ 'ਤੇ ਅਜਿਹੇ ਵਿਵਾਦਾਂ ਤੋਂ ਬਾਅਦ ਪੀੜਤ ਲੋਕਾਂ ਦੀਆਂ ਨਜ਼ਰਾਂ ਤੋਂ ਬਚਦੇ ਹਨ, ਪਰ ਐਲਿਫ਼ ਨੇ ਇਸ ਨੂੰ ਮੌਕੇ ਵਜੋਂ ਵਰਤਿਆ। ਵੀਡੀਓ ਵਾਇਰਲ ਹੋਣ ਤੋਂ ਬਾਅਦ ਉਸ ਦੀ ਸੋਸ਼ਲ ਮੀਡੀਆ ਫਾਲੋਇੰਗ, ਖਾਸ ਕਰ ਕੇ ਇੰਸਟਾਗ੍ਰਾਮ 'ਤੇ ਤੇਜ਼ੀ ਨਾਲ ਵਧੀ। ਉਸ ਨੇ ਇਸ ਪ੍ਰਸਿੱਧੀ ਨੂੰ ਕਮਾਈ ਵਿੱਚ ਬਦਲਣ ਲਈ ਇੰਸਟਾਗ੍ਰਾਮ 'ਤੇ 'ਐਕਸਕਲੂਸਿਵ ਕੰਟੈਂਟ' ਫੀਚਰ ਦੀ ਵਰਤੋਂ ਸ਼ੁਰੂ ਕੀਤੀ।

ਅੱਜ ਹਾਲਾਤ ਇਹ ਹਨ ਕਿ 22,000 ਤੋਂ ਵੱਧ ਲੋਕਾਂ ਨੇ ਉਸ ਦਾ ਮਾਸਿਕ ਸਬਸਕ੍ਰਿਪਸ਼ਨ ਲਿਆ ਹੋਇਆ ਹੈ। ਰਿਪੋਰਟਾਂ ਮੁਤਾਬਕ ਉਸ ਦੀ ਮਹੀਨਾਵਾਰ ਕਮਾਈ ਲਗਪਗ 70,000 ਡਾਲਰ (60 ਲੱਖ ਭਾਰਤੀ ਰੁਪਏ) ਤੋਂ ਵੱਧ ਹੋ ਗਈ ਹੈ। ਇਹ ਕਮਾਈ ਉਸ ਦੀ ਰੈਫਰੀ ਵਜੋਂ ਹੁੰਦੀ ਕਮਾਈ ਨਾਲੋਂ ਕਈ ਗੁਣਾ ਜ਼ਿਆਦਾ ਹੈ। ਐਲਿਫ਼ ਕਾਰਾਅਰਸਲਾਨ ਦਾ ਇਹ ਕੇਸ 'ਅਟੈਨਸ਼ਨ ਇਕੌਨਮੀ' ਭਾਵ ਧਿਆਨ ਕੇਂਦਰਿਤ ਕਰਨ ਵਾਲੀ ਅਰਥ ਵਿਵਸਥਾ ਦਾ ਇੱਕ ਵੱਡਾ ਉਦਾਹਰਣ ਹੈ। ਲੋਕ ਚਾਹੇ ਨਿੰਦਾ ਕਰਨ ਜਾਂ ਸਮਰਥਨ, ਪਰ ਉਹ ਪ੍ਰਭਾਵਿਤ ਵਿਅਕਤੀ ਦੀ ਪ੍ਰੋਫਾਈਲ 'ਤੇ ਜ਼ਰੂਰ ਜਾਂਦੇ ਹਨ। ਐਲਿਫ਼ ਨੇ ਇਸ ਪੱਖ ਨੂੰ ਆਪਣੇ ਫਾਇਦੇ ਲਈ ਵਰਤਿਆ। ਇਹ ਘਟਨਾ ਇਹ ਵੀ ਦਰਸਾਉਂਦੀ ਹੈ ਕਿ ਕਿਵੇਂ ਡਿਜੀਟਲ ਪਲੇਟਫਾਰਮਾਂ 'ਤੇ ਕਮਾਈ ਦੇ ਸਾਧਨ ਕਿਤੇ ਵੱਡੇ ਅਤੇ ਤੇਜ਼ ਹਨ। ਜੇਕਰ ਐਲਿਫ਼ ਦਾ ਦਾਅਵਾ ਸਹੀ ਹੈ ਕਿ ਵੀਡੀਓ ਏ ਆਈ ਜੈਨਰੇਟਡ ਸੀ ਤਾਂ ਇਹ ਸਾਡੇ ਭਵਿੱਖ ਲਈ ਇੱਕ ਬਹੁਤ ਹੀ ਡਰਾਉਣੀ ਚਿਤਾਵਨੀ ਹੈ, ਜੋ ਦਰਸਾਉਂਦੀ ਹੈ ਕਿ ਕਿਵੇਂ ਕਿਸੇ ਵੀ ਔਰਤ ਦੀ ਤਸਵੀਰ ਜਾਂ ਵੀਡੀਓ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਜਾ ਸਕਦਾ ਹੈ। ਪਰ ਦੂਜੇ ਪਾਸੇ, ਕੁਝ ਲੋਕਾਂ ਦਾ ਮੰਨਣਾ ਹੈ ਕਿ ਇਹ ਸਿਰਫ਼ ਬਚਣ ਦਾ ਇੱਕ ਬਹਾਨਾ ਵੀ ਹੋ ਸਕਦਾ ਹੈ। ਕਾਰਨ ਜੋ ਵੀ ਹੋਵੇ, ਇਸ ਘਟਨਾ ਨੇ ਦੁਨੀਆ ਭਰ ਵਿੱਚ ਏ ਆਈ ਦੀਆਂ ਨੈਤਿਕ ਸੀਮਾਵਾਂ 'ਤੇ ਬਹਿਸ ਛੇੜ ਦਿੱਤੀ ਹੈ।

ਐਲਿਫ਼ ਕਾਰਾਅਰਸਲਾਨ ਦੀ ਜ਼ਿੰਦਗੀ ਅੱਜ ਪੂਰੀ ਤਰ੍ਹਾਂ ਬਦਲ ਚੁੱਕੀ ਹੈ। ਉਹ ਹੁਣ ਸਿਰਫ਼ ਇੱਕ ਰੈਫਰੀ ਨਹੀਂ, ਸਗੋਂ ਆਲਮ

ਸਤਿੰਦਰ ਸਰਤਾਜ ਆਸਟ੍ਰੇਲੀਆ 'ਚ ਪਾਉਣਗੇ ਗਾਇਕੀ ਦੀਆਂ ਧੁੰਮਾਂ

ਮੈਲਬੌਰਨ/ਏ.ਟੀ.ਨਿਊਜ਼ : ਪੰਜਾਬੀ ਸੰਗੀਤ ਦੇ ਮਸ਼ਹੂਰ ਗਾਇਕ ਡਾ. ਸਤਿੰਦਰ ਸਰਤਾਜ 16 ਮਈ ਅਤੇ 17 ਮਈ ਨੂੰ ਰੌਡ ਲੇਵਰ ਏਰੀਨਾ ਵਿੱਚ ਆਪਣੇ ਹੈਰਿਟੇਜ ਟੂਰ ਦੇ ਤਹਿਤ ਪੇਸ਼ਕਾਰੀ ਕਰਨ ਜਾ ਰਹੇ ਹਨ। ਜਾਣਕਾਰੀ ਮੁਤਾਬਕ ਇਹ ਮੌਕਾ ਬਹੁਤ ਹੀ ਜ਼ਿਆਦਾ ਇਤਿਹਾਸਕ ਹੋਣ ਵਾਲਾ ਹੈ, ਕਿਉਂਕਿ ਮਸ਼ਹੂਰ ਪੰਜਾਬੀ ਗਾਇਕ ਸਤਿੰਦਰ ਸਰਤਾਜ ਪਹਿਲੇ ਭਾਰਤੀ ਗਾਇਕ ਬਣਨਗੇ, ਜਿਨ੍ਹਾਂ ਨੂੰ ਇਸ ਪ੍ਰਸਿੱਧ ਏਰੀਨਾ ਵਿੱਚ ਲਗਾਤਾਰ ਦੋ ਸ਼ੋਅ ਕਰਨ ਦਾ ਮਾਣ ਪ੍ਰਾਪਤ ਹੋਵੇਗਾ। ਇਸ ਪੰਜਾਬੀ ਸੰਗੀਤ ਨੂੰ ਲੈ ਕੇ ਕਰੇਟਿਵ ਈਵੈਂਟਸ ਤੋਂ ਸ਼ਿੰਕੂ ਨਾਭਾ ਅਤੇ ਬਲਵਿੰਦਰ ਲਾਲੀ ਨੇ ਦੱਸਿਆ ਕਿ ਡਾ. ਸਤਿੰਦਰ ਸਰਤਾਜ ਪੰਜਾਬੀਆਂ ਦੇ ਮਾਣ ਮੱਤੇ ਗਾਇਕ ਹਨ। ਉਨ੍ਹਾਂ ਦੀ ਵਧਦੀ ਲੋਕਪ੍ਰੀਅਤਾ ਅਤੇ ਪੰਜਾਬੀਆਂ ਦੀ ਪੁਰਜ਼ੋਰ ਮੰਗ ਦੇ ਕਾਰਨ 16 ਮਈ ਤੋਂ ਬਾਅਦ 17 ਮਈ ਨੂੰ ਵੀ ਰੌਡ ਲੇਵਰ ਏਰੀਨਾ ਵਿੱਚ ਦੂਜਾ ਸ਼ੋਅ ਰੱਖਿਆ ਗਿਆ ਹੈ। ਇਨ੍ਹਾਂ ਸ਼ੋਆਂ ਨੂੰ ਪੰਜਾਬੀ ਦਰਸ਼ਕਾਂ ਵੱਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ।

ਦੱਸ ਦੇਈਏ ਕਿ ਇਹ ਉਪਲਬਧੀ ਨਾ ਸਿਰਫ਼ ਪੰਜਾਬੀ ਸੰਗੀਤ ਲਈ ਵੱਡਾ ਮੀਲ ਪੱਥਰ ਹੈ, ਸਗੋਂ ਭਾਰਤੀ ਕਲਾ ਅਤੇ ਸੱਭਿਆਚਾਰ ਨੂੰ ਵਿਸ਼ਵ ਪੱਧਰ 'ਤੇ ਨਵੀਂ ਪਛਾਣ ਦੇਣ ਵਾਲਾ ਮਹੱਤਵਪੂਰਨ ਪਲ ਵੀ ਹੈ। ਸਰਤਾਜ ਦੇ ਗੀਤਾਂ ਦੀ ਰੂਹਾਨੀਅਤ ਅਤੇ ਵਿਰਾਸਤੀ ਸੁਗੰਧ ਹਮੇਸ਼ਾ ਦਰਸ਼ਕਾਂ ਨੂੰ ਮੋਹਦੀ ਰਹੀ ਹੈ ਅਤੇ ਹੁਣ ਮੈਲਬਰਨ ਵਿੱਚ ਇਹ ਪ੍ਰੋਗਰਾਮ ਪੰਜਾਬੀ ਕਲਾ ਦੇ ਸ਼ਾਨਦਾਰ ਪ੍ਰਦਰਸ਼ਨ ਵਜੋਂ ਦਰਜ ਹੋਵੇਗਾ। ਜ਼ਿਕਰਯੋਗ ਹੈ ਕਿ ਡਾਕਟਰ ਸਰਤਾਜ ਇਨੀਂ ਦਿਨੀਂ 'ਹੈਰੀਟੇਜ ਟੂਰ' ਤਹਿਤ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਦੇ ਦੌਰੇ 'ਤੇ ਹਨ।

ਕਾਨ ਫਿਲਮ ਫੈਸਟੀਵਲ 'ਚ ਹਿੱਸਾ ਲਵੇਗਾ ਐਮੀ ਵਿਰਕ

ਪੰਜਾਬੀ ਸਿਨੇਮਾ ਦੇ ਪ੍ਰਸ਼ੰਸਕਾਂ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਜਿਸ ਕਾਨ ਫਿਲਮ ਫੈਸਟੀਵਲ ਦੇ ਰੈੱਡ ਕਾਰਪੇਟ 'ਤੇ ਅਸੀਂ ਹਮੇਸ਼ਾ ਬਾਲੀਵੁੱਡ ਅਤੇ ਹਾਲੀਵੁੱਡ ਸਿਤਾਰਿਆਂ ਨੂੰ ਦੇਖਦੇ ਸੀ, ਇਸ ਵਾਰ ਉੱਥੇ ਸਾਡੇ ਪੰਜਾਬ ਦਾ 'ਕਿਸਮਤ' ਸਟਾਰ ਐਮੀ ਵਿਰਕ ਆਪਣੀ ਚਮਕ ਬਿਖੇਰਨ ਜਾ ਰਿਹਾ ਹੈ। 2026 ਦਾ ਕਾਨ ਫਿਲਮ ਫੈਸਟੀਵਲ ਪੰਜਾਬੀ ਇੰਡਸਟਰੀ ਲਈ ਇਤਿਹਾਸਕ ਹੋਣ ਵਾਲਾ ਹੈ।ਫ਼ਰਾਂਸ ਵਿੱਚ 12 ਮਈ ਤੋਂ 23 ਮਈ ਤੱਕ ਚੱਲਣ ਵਾਲੇ ਇਸ ਵੱਕਾਰੀ ਮੇਲੇ ਵਿੱਚ ਐਮੀ ਵਿਰਕ ਪਹਿਲੀ ਵਾਰ ਸ਼ਾਮਲ ਹੋਣਗੇ। ਪਰ ਐਮੀ ਇਕੱਲੇ ਨਹੀਂ ਜਾ ਰਹੇ। ਉਨ੍ਹਾਂ ਦੇ ਨਾਲ ਨਜ਼ਰ ਆਵੇਗੀ ਖੂਬਸੂਰਤ ਅਦਾਕਾਰਾ ਰੂਪੀ ਗਿੱਲ। ਇਹ ਜੋੜੀ ਆਪਣੀ ਆਉਣ ਵਾਲੀ ਫਿਲਮ 'ਚੜ੍ਹਦੀਕਲ੍ਹਾ' ਦੀ ਪ੍ਰਮੋਸ਼ਨ ਲਈ ਅੰਤਰਰਾਸ਼ਟਰੀ ਮੰਚ 'ਤੇ ਪਹੁੰਚ ਰਹੀ ਹੈ। ਪੰਜਾਬੀ ਸਿਨੇਮਾ ਦਾ ਇਸ ਪੱਧਰ 'ਤੇ ਜਾਣਾ ਇਹ ਸਾਬਤ ਕਰਦਾ ਹੈ ਕਿ ਸਾਡੀਆਂ ਫਿਲਮਾਂ ਹੁਣ ਸਿਰਫ ਪੰਜਾਬ ਤੱਕ ਸੀਮਿਤ ਨਹੀਂ ਰਹੀਆਂ, ਸਗੋਂ ਗਲੋਬਲ ਹੋ ਰਹੀਆਂ ਹਨ।ਸਿਰਫ ਪੰਜਾਬ ਹੀ ਨਹੀਂ, ਇਸ ਵਾਰ ਭਾਰਤ ਦੀ ਮੌਜੂਦਗੀ ਕਾਨ ਫਿਲਮ ਫੈਸਟੀਵਲ ਵਿੱਚ ਬਹੁਤ ਮਜ਼ਬੂਤ ਰਹਿਣ ਵਾਲੀ ਹੈ। ਮਸ਼ਹੂਰ ਫਿਲਮ ਨਿਰਮਾਤਾ ਆਸ਼ੂਤੋਸ਼

(ਬਾਕੀ ਸਫ਼ਾ 27 'ਤੇ)

ਗਿੱਪੀ ਗਰੇਵਾਲ 'ਅਕਾਲ - ਦਿ ਅਨਕੌਂਕਰਡ' ਦੇ ਨਿਰਦੇਸ਼ਨ ਲਈ ਬੈਸਟ ਡਾਇਰੈਕਟਰ ਪੁਰਸਕਾਰ ਨਾਲ ਸਨਮਾਨਿਤ

ਮੁੰਬਈ/ਏ.ਟੀ.ਨਿਊਜ਼: ਅਦਾਕਾਰ, ਫ਼ਿਲਮ ਨਿਰਮਾਤਾ, ਲੇਖਕ ਅਤੇ ਨਿਰਦੇਸ਼ਕ ਗਿੱਪੀ ਗਰੇਵਾਲ ਨੂੰ 'ਅਕਾਲ - ਦਿ ਅਨਕੌਂਕਰਡ' ਦੇ ਨਿਰਦੇਸ਼ਨ ਲਈ ਦਾਦਾ ਸਾਹਿਬ ਫ਼ਾਲਕੇ ਪੁਰਸਕਾਰ ਸਮਾਰੋਹ 'ਚ ਬੈਸਟ ਡਾਇਰੈਕਟਰ ਦੇ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ।

ਗਿੱਪੀ ਗਰੇਵਾਲ ਦੁਆਰਾ ਲਿਖੀ ਅਤੇ ਨਿਰਦੇਸ਼ਤ, 'ਅਕਾਲ - ਦਿ ਅਨਕੌਂਕਰਡ' ਨੂੰ ਆਲੋਚਕਾਂ ਅਤੇ ਦਰਸ਼ਕਾਂ ਦੋਵਾਂ ਤੋਂ ਭਾਰੀ ਹੁੰਗਾਰਾ ਮਿਲਿਆ ਹੈ। ਫ਼ਿਲਮ ਨੂੰ ਇਸਦੀ ਦਿਲਚਸਪ ਕਹਾਣੀ ਸੁਣਾਉਣ, ਸ਼ਾਨਦਾਰ ਸਿਨੇਮੈਟਿਕ ਪੈਮਾਨੇ ਅਤੇ ਦਮਦਾਰ ਪੇਸ਼ਕਾਰੀ ਲਈ ਪ੍ਰਸ਼ੰਸਾ ਪ੍ਰਾਪਤ ਹੋਈ ਹੈ।

ਪੁਰਸਕਾਰ ਪ੍ਰਾਪਤ ਕਰਨ 'ਤੇ ਧੰਨਵਾਦ ਪ੍ਰਗਟ ਕਰਦੇ ਹੋਏ, ਗਿੱਪੀ ਗਰੇਵਾਲ ਨੇ ਕਿਹਾ, 'ਮੈਨੂੰ ਅਕਾਲ - ਦਿ ਅਨਕੌਂਕਰਡ' ਲਈ ਇਹ ਸਨਮਾਨ ਪ੍ਰਾਪਤ ਕਰਕੇ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ। ਇਹ ਫ਼ਿਲਮ ਮੇਰੇ ਦਿਲ ਦੇ ਬਹੁਤ ਨੇੜੇ ਹੈ ਅਤੇ ਇਸਨੂੰ ਬਹੁਤ ਜ਼ਿਆਦਾ ਜਨੂੰਨ ਅਤੇ ਸਮਰਪਣ ਨਾਲ ਬਣਾਇਆ ਗਿਆ ਸੀ। ਮੈਂ ਇਹ ਪੁਰਸਕਾਰ ਆਪਣੀ ਪੂਰੀ ਟੀਮ, ਕਲਾਕਾਰਾਂ, ਕਰੂ ਮੈਂਬਰਾਂ ਅਤੇ ਦਰਸ਼ਕਾਂ ਨਾਲ ਸਾਂਝਾ ਕਰਦਾ ਹਾਂ ਜਿਨ੍ਹਾਂ ਨੇ ਫ਼ਿਲਮ ਨੂੰ ਇੰਨਾ ਪਿਆਰ ਦਿੱਤਾ।

ਸਾਡੇ ਦ੍ਰਿਸ਼ਟੀਕੋਣ ਵਿੱਚ ਉਨ੍ਹਾਂ ਦੇ ਵਿਸ਼ਵਾਸ ਨੇ ਹੀ ਇਹ ਸੰਭਵ ਬਣਾਇਆ। ਇਹ ਸਨਮਾਨ ਮੈਨੂੰ ਅੱਗੇ ਵੀ ਅਜਿਹੀਆਂ ਕਹਾਣੀਆਂ ਸੁਣਾਉਂਦੇ ਰਹਿਣ ਲਈ ਪ੍ਰੇਰਿਤ ਕਰੇਗਾ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਦੇ ਦਰਸ਼ਕ ਵੀ ਇਨ੍ਹਾਂ ਨਾਲ ਜੁੜੇ ਰਹਿਣ। 'ਅਕਾਲ - ਦਿ ਅਨਕੌਂਕਰਡ' ਗਿੱਪੀ ਗਰੇਵਾਲ ਦੇ ਹੁਣ ਤੱਕ ਦੇ ਸਭ ਤੋਂ ਮਹੱਤਵਪੂਰਨ ਕ੍ਰਿਏਟਿਵ ਪ੍ਰੋਜੈਕਟਾਂ ਵਿੱਚੋਂ ਇੱਕ ਹੈ, ਜਿਸਨੂੰ ਇਸਦੇ ਪੈਮਾਨੇ, ਭਾਵਨਾਤਮਕ ਡੂੰਘਾਈ ਅਤੇ ਸਿਨੇਮੈਟਿਕ ਕਹਾਣੀ ਸੁਣਾਉਣ ਲਈ ਬਹੁਤ ਪ੍ਰਸ਼ੰਸਾ ਮਿਲੀ ਹੈ।

ਬਾਲੀਵੁੱਡ 'ਚ ਨਾਇਕ ਪ੍ਰਧਾਨ ਫ਼ਿਲਮਾਂ ਦਾ ਜਲਵਾ

7 ਅਜਿਹੀਆਂ ਫ਼ਿਲਮਾਂ, ਜਿੱਥੇ ਹੀਰੋਇਨਾਂ ਨੇ ਪਛਾੜੇ ਖ਼ਲਨਾਇਕ

ਬਾਲੀਵੁੱਡ ਵਿੱਚ ਹੁਣ 'ਬੇਵੱਸ ਹੀਰੋਇਨ' ਦਾ ਜ਼ਮਾਨਾ ਬੀਤ ਚੁੱਕਾ ਹੈ! ਹੁਣ ਦੌਰ ਹੈ ਉਹਨਾਂ ਨਾਇਕਾਵਾਂ ਦਾ ਜੋ ਅੱਖ ਵਿੱਚ ਅੱਖ ਪਾ ਕੇ ਖਲਨਾਇਕਾਂ ਨੂੰ ਮਾਤ ਦਿੰਦੀਆਂ ਨੇ। ਅਕਸਰ ਅਸੀਂ ਫ਼ਿਲਮਾਂ ਵਿੱਚ ਦੇਖਦੇ ਹਾਂ ਕਿ ਹੀਰੋ ਆਉਂਦਾ ਹੈ ਤੇ ਗੁੰਡਿਆਂ ਨੂੰ ਕੁੱਟ ਕੇ ਹੀਰੋਇਨ ਨੂੰ ਬਚਾਉਂਦਾ ਹੈ। ਪਰ ਬਾਲੀਵੁੱਡ ਵਿੱਚ ਕੁਝ ਅਜਿਹੀਆਂ ਫ਼ਿਲਮਾਂ ਵੀ ਹਨ ਜਿੱਥੇ ਹੀਰੋ ਦੀ ਲੋੜ ਹੀ ਨਹੀਂ ਪਈ!

ਸਭ ਤੋਂ ਪਹਿਲਾਂ ਨਾਮ ਆਉਂਦਾ ਹੈ 'ਮਰਦਾਨੀ' ਸੀਰੀਜ਼ ਦਾ। ਰਾਣੀ ਮੁਖਰਜੀ ਯਾਨੀ ਸੀਨੀਅਰ ਇੰਸਪੈਕਟਰ ਸ਼ਿਵਾਨੀ ਸ਼ਿਵਾਜੀ ! ਚਾਹੇ ਉਹ ਮਨੁੱਖੀ ਤਸਕਰੀ ਹੋਵੇ, ਚਾਹੇ 'ਮਰਦਾਨੀ 2' ਦਾ ਚਲਾਕ ਸੀਰੀਅਲ ਕਿਲਰ, ਜਾਂ ਹਾਲ ਹੀ ਵਿੱਚ ਰਿਲੀਜ਼ ਹੋਈ 'ਮਰਦਾਨੀ 3' ਦਾ ਭਿਆਨਕ ਸਿੰਡੀਕੇਟ, ਰਾਣੀ ਨੇ ਇਕੱਲਿਆਂ ਹੀ ਪੂਰੇ ਸਿਸਟਮ ਨਾਲ ਮੱਥਾ ਲਾਇਆ ।ਉੱਥੇ ਹੀ ਫ਼ਿਲਮ 'ਐਨ.ਐਚ.10' ਵਿੱਚ ਅਨੁਸ਼ਕਾ ਸ਼ਰਮਾ ਨੇ ਸਾਬਤ ਕਰ ਦਿੱਤਾ ਕਿ ਜਦੋਂ ਇੱਕ ਡਰੀ ਹੋਈ ਔਰਤ ਸ਼ਿਕਾਰੀ ਬਣਦੀ ਹੈ, ਤਾਂ ਉਹ ਕਿੰਨੀ ਖ਼ਤਰਨਾਕ ਹੋ ਸਕਦੀ ਹੈ। ਆਪਣੇ ਪਤੀ ਦੇ ਕਤਲ ਦਾ ਬਦਲਾ ਲੈਣ ਲਈ ਉਹ ਜੰਗਲ ਵਿੱਚ ਇੱਕ-ਇੱਕ ਅਪਰਾਧੀ ਨੂੰ ਮੌਤ ਦੇ ਘਾਟ ਉਤਾਰ ਦਿੰਦੀ ਹੈ।

ਫ਼ਿਲਮ 'ਮੌਮ' ਵਿੱਚ ਸ਼੍ਰੀਦੇਵੀ ਨੇ ਇੱਕ ਅਜਿਹੀ ਮਾਂ ਦਾ ਕਿਰਦਾਰ ਨਿਭਾਇਆ ਜੋ ਕਾਨੂੰਨ ਦੀ ਹਾਰ ਤੋਂ ਬਾਅਦ ਖੁਦ ਦੋਸ਼ੀਆਂ ਨੂੰ ਭਿਆਨਕ ਸਜ਼ਾਵਾਂ ਦਿੰਦੀ ਹੈ। ਇਸ ਸ਼ਾਨਦਾਰ ਅਦਾਕਾਰੀ ਲਈ ਉਹਨਾਂ ਨੂੰ ਮਰਨ ਉਪਰੰਤ ਨੈਸ਼ਨਲ ਅਵਾਰਡ ਵੀ ਮਿਲਿਆ।

ਜੇਕਰ ਚਲਾਕੀ ਦੀ ਗੱਲ ਕਰੀਏ, ਤਾਂ ਵਿਦਿਆ ਬਾਲਨ ਦੀ 'ਕਹਾਣੀ' ਨੂੰ ਕੌਣ ਭੁੱਲ ਸਕਦਾ ਹੈ ? ਇੱਕ ਗਰਭਵਤੀ ਔਰਤ ਜੋ ਬੇਵੱਸ ਲੱਗ ਰਹੀ ਸੀ, ਪਰ ਅਖੀਰ ਵਿੱਚ ਪਤਾ ਲੱਗਦਾ ਹੈ ਕਿ ਉਹ ਇੱਕ ਖ਼ਤਰਨਾਕ ਅਤਿਵਾਦੀ ਦਾ ਸ਼ਿਕਾਰ ਕਰਨ ਆਈ ਸੀ। ਇਸ ਫ਼ਿਲਮ ਨੇ ਔਰਤ-ਕੇਂਦ੍ਰਿਤ ਫ਼ਿਲਮਾਂ ਦੀ ਪਰਿਭਾਸ਼ਾ ਹੀ ਬਦਲ ਦਿੱਤੀ।

ਹੁਣ ਗੱਲ 80 ਦੇ ਦਹਾਕੇ ਦੀ ਉਸ ਕਲਾਸਿਕ ਫ਼ਿਲਮ ਦੀ ਜਿਸ ਨੇ ਸਭ ਨੂੰ ਹੈਰਾਨ ਕਰ ਦਿੱਤਾ ਸੀ 'ਖ਼ੂਨ ਭਰੀ ਮਾਂਗ'। ਰੇਖਾ ਦਾ ਉਹ ਅੰਦਾਜ਼, ਜਿੱਥੇ ਉਹ ਮਗਰਮੱਛਾਂ ਦੇ ਜਬਾੜੇ ਵਿੱਚੋਂ ਬਚ ਕੇ ਨਿਕਲਦੀ ਹੈ ਅਤੇ ਪਲਾਸਟਿਕ ਸਰਜਰੀ ਕਰਵਾ ਕੇ ਆਪਣੇ ਧੋਖੇਬਾਜ਼ ਪਤੀ ਨੂੰ ਉਸੇ ਮੌਤ ਦੇ ਮੂੰਹ ਵਿੱਚ ਧੱਕਦੀ ਹੈ। ਇਹ ਬਦਲਾ ਅੱਜ ਵੀ ਬਾਲੀਵੁੱਡ ਦੇ ਸਭ ਤੋਂ ਯਾਦਗਾਰੀ ਸੀਨਜ਼ ਵਿੱਚੋਂ ਇੱਕ ਹੈ। ਇਹ ਉਹ ਸ਼ੇਰਨੀਆਂ ਸਨ ਜਿਨ੍ਹਾਂ ਨੇ ਸਾਬਤ ਕਰ ਦਿੱਤਾ ਕਿ ਨਾਰੀ ਸਿਰਫ਼ ਕੋਮਲ ਨਹੀਂ, ਲੋੜ ਪੈਣ 'ਤੇ ਕਾਲ ਦਾ ਰੂਪ ਵੀ ਲੈ ਸਕਦੀ ਹੈ।

ਗੀਤਕਾਰ ਚੰਨ ਗੋਰਾਇਆ ਵਾਲਾ ਦਾ ਵਿਛੋੜਾ

'ਚੰਡੀਗੜ੍ਹ ਰਹਿਣ ਵਾਲੀਏ' ਵਰਗੇ ਯਾਦਗਾਰੀ ਗੀਤਾਂ ਦੇ ਸਨ ਰਚੇਤਾ

ਗੋਰਾਇਆ/ਏ.ਟੀ.ਨਿਊਜ਼: ਪੰਜਾਬੀ ਸਾਹਿਤ ਅਤੇ ਸੰਗੀਤ ਜਗਤ ਨੂੰ ਉਸ ਸਮੇਂ ਵੱਡਾ ਘਾਟਾ ਪਿਆ ਜਦੋਂ ਉੱਘੇ ਗੀਤਕਾਰ ਅਤੇ ਲੇਖਕ ਭੁਲਾ ਰਾਮ, ਜਿਨ੍ਹਾਂ ਨੂੰ ਦੁਨੀਆ 'ਚੰਨ ਗੋਰਾਇਆ' ਦੇ ਨਾਂਅ ਨਾਲ ਜਾਣਦੀ ਸੀ, ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ। ਉਹ 97 ਸਾਲਾਂ ਦੇ ਸਨ ਅਤੇ ਪਿਛਲੇ ਕੁਝ ਸਮੇਂ ਤੋਂ ਉਮਰ ਸਬੰਧੀ ਬਿਮਾਰੀਆਂ ਨਾਲ ਜੂਝ ਰਹੇ ਸਨ। ਉਨ੍ਹਾਂ ਦੇ ਦੇਹਾਂਤ ਨਾਲ ਪੰਜਾਬੀ ਸਾਹਿਤ ਦੇ ਇੱਕ ਸੁਨਹਿਰੀ ਯੁੱਗ ਦਾ ਅੰਤ ਹੋ ਗਿਆ ਹੈ।

ਚੰਨ ਗੋਰਾਇਆ ਦਾ ਜਨਮ ਕਸਬਾ ਗੋਰਾਇਆ ਵਿਖੇ ਹੋਇਆ ਸੀ। ਉਨ੍ਹਾਂ ਨੇ ਆਪਣੀ ਕਲਮ ਰਾਹੀਂ ਪੰਜਾਬੀ ਸੱਭਿਆਚਾਰ ਅਤੇ ਮਨੁੱਖੀ ਜਜ਼ਬਾਤਾਂ ਨੂੰ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਪੇਸ਼ ਕੀਤਾ। ਉਨ੍ਹਾਂ ਦਾ ਲਿਖਿਆ ਗੀਤ 'ਚੰਡੀਗੜ੍ਹ ਰਹਿਣ ਵਾਲੀਏ, ਅਸੀਂ ਪੇਂਡੂ ਨਹੀਂ ਦਿਲਾਂ ਦੇ ਮਾੜੇ' ਅੱਜ ਵੀ ਹਰ ਪੰਜਾਬੀ ਦੀ ਜ਼ੁਬਾਨ 'ਤੇ ਹੈ। ਗੀਤਕਾਰੀ ਤੋਂ ਇਲਾਵਾ ਉਨ੍ਹਾਂ ਨੇ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਇੱਕ ਦਰਜਨ ਤੋਂ ਵੱਧ ਕਿਤਾਬਾਂ ਪਾਈਆਂ ਅਤੇ ਪ੍ਰਸਿੱਧ ਪੰਜਾਬੀ ਫ਼ਿਲਮ 'ਬਲਬੀਰੋ ਭਾਬੀ' ਦਾ ਨਿਰਮਾਣ ਵੀ ਕੀਤਾ।

ਪਰਿਵਾਰਕ ਮੈਂਬਰਾਂ ਅਨੁਸਾਰ ਉਹ ਪਿਛਲੇ ਕੁਝ ਦਿਨਾਂ ਤੋਂ ਕਾਫ਼ੀ ਬਿਮਾਰ ਸਨ ਅਤੇ ਜ਼ੇਰੇ ਇਲਾਜ ਸਨ। ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਮਿਲਦਿਆਂ ਹੀ ਲੇਖਕਾਂ, ਕਲਾਕਾਰਾਂ ਅਤੇ ਪ੍ਰਸ਼ੰਸਕਾਂ ਵਿੱਚ ਸੋਗ ਦੀ ਲਹਿਰ ਦੌੜ ਗਈ। ਵੱਖ-ਵੱਖ ਸਾਹਿਤਕ ਸਭਾਵਾਂ ਅਤੇ ਸੱਭਿਆਚਾਰਕ ਸੰਸਥਾਵਾਂ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਚੰਨ ਗੋਰਾਇਆ ਨੇ ਆਪਣੀ ਪੂਰੀ ਜ਼ਿੰਦਗੀ ਪੰਜਾਬੀ ਮਾਂ-ਬੋਲੀ ਦੇ ਲੇਖੇ ਲਾ ਦਿੱਤੀ। ਉਨ੍ਹਾਂ ਦੀ ਨਿਮਰਤਾ ਅਤੇ ਸਾਹਿਤ ਪ੍ਰਤੀ ਸਮਰਪਣ ਆਉਣ ਵਾਲੀਆਂ ਪੀੜ੍ਹੀਆਂ ਲਈ ਹਮੇਸ਼ਾ ਪ੍ਰੇਰਨਾ ਸਰੋਤ ਰਹੇਗਾ।

ਕੈਨੇਡਾ 'ਚ ਸਿੱਖ ਨੌਜਵਾਨ ਨੂੰ 'ਸ੍ਰੀ ਸਾਹਿਬ'

ਮੈਕਆਰਥਰ ਨੇ ਕਿਹਾ, 'ਆਰ ਸੀ ਐਮ ਪੀ ਸਮੇਤ ਸਾਰੀਆਂ ਪੁਲਿਸ ਸੇਵਾਵਾਂ ਮੰਨਦੀਆਂ ਹਨ ਕਿ ਉਹ ਆਪਣੀ ਡਿਊਟੀ ਦੌਰਾਨ ਇਸ ਨੂੰ ਪਹਿਨ ਸਕਦਾ ਹੈ ਤਾਂ ਫਿਰ ਕੋਈ ਵਿਅਕਤੀ ਆਪਣੀ ਡਿਊਟੀ ਦੌਰਾਨ ਕਿਰਪਾਨ ਕਿਉਂ ਨਹੀਂ ਪਹਿਨ ਸਕਦਾ ਅਤੇ ਅਧਿਕਾਰੀ ਬਣਨ ਦੀ ਪ੍ਰੀਖਿਆ ਵਿੱਚ ਕਿਉਂ ਨਹੀਂ ਬੈਠ ਸਕਦਾ ?'

ਗਿੱਲ ਨੇ ਕਿਹਾ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਅਧਿਕਾਰੀਆਂ ਨੂੰ ਆਪਣੀ ਨੀਤੀ 'ਤੇ ਗ਼ੌਰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਇਸ ਨੂੰ ਬਦਲਣਾ ਚਾਹੀਦਾ ਹੈ। ਮੇਰਾ ਮੰਨਣਾ ਹੈ ਕਿ ਹੋਰ ਬਹੁਤ ਸਾਰੇ ਸਿੱਖ ਬਿਨੈਕਾਰਾਂ ਨੂੰ ਪੁਲਿਸ ਸੇਵਾਵਾਂ ਲਈ ਅਰਜ਼ੀ ਦੇਣ ਤੋਂ ਨਿਰਾਸ਼ ਹੋਣਾ ਪਵੇਗਾ। ਉਹ ਮੈਨੀਟੋਬਾ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕਰਨ ਬਾਰੇ ਵਿਚਾਰ ਕਰ ਸਕਦਾ ਹੈ।

***

ਅਮਰੀਕਾ ਨੇ ਡਾਕਟਰਾਂ ਦੀਆਂ ਇਮੀਗ੍ਰੇਸ਼ਨ

ਇੰਤਜ਼ਾਰ ਕਰਨਾ ਪੈਂਦਾ ਹੈ।

39 ਦੇਸ਼ਾਂ 'ਤੇ ਅਜੇ ਵੀ ਸਖ਼ਤੀ ਜਾਰੀ

ਭਾਵੇਂ ਡਾਕਟਰਾਂ ਨੂੰ ਕੁਝ ਰਾਹਤ ਦਿੱਤੀ ਗਈ ਹੈ, ਪਰ ਇਹ ਰੋਕ ਅਜੇ ਵੀ 39 ਦੇਸ਼ਾਂ ਦੇ ਹਜ਼ਾਰਾਂ ਲੋਕਾਂ 'ਤੇ ਲਾਗੂ ਹੈ। ਇਨ੍ਹਾਂ ਵਿੱਚ ਇਰਾਨ, ਅਫ਼ਗਾਨਿਸਤਾਨ ਅਤੇ ਵੈਨੇਜ਼ੁਏਲਾ ਵਰਗੇ ਦੇਸ਼ਾਂ ਦੇ ਖੋਜੀ ਅਤੇ ਉੱਦਮੀ ਸ਼ਾਮਲ ਹਨ, ਜੋ ਇਸ ਪਾਬੰਦੀ ਕਾਰਨ ਨਾ ਤਾਂ ਕਾਨੂੰਨੀ ਤੌਰ 'ਤੇ ਕੰਮ ਕਰ ਪਾ ਰਹੇ ਹਨ ਅਤੇ ਨਾ ਹੀ ਸਿਹਤ ਬੀਮਾ ਜਾਂ ਡਰਾਈਵਿੰਗ ਲਾਇਸੰਸ ਲੈ ਸਕਦੇ ਹਨ। ਟਰੰਪ ਪ੍ਰਸ਼ਾਸਨ ਨੇ ਪਿਛਲੇ ਸਾਲ 'ਉੱਚ ਜੋਖਮ' ਵਾਲੇ ਦੇਸ਼ਾਂ ਦੇ ਨਾਗਰਿਕਾਂ ਦੇ ਗ੍ਰੀਨ ਕਾਰਡ ਅਤੇ ਵੀਜ਼ਾ ਅਰਜ਼ੀਆਂ ਦੀ ਸਮੀਖਿਆ ਬੰਦ ਕਰਨ ਦਾ ਫੈਸਲਾ ਕੀਤਾ ਸੀ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਉਹ ਇਹ ਯਕੀਨੀ ਬਣਾਉਣਾ ਚਾਹੁੰਦੇ ਹਨ ਕਿ ਬਿਨੈਕਾਰਾਂ ਦੀ ਠੀਕ ਤਰ੍ਹਾਂ ਜਾਂਚ (ਸਕ੍ਰੀਨਿੰਗ) ਹੋਵੇ ਤਾਂ ਜੋ ਸੁਰੱਖਿਆ ਵਿੱਚ ਕੋਈ ਕਮੀ ਨਾ ਰਹ। ਦੂਜੇ ਪਾਸੇ ਇਮੀਗ੍ਰੇਸ਼ਨ ਵਕੀਲਾਂ ਦਾ ਕਹਿਣਾ ਹੈ ਕਿ ਇਨ੍ਹਾਂ ਪਾਬੰਦੀਆਂ ਦਾ ਮਕਸਦ ਕਾਨੂੰਨੀ ਤੌਰ 'ਤੇ ਰਹਿ ਰਹੇ ਪ੍ਰਵਾਸੀਆਂ ਦਾ ਜੀਵਨ ਇੰਨਾ ਮੁਸ਼ਕਲ ਬਣਾਉਣਾ ਹੈ ਕਿ ਉਹ ਖੁਦ ਹੀ ਦੂਜੇ ਦੇਸ਼ਾਂ ਵੱਲ ਚਲੇ ਜਾਣ।

ਇਸ ਛੋਟ ਦੇ ਬਾਵਜੂਦ ਕਈ ਡਾਕਟਰ ਅਜੇ ਵੀ ਖ਼ੌਫ਼ ਵਿੱਚ ਹਨ। ਭਾਰਤੀ ਮੂਲ ਦੇ ਜਾਂ ਹੋਰ ਵਿਦੇਸ਼ੀ ਡਾਕਟਰਾਂ ਨੂੰ ਡਰ ਹੈ ਕਿ ਇੰਟਰਵਿਊ ਦੌਰਾਨ ਉਨ੍ਹਾਂ ਦੀਆਂ ਅਰਜ਼ੀਆਂ ਰੱਦ ਕੀਤੀਆਂ ਜਾ ਸਕਦੀਆਂ ਹਨ ਜਾਂ ਉਨ੍ਹਾਂ ਨੂੰ ਹਿਰਾਸਤ ਵਿੱਚ ਲਿਆ ਜਾ ਸਕਦਾ ਹੈ। ਉਦਾਹਰਨ ਵਜੋਂ ਇੱਕ ਇਰਾਨੀ ਮਹਿਲਾ ਡਾਕਟਰ, ਜੋ ਅਮਰੀਕਾ ਵਿੱਚ ਖੋਜ ਕਰ ਰਹੀ ਸੀ, ਦੀ ਅਰਜ਼ੀ ਨੂੰ ਅਦਾਲਤੀ ਹੁਕਮਾਂ ਤੋਂ ਬਾਅਦ ਅਧਿਕਾਰੀਆਂ ਨੇ ਸਮੀਖਿਆ ਤਾਂ ਕੀਤੀ ਪਰ ਉਸ ਨੂੰ ਖਾਰਜ ਕਰ ਦਿੱਤਾ। ਇਸ ਨਵੇਂ ਫੈਸਲੇ ਨਾਲ ਕੁਝ ਡਾਕਟਰਾਂ ਦੇ ਕੇਸ ਤਾਂ ਅੱਗੇ ਵਧਣਗੇ, ਪਰ ਪੂਰੀ ਇਮੀਗ੍ਰੇਸ਼ਨ ਪ੍ਰਣਾਲੀ ਵਿੱਚ ਅਜੇ ਵੀ ਵੱਡੀ ਪੱਧਰ 'ਤੇ ਅਨਿਸ਼ਚਿਤਤਾ ਅਤੇ ਸਖ਼ਤੀ ਬਰਕਰਾਰ ਹੈ।

***

ਅਮਰੀਕਾ ਵੱਲੋਂ ਗ਼ੈਰ ਕਾਨੂੰਨੀ ਪ੍ਰਵਾਸੀਆਂ ਨੂੰ

ਇਨ੍ਹਾਂ ਵਿੱਚੋਂ ਕਈਆਂ 'ਤੇ ਦੋਸ਼ ਸੀ ਕਿ ਉਹ ਰਾਜਨੀਤਿਕ ਰੂਪ ਵਿੱਚ ਪ੍ਰਸ਼ਾਸਨ ਦੇ ਵਿਰੁੱਧ ਸਨ ਜਾਂ ਅਸਾਇਲਮ ਦੇ ਕੇਸਾਂ ਨੂੰ ਬਹੁਤ ਜ਼ਿਆਦਾ ਮਨਜ਼ੂਰੀ ਦੇ ਰਹੇ ਸਨ। ਹਾਲ ਹੀ ਵਿੱਚ ਭਾਰਤੀ ਮੂਲ ਦੀ ਇਮੀਗ੍ਰੇਸ਼ਨ ਜੱਜ ਰੂਪਲ ਪਟੇਲ ਨੂੰ ਵੀ ਹਟਾਇਆ ਗਿਆ ਸੀ, ਜਿਨ੍ਹਾਂ ਨੇ ਇੱਕ ਵਿਦਿਆਰਥੀ ਦੇ ਦੇਸ਼ ਨਿਕਾਲੇ 'ਤੇ ਰੋਕ ਲਗਾਈ ਸੀ।

ਇਹ ਬਦਲਾਅ ਅਮਰੀਕਾ ਵਿੱਚ ਰਹਿ ਰਹੇ ਲੱਖਾਂ ਪ੍ਰਵਾਸੀਆਂ, ਖਾਸ ਕਰਕੇ ਭਾਰਤੀਆਂ ਲਈ ਚਿੰਤਾ ਦਾ ਵੱਡਾ ਵਿਸ਼ਾ ਹਨ, ਕਿਉਂਕਿ ਹੁਣ ਅਦਾਲਤੀ ਕੇਸ ਸਾਲਾਂ ਦੀ ਬਜਾਏ ਮਹੀਨਿਆਂ ਜਾਂ ਦਿਨਾਂ ਵਿੱਚ ਨਿਪਟਾਏ ਜਾਣਗੇ, ਜਿਸ ਨਾਲ ਅਦਾਲਤਾਂ ਦਾ ਕਾਫ਼ੀ ਸਮਾਂ ਬਚ ਜਾਵੇਗਾ। ਨਵੇਂ ਜੱਜਾਂ ਦੀ ਨਿਯੁਕਤੀ ਟਰੰਪ ਦੀਆਂ ਕੰਜ਼ਰਵੇਟਿਵ ਨੀਤੀਆਂ ਦੇ ਅਧਾਰ 'ਤੇ ਕੀਤੀ ਜਾ ਰਹੀ ਹੈ, ਜਿਸ ਕਾਰਨ ਸ਼ਰਨ ਮਿਲਣ ਦੀਆਂ ਸੰਭਾਵਨਾਵਾਂ ਬਹੁਤ ਘੱਟ ਰਹਿ ਜਾਣਗੀਆਂ। ਮਨੁੱਖੀ ਅਧਿਕਾਰ ਸੰਗਠਨਾਂ ਦਾ ਕਹਿਣਾ ਹੈ ਕਿ ਹੁਣ ਪ੍ਰਵਾਸੀ ਆਪਣੀ ਰੁਟੀਨ ਪੇਸ਼ੀ 'ਤੇ ਜਾਣ ਤੋਂ ਵੀ ਡਰ ਰਹੇ ਹਨ, ਕਿਉਂਕਿ ਉੱਥੇ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ।

ਹਾਲਾਂਕਿ ਕਾਨੂੰਨੀ ਮਾਹਿਰਾਂ ਅਤੇ 'ਅਮਰੀਕਨ ਇਮੀਗ੍ਰੇਸ਼ਨ ਲਾਇਰਜ਼ ਐਸੋਸੀਏਸ਼ਨ' ਨੇ ਇਸ ਕਾਰਵਾਈ ਦੀ ਨਿੰਦਾ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੱਜਾਂ ਨੂੰ ਨਿਰਪੱਖ ਹੋਣਾ ਚਾਹੀਦਾ ਹੈ, ਪਰ ਟਰੰਪ ਪ੍ਰਸ਼ਾਸਨ ਉਨ੍ਹਾਂ 'ਤੇ ਸਿਰਫ਼ ਦੇਸ਼ ਨਿਕਾਲੇ ਦੇ ਹੁਕਮ ਦੇਣ ਲਈ ਦਬਾਅ ਪਾ ਰਿਹਾ ਹੈ।

***

ਅਮਰੀਕਾ ਦੀ ਅਦਾਲਤ ਨੇ ਟਰੰਪ

ਉਮੀਦ ਕੀਤੀ ਜਾਂਦੀ ਹੈ, ਤਾਂ ਉਹ ਪਹਿਲਾਂ ਵਾਸ਼ਿੰਗਟਨ ਵਿੱਚ ਫ਼ੈਡਰਲ ਸਰਕਟ ਲਈ ਯੂਐਸ ਕੋਰਟ ਆਫ਼ ਅਪੀਲਜ਼ ਅਤੇ ਫ਼ਿਰ ਸੰਭਾਵਤ ਤੌਰ 'ਤੇ ਸੁਪਰੀਮ ਕੋਰਟ ਵਿੱਚ ਪਹੁੰਚ ਕਰੇਗਾ। ਇਹ ਮਾਮਲਾ ਟਰੰਪ ਪ੍ਰਸ਼ਾਸਨ ਦੁਆਰਾ ਲਗਾਏ ਗਏ ਅਸਥਾਈ 10 ਪ੍ਰਤੀਸ਼ਤ ਗਲੋਬਲ ਟੈਰਿਫ਼ਾਂ ਨਾਲ ਸਬੰਧਤ ਹੈ। ਇਸ ਤੋਂ ਪਹਿਲਾਂ, ਫ਼ਰਵਰੀ ਵਿੱਚ, ਸੁਪਰੀਮ ਕੋਰਟ ਨੇ ਰਾਸ਼ਟਰਪਤੀ ਦੁਆਰਾ ਪਿਛਲੇ ਸਾਲ ਦੁਨੀਆ ਦੇ ਲਗਭਗ ਹਰ ਦੇਸ਼ 'ਤੇ ਲਗਾਏ ਗਏ ਵਧੇਰੇ ਵਿਆਪਕ ਦੋਹਰੇ ਅੰਕਾਂ ਵਾਲੇ ਟੈਰਿਫ਼ਾਂ ਨੂੰ ਰੱਦ ਕਰ ਦਿੱਤਾ ਸੀ। ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਇੱਕ ਅਸਥਾਈ 10 ਪ੍ਰਤੀਸ਼ਤ ਗਲੋਬਲ ਟੈਰਿਫ਼ ਲਗਾਇਆ ਗਿਆ। ਨਵੇਂ ਟੈਰਿਫ਼ 1974 ਦੇ ਵਪਾਰ ਐਕਟ ਦੀ ਧਾਰਾ 122 ਦੇ ਤਹਿਤ ਲਗਾਏ ਗਏ ਸਨ ਅਤੇ 24 ਜੁਲਾਈ ਨੂੰ ਖਤਮ ਹੋਣ ਵਾਲੇ ਸਨ। ਇਹ ਫ਼ੈਸਲਾ ਟਰੰਪ ਪ੍ਰਸ਼ਾਸਨ ਲਈ ਇੱਕ ਹੋਰ ਕਾਨੂੰਨੀ ਝਟਕਾ ਦਰਸਾਉਂਦਾ ਹੈ, ਜਿਸਨੇ ਆਯਾਤ ਟੈਕਸਾਂ ਦੀ ਕੰਧ ਲਗਾ ਕੇ ਅਮਰੀਕੀ ਅਰਥਵਿਵਸਥਾ ਦੀ ਰੱਖਿਆ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਿਛਲੇ ਸਾਲ ਟਰੰਪ ਨੇ ਦੇਸ਼ ਦੇ ਲੰਬੇ ਸਮੇਂ ਦੇ ਵਪਾਰ ਘਾਟੇ ਨੂੰ ਰਾਸ਼ਟਰੀ ਐਮਰਜੈਂਸੀ ਘੋਸ਼ਿਤ ਕਰਨ ਅਤੇ ਵਿਆਪਕ ਗਲੋਬਲ ਟੈਰਿਫ਼ਾਂ ਨੂੰ ਜਾਇਜ਼ ਠਹਿਰਾਉਣ ਲਈ 1977 ਦੇ ਅੰਤਰਰਾਸ਼ਟਰੀ ਐਮਰਜੈਂਸੀ ਆਰਥਿਕ ਸ਼ਕਤੀ ਐਕਟ ਦੀ ਵਰਤੋਂ ਕੀਤੀ। 28 ਫ਼ਰਵਰੀ ਦੇ ਆਪਣੇ ਫ਼ੈਸਲੇ ਵਿੱਚ, ਸੁਪਰੀਮ ਕੋਰਟ ਨੇ ਕਿਹਾ ਕਿ ਕਾਨੂੰਨ ਇਹਨਾਂ ਟੈਰਿਫ਼ਾਂ ਦੀ ਆਗਿਆ ਨਹੀਂ ਦਿੰਦਾ ਹੈ। ਅਮਰੀਕੀ ਸੰਵਿਧਾਨ ਕਾਂਗਰਸ ਨੂੰ ਟੈਰਿਫ਼ਾਂ ਸਮੇਤ ਟੈਕਸ ਲਗਾਉਣ ਦੀ ਸ਼ਕਤੀ ਦਿੰਦਾ ਹੈ, ਹਾਲਾਂਕਿ ਕਾਂਗਰਸ ਰਾਸ਼ਟਰਪਤੀ ਨੂੰ ਟੈਰਿਫ਼ ਲਗਾਉਣ ਦਾ ਅਧਿਕਾਰ ਸੌਂਪ ਸਕਦੀ ਹੈ।

***

ਕੈਨੇਡਾ ਵਿੱਚ ਪੜ੍ਹਨ ਗਏ ਨੌਜਵਾਨਾਂ ਨੂੰ ਗੈਂਗਸਟਰ

25 ਵੱਡੀਆਂ ਵਿੱਤੀ ਸੰਸਥਾਵਾਂ ਅਤੇ ਬੈਂਕਾਂ ਨਾਲ ਮਿਲ ਕੇ ਇੱਕ ਵਿਸ਼ੇਸ਼ ਟਾਰਗੇਟਿਡ ਇੰਡੀਕੇਟਰ ਪ੍ਰੋਫ਼ਾਈਲ ਸਾਂਝਾ ਕੀਤਾ ਗਿਆ ਹੈ ਤਾਂ ਜੋ ਸ਼ੱਕੀ ਪੈਸੇ 'ਤੇ ਨਜ਼ਰ ਰੱਖੀ ਜਾ ਸਕੇ। ਪੁਲਿਸ ਨੇ ਬ੍ਰੈਮਟਨ, ਮਿਸੀਸਾਗਾ ਅਤੇ ਕੇਲਡਨ ਵਰਗੇ ਇਲਾਕਿਆਂ ਵਿੱਚ ਫ਼ਿਰੌਤੀ ਦੇ ਸੈਂਕੜੇ ਮਾਮਲੇ ਦਰਜ ਕੀਤੇ ਹਨ ਅਤੇ ਕਈ ਗ੍ਰਿਫ਼ਤਾਰੀਆਂ ਵੀ ਹੋਈਆਂ ਹਨ। ਕੈਨੇਡਾ ਦੇ ਕਾਨੂੰਨ ਮੁਤਾਬਕ ਜੇਕਰ ਕੋਈ ਕੌਮਾਂਤਰੀ ਵਿਦਿਆਰਥੀ ਕਿਸੇ ਗੰਭੀਰ ਅਪਰਾਧਿਕ ਗਤੀਵਿਧੀ (ਜਿਵੇਂ ਮਨੀ ਲਾਂਡਰਿੰਗ ਜਾਂ ਗੈਂਗਸਟਰਾਂ ਦੀ ਮਦਦ) ਵਿੱਚ ਦੋਸ਼ੀ ਪਾਇਆ ਜਾਂਦਾ ਹੈ, ਤਾਂ ਉਸ ਦਾ ਸਟੱਡੀ ਪਰਮਿਟ ਰੱਦ ਕਰਕੇ ਉਸ ਨੂੰ ਡਿਪੋਰਟ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਜਾਂਦੀ ਹੈ।

ਕੈਨੇਡਾ ਦੀਆਂ ਕਈ ਖੇਤਰੀ ਪੁਲਿਸ ਇਕਾਈਆਂ (ਜਿਵੇਂ ਕਿ ਪੀਲ ਰੀਜਨਲ ਪੁਲਿਸ ਅਤੇ ਐਡਮੰਟਨ ਪੁਲਿਸ) ਨੇ 'ਐਂਟੀ-ਐਕਸਟੋਰਸ਼ਨ ਟਾਸਕ ਫ਼ੋਰਸ' ਬਣਾਈ ਹੈ। ਇਹ ਟੀਮਾਂ ਖਾਸ ਤੌਰ 'ਤੇ ਦੱਖਣੀ ਏਸ਼ੀਆਈ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਵਾਲੇ ਗਰੋਹਾਂ 'ਤੇ ਕੰਮ ਕਰ ਰਹੀਆਂ ਹਨ।

ਸਰਕਾਰ ਕਾਨੂੰਨ ਵਿੱਚ ਅਜਿਹੀਆਂ ਤਬਦੀਲੀਆਂ ਕਰਨ 'ਤੇ ਵਿਚਾਰ ਕਰ ਰਹੀ ਹੈ ਜਿਸ ਨਾਲ ਫ਼ਿਰੌਤੀ ਅਤੇ ਗੈਂਗਵਾਰ ਵਰਗੇ ਅਪਰਾਧਾਂ ਵਿੱਚ ਸ਼ਾਮਲ ਵਿਅਕਤੀਆਂ ਨੂੰ ਜ਼ਮਾਨਤ ਮਿਲਣੀ ਮੁਸ਼ਕਿਲ ਹੋ ਜਾਵੇ।

ਹਾਲ ਹੀ ਵਿੱਚ ਕੈਨੇਡਾ ਨੇ ਸਟੱਡੀ ਪਰਮਿਟ ਦੀਆਂ ਸ਼ਰਤਾਂ ਸਖ਼ਤ ਕੀਤੀਆਂ ਹਨ। ਹੁਣ ਵਿਦਿਆਰਥੀਆਂ ਦੇ ਵਿੱਤੀ ਸਰੋਤਾਂ ਦੀ ਗਹਿਰਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਆਰਥਿਕ ਮਜਬੂਰੀ ਕਾਰਨ ਅਪਰਾਧੀਆਂ ਦੇ ਜਾਲ ਵਿੱਚ ਨਾ ਫ਼ਸਣ।

ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਕਿਸੇ ਵੀ ਤਰ੍ਹਾਂ ਦੀ ਅਪਰਾਧਿਕ ਗਤੀਵਿਧੀ ਵਿੱਚ ਸ਼ਾਮਲ ਕੌਮਾਂਤਰੀ ਵਿਦਿਆਰਥੀ ਨੂੰ ਤੁਰੰਤ ਦੇਸ਼ ਨਿਕਾਲਾ ਦਿੱਤਾ ਜਾਵੇਗਾ ਅਤੇ ਉਸ 'ਤੇ ਉਮਰ ਭਰ ਲਈ ਕੈਨੇਡਾ ਆਉਣ 'ਤੇ ਪਾਬੰਦੀ ਲਗਾਈ ਜਾ ਸਕਦੀ ਹੈ। ਉੱਥੋਂ ਦੀ ਪੁਲਿਸ ਨੇ ਪੰਜਾਬੀ ਭਾਈਚਾਰੇ ਨੂੰ ਕੁਝ ਅਹਿਮ ਸਲਾਹਾਂ ਦਿੱਤੀਆਂ ਹਨ ਕਿ ਜੇਕਰ ਕੋਈ ਧਮਕੀ ਭਰੀ ਕਾਲ ਆਉਂਦੀ ਹੈ, ਤਾਂ ਉਸ ਨੂੰ ਨਜ਼ਰਅੰਦਾਜ਼ ਨਾ ਕਰੋ ਅਤੇ ਨਾ ਹੀ ਪੈਸੇ ਦਿਓ। ਤੁਰੰਤ ਸਥਾਨਕ ਪੁਲਿਸ ਨਾਲ ਸੰਪਰਕ ਕਰੋ। ਆਪਣੇ ਕਾਰੋਬਾਰ ਅਤੇ ਨਿੱਜੀ ਜੀਵਨ ਨਾਲ ਜੁੜੀ ਬਹੁਤ ਜ਼ਿਆਦਾ ਜਾਣਕਾਰੀ ਸੋਸ਼ਲ ਮੀਡੀਆ 'ਤੇ ਸਾਂਝੀ ਨਾ ਕਰੋ। ਵਿਦਿਆਰਥੀਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਆਪਣਾ ਬੈਂਕ ਖਾਤਾ ਕਿਸੇ ਹੋਰ ਨੂੰ ਵਰਤਣ ਲਈ ਨਾ ਦੇਣ, ਕਿਉਂਕਿ ਅਣਜਾਣੇ ਵਿੱਚ ਹੋਇਆ ਲੈਣ-ਦੇਣ ਵੀ ਤੁਹਾਨੂੰ ਜੇਲ੍ਹ ਪਹੁੰਚਾ ਸਕਦਾ ਹੈ।

ਉੱਥੋਂ ਦੇ ਪੰਜਾਬੀ ਹੁਣ ਆਪਣੀ ਸੁਰੱਖਿਆ ਲਈ ਖੁਦ ਵੀ ਜਾਗਰੂਕ ਹੋ ਰਹੇ ਹਨ। ਕਈ ਸ਼ਹਿਰਾਂ ਵਿੱਚ 'ਨੇਬਰਹੁੱਡ ਵਾਚ' ਪ੍ਰੋਗਰਾਮ ਸ਼ੁਰੂ ਕੀਤੇ ਗਏ ਹਨ, ਜਿੱਥੇ ਗੁਆਂਢੀ ਇੱਕ-ਦੂਜੇ ਦੀ ਸੁਰੱਖਿਆ ਦਾ ਧਿਆਨ ਰੱਖਦੇ ਹਨ ਅਤੇ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਜਾਣਕਾਰੀ ਪੁਲਿਸ ਨੂੰ ਦਿੰਦੇ ਹਨ।

***

***

ਕੇਂਦਰੀਕਰਨ ਵੱਲ ਵਧ ਰਹੀ

ਵਿਰੋਧੀ ਧਿਰ ਦੇ ਸਾਹਮਣੇ ਵੱਡੀ ਚੁਣੌਤੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਉਭਾਰ ਤੋਂ ਬਾਅਦ ਰਾਜਨੀਤੀ ਦਾ ਸੰਤੁਲਨ ਬਦਲ ਗਿਆ। ਭਾਜਪਾ ਨੇ ਉੱਤਰ, ਪੱਛਮ ਅਤੇ ਮੱਧ ਭਾਰਤ ਵਿਚ ਮਜ਼ਬੂਤ ਪਕੜ ਬਣਾਈ, ਜਿਸ ਨਾਲ ਕਈ ਖੇਤਰੀ ਪਾਰਟੀਆਂ ਜਿਵੇਂ ਸਪਾ, ਰਾਜਦ, ਬਸਪਾ, ਸ਼ਿਵ ਸੈਨਾ ਅਤੇ ਐੱਨ. ਸੀ. ਪੀ. ਕਮਜ਼ੋਰ ਪਈਆਂ ਜਾਂ ਵੰਡੀਆਂ ਗਈਆਂ। ਵਿਰੋਧੀ ਧਿਰ ਲਗਾਤਾਰ ਸੰਘੀ ਢਾਂਚੇ ਅਤੇ ਸੂਬਿਆਂ ਦੇ ਅਧਿਕਾਰਾਂ ਦਾ ਮੁੱਦਾ ਉਠਾ ਰਹੀ ਹੈ ਪਰ ਵੋਟਰ ਹੌਲੀ-ਹੌਲੀ ਰਾਸ਼ਟਰੀ ਪਾਰਟੀਆਂ ਵੱਲ ਝੁਕਦੇ ਦਿਖਾਈ ਦੇ ਰਹੇ ਹਨ। ਏਜੰਸੀਆਂ ਦੀ ਦੁਰਵਰਤੋਂ ਅਤੇ ਹੱਦਬੰਦੀ ਵਰਗੇ ਮੁੱਦੇ ਉਠਾਉਣ ਦੇ ਬਾਵਜੂਦ ਵਿਰੋਧੀ ਧਿਰ ਨੂੰ ਇਸ ਦਾ ਸਿੱਧਾ ਫਾਇਦਾ ਮਿਲਦਾ ਨਜ਼ਰ ਨਹੀਂ ਆ ਰਿਹਾ।

***

ਪੰਜਾਬ ਰਾਜਨੀਤੀ ਵਿੱਚ ਕੀ ਭਾਜਪਾ ਦੀ 'ਹਮਲਾਵਰ ਨੀਤੀ'

ਬਾਦਲ ਅਕਾਲੀ ਦਲ ਸਮੇਤ ਪੰਥਕ ਧਿਰਾਂ ਨੂੰ ਸਭ ਤੋਂ ਪਹਿਲਾਂ ਸਿੱਖ ਸੰਗਤ ਅਤੇ ਪੰਜਾਬ ਦੇ ਲੋਕਾਂ ਵਿੱਚ ਆਪਣੀ ਗੁਆਚੀ ਹੋਈ ਭਰੋਸੇਯੋਗਤਾ ਬਹਾਲ ਕਰਨੀ ਪਵੇਗੀ। ਬੇਅਦਬੀ ਦੇ ਮਾਮਲਿਆਂ ਸਿਰਫ਼ ਸਿਆਸੀ ਬਿਆਨਬਾਜ਼ੀ ਕਰਨ ਦੀ ਬਜਾਏ, ਲੋਕਾਂ ਦੀ ਕਚਹਿਰੀ ਵਿੱਚ ਜਾ ਕੇ ਸਪੱਸ਼ਟ ਸਟੈਂਡ ਲੈਣ ਦੀ ਲੋੜ ਹੈ। ਸਿਰਫ਼ ਧਾਰਮਿਕ ਨਾਅਰਿਆਂ ਨਾਲ ਹੁਣ ਗੁਜ਼ਾਰਾ ਨਹੀਂ ਹੋਣਾ। ਪੰਥਕ ਧਿਰਾਂ ਨੂੰ ਪੰਥਕ ਹਿੱਤਾਂ (ਜਿਵੇਂ ਬੰਦੀ ਸਿੰਘਾਂ ਦੀ ਰਿਹਾਈ, ਐਸ.ਜੀ.ਪੀ.ਸੀ. ਦੀ ਖ਼ੁਦਮੁਖਤਿਆਰੀ) ਦੇ ਨਾਲ-ਨਾਲ ਪੰਜਾਬ ਦੇ ਅਸਲ ਮੁੱਦਿਆਂ (ਜਿਵੇਂ ਖੇਤੀ ਸੰਕਟ, ਪਾਣੀਆਂ ਦਾ ਮੁੱਦਾ, ਨਸ਼ਾ ਅਤੇ ਬੇਰੁਜ਼ਗਾਰੀ) ਨੂੰ ਮਜ਼ਬੂਤੀ ਨਾਲ ਚੁੱਕਣਾ ਪਵੇਗਾ। ਉਨ੍ਹਾਂ ਨੂੰ ਇਹ ਸਾਬਤ ਕਰਨਾ ਹੋਵੇਗਾ ਕਿ ਉਹ ਸਿਰਫ਼ ਇੱਕ ਧਰਮ ਦੀਆਂ ਨਹੀਂ, ਸਗੋਂ ਪੂਰੇ ਪੰਜਾਬ ਦੀਆਂ ਹਿਤੈਸ਼ੀ ਹਨ। ਪੰਥਕ ਧਿਰਾਂ ਦਾ ਜਥੇਬੰਦਕ ਢਾਂਚਾ ਪਿੰਡਾਂ ਤੱਕ ਬਹੁਤ ਮਜ਼ਬੂਤ ਰਿਹਾ ਹੈ, ਜੋ ਹੁਣ ਖਿੰਡਰ ਚੁੱਕਾ ਹੈ। ਨੌਜਵਾਨਾਂ ਨੂੰ ਨਵੀਂ ਲੀਡਰਸ਼ਿਪ ਵਿੱਚ ਥਾਂ ਦੇਣੀ ਚਾਹੀਦੀ ਹੈ।

ਸੋਸ਼ਲ ਮੀਡੀਆ ਦੇ ਯੁੱਗ ਵਿੱਚ 'ਆਪ' ਅਤੇ ਭਾਜਪਾ ਵਰਗੀਆਂ ਪਾਰਟੀਆਂ ਦੇ ਬਿਰਤਾਂਤ ਦਾ ਮੁਕਾਬਲਾ ਕਰਨ ਲਈ ਇੱਕ ਆਧੁਨਿਕ ਅਤੇ ਬੌਧਿਕ ਟੀਮ ਤਿਆਰ ਕਰਨੀ ਹੋਵੇਗੀ। ਇਸ ਵੇਲੇ ਪੰਥਕ ਵੋਟ ਕਈ ਧੜਿਆਂ (ਬਾਦਲ ਦਲ, ਸੁਧਾਰ ਲਹਿਰ, ਅੰਮ੍ਰਿਤਪਾਲ ਸਿੰਘ ਦਾ ਪ੍ਰਭਾਵ ਆਦਿ) ਵਿੱਚ ਵੰਡੀ ਹੋਈ ਹੈ। ਜਿੰਨਾ ਚਿਰ ਪੰਥਕ ਸੋਚ ਵਾਲੀਆਂ ਧਿਰਾਂ ਇੱਕ ਸਾਂਝੇ ਘੱਟੋ-ਘੱਟ ਪ੍ਰੋਗਰਾਮ 'ਤੇ ਇਕੱਠੀਆਂ ਨਹੀਂ ਹੁੰਦੀਆਂ, ਉਦੋਂ ਤੱਕ ਉਹ 'ਆਪ' ਜਾਂ ਭਾਜਪਾ ਵਰਗੀਆਂ ਮਜ਼ਬੂਤ ਧਿਰਾਂ ਨੂੰ ਟੱਕਰ ਨਹੀਂ ਦੇ ਸਕਦੀਆਂ। ਮੁੱਖ ਮੰਤਰੀ ਭਗਵੰਤ ਮਾਨ ਜੇਕਰ ਅਕਾਲੀ ਦਲ ਦਾ ਏਜੰਡਾ ਖੋਹ ਰਹੇ ਹਨ, ਤਾਂ ਪੰਥਕ ਧਿਰਾਂ ਨੂੰ 'ਆਪ' ਸਰਕਾਰ ਦੀਆਂ ਉਨ੍ਹਾਂ ਕਮੀਆਂ ਨੂੰ ਉਜਾਗਰ ਕਰਨਾ ਚਾਹੀਦਾ ਹੈ ਜਿੱਥੇ ਉਹ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨ ਵਿੱਚ ਅਸਫਲ ਰਹੀ ਹੈ। ਇਸੇ ਤਰ੍ਹਾਂ ਭਾਜਪਾ ਦੀਆਂ ਪੰਜਾਬ ਵਿਰੋਧੀ ਨੀਤੀਆਂ 'ਤੇ ਤਿੱਖਾ ਅਤੇ ਦਲੀਲਬੱਧ ਹਮਲਾ ਕਰਨਾ ਹੋਵੇਗਾ। ਪੰਥਕ ਧਿਰਾਂ ਨੂੰ ਆਪਣੀ ਪੁਰਾਣੀ ਸਿਆਸੀ ਭਾਸ਼ਾ ਬਦਲਣੀ ਪਵੇਗੀ। ਪੁਰਾਣੇ ਚਿਹਰਿਆਂ ਦੀ ਬਜਾਏ ਸਾਫ਼-ਸੁਥਰੇ ਅਤੇ ਪੜ੍ਹੇ-ਲਿਖੇ ਨੌਜਵਾਨਾਂ ਨੂੰ ਅੱਗੇ ਲਿਆਉਣਾ ਚਾਹੀਦਾ ਹੈ। ਅੱਜ ਦਾ ਪੰਜਾਬੀ ਨੌਜਵਾਨ ਤਰਕ ਅਤੇ ਭਵਿੱਖ ਦੀ ਗੱਲ ਸੁਣਨਾ ਚਾਹੁੰਦਾ ਹੈ। ਭਾਵੁਕਤਾ ਦੇ ਨਾਲ-ਨਾਲ ਵਿਕਾਸ, ਸਿੱਖਿਆ ਅਤੇ ਆਰਥਿਕ ਮਾਡਲ ਪੇਸ਼ ਕਰਨਾ ਲਾਜ਼ਮੀ ਹੈ। ਇਹ ਸਾਬਤ ਕਰਨਾ ਪਵੇਗਾ ਕਿ ਪਾਰਟੀ ਦੇ ਫੈਸਲੇ ਚੰਡੀਗੜ੍ਹ ਜਾਂ ਅੰਮ੍ਰਿਤਸਰ ਵਿੱਚ ਹੁੰਦੇ ਹਨ, ਨਾ ਕਿ ਦਿੱਲੀ ਵਿੱਚ। ਪੰਜਾਬ ਦੇ ਆਰਥਿਕ ਸਰੋਤਾਂ, ਪਾਣੀਆਂ ਅਤੇ ਪੰਜਾਬੀ ਭਾਸ਼ਾ ਲਈ ਬਿਨਾਂ ਕਿਸੇ ਸਮਝੌਤੇ ਦੇ ਲੜਨਾ ਹੋਵੇਗਾ।

ਜੇਕਰ ਪੰਥਕ ਧਿਰਾਂ ਨੇ ਸਮੇਂ ਸਿਰ ਆਪਣੇ ਅੰਦਰੂਨੀ ਮਤਭੇਦ ਖ਼ਤਮ ਕਰਕੇ ਲੋਕਾਂ ਦੀਆਂ ਉਮੀਦਾਂ 'ਤੇ ਖ਼ਰਾ ਉਤਰਨ ਵਾਲਾ 'ਪੰਜਾਬ ਮਾਡਲ' ਪੇਸ਼ ਨਾ ਕੀਤਾ, ਤਾਂ ਪੰਜਾਬ ਦੀ ਸਿਆਸਤ ਵਿੱਚ ਉਨ੍ਹਾਂ ਦੀ ਭੂਮਿਕਾ ਸਿਰਫ਼ ਨਾਮ-ਮਾਤਰ ਰਹਿ ਜਾਣ ਦਾ ਖ਼ਤਰਾ ਹੈ। ਪੰਜਾਬ ਦੀ ਮਾਨਸਿਕਤਾ ਕਦੇ ਵੀ ਕੌਮੀ ਪਾਰਟੀਆ ਦੇ ਪੂਰੀ ਤਰ੍ਹਾਂ ਅਧੀਨ ਨਹੀਂ ਰਹਿ ਸਕਦੀ। ਪੰਜਾਬੀ ਇੱਕ ਅਜਿਹੇ ਖੇਤਰੀ ਗਠਜੋੜ ਦੀ ਉਡੀਕ ਵਿੱਚ ਹਨ ਜੋ ਧਾਰਮਿਕ ਕੱਟੜਤਾ ਦੀ ਬਜਾਏ ਇਮਾਨਦਾਰੀ ਨਾਲ ਪੰਜਾਬ ਦੇ ਵਿਕਾਸ ਦੀ ਗੱਲ ਕਰੇ। ਜੇਕਰ ਅਜਿਹਾ ਵਿਸ਼ਵਾਸ ਪੈਦਾ ਹੁੰਦਾ ਹੈ, ਤਾਂ ਪੰਜਾਬ ਮੁੜ ਖੇਤਰੀ ਸਿਆਸਤ ਦਾ ਗੜ੍ਹ ਬਣੇਗਾ। ਜੇਕਰ ਅਕਾਲੀ ਦਲ ਦੇ ਵੱਖ-ਵੱਖ ਧੜੇ, ਕਿਸਾਨ ਜਥੇਬੰਦੀਆਂ ਅਤੇ ਪੰਜਾਬ ਹਿਤੈਸ਼ੀ ਬੁੱਧੀਜੀਵੀ ਇੱਕ ਸਾਂਝੇ ਮੰਚ 'ਤੇ ਆਉਂਦੇ ਹਨ, ਤਾਂ ਪੰਜਾਬੀਆਂ ਨੂੰ ਇੱਕ 'ਭਰੋਸੇਯੋਗ ਵਿਕਲਪ' ਨਜ਼ਰ ਆਵੇਗਾ। ਪੰਜਾਬ ਵਿੱਚ ਹਮੇਸ਼ਾ ਇੱਕ ਅਜਿਹੀ ਧਿਰ ਦੀ ਥਾਂ ਰਹੀ ਹੈ ਜੋ 'ਦਿੱਲੀ' ਦੇ ਪ੍ਰਭਾਵ ਤੋਂ ਮੁਕਤ ਹੋਵੇ। 'ਆਪ' ਤੇ ਭਾਜਪਾ ਕੋਲ ਵੱਡੇ ਸਾਧਨ ਹਨ, ਜਿਨ੍ਹਾਂ ਦਾ ਮੁਕਾਬਲਾ ਕਰਨ ਲਈ ਖੇਤਰੀ ਧਿਰਾਂ ਨੂੰ ਜ਼ਮੀਨੀ ਪੱਧਰ 'ਤੇ ਲੋਕਾਂ ਨਾਲ ਜੁੜਨਾ ਪਵੇਗਾ।

***

ਇੰਗਲੈਂਡ 'ਚ ਡਿਜੀਟਲ ਦਹਿਸ਼ਤ:

ਤਾਂ ਜੋ ਕੋਈ ਵੀ ਅਪਰਾਧੀ ਉਨ੍ਹਾਂ ਨੂੰ ਆਪਣਾ ਸ਼ਿਕਾਰ ਨਾ ਬਣਾ ਸਕੇ।

ਸੁਰੱਖਿਆ ਮੰਤਰੀ ਜੇਸ ਫਿਲਿਪਸ ਨੇ ਇਸ ਨੂੰ ਇੱਕ ਗੰਭੀਰ ਅਤੇ ਉੱਭਰ ਰਿਹਾ ਖ਼ਤਰਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਏ ਆਈ ਮਾਡਲਾਂ ਰਾਹੀਂ ਅਜਿਹੀਆਂ ਗ਼ੈਰ-ਕਾਨੂੰਨੀ ਤਸਵੀਰਾਂ ਬਣਾਉਣ ਵਾਲਿਆਂ ਵਿਰੁੱਧ ਕਾਨੂੰਨ ਹੋਰ ਸਖ਼ਤ ਕਰੇਗੀ। ਜੇਕਰ ਕੋਈ ਅਜਿਹੀ ਘਟਨਾ ਵਾਪਰਦੀ ਹੈ, ਤਾਂ ਤੁਰੰਤ ਪੁਲਿਸ ਨਾਲ ਸੰਪਰਕ ਕੀਤਾ ਜਾਵੇ ਅਤੇ ਅਸਲ ਤਸਵੀਰਾਂ ਨੂੰ ਵੈੱਬਸਾਈਟ ਤੋਂ ਹਟਾ ਦਿੱਤਾ ਜਾਵੇ।

ਗਰੂਮਿੰਗ ਗੈਂਗਸ ਇਨਕੁਆਰੀ: ਬ੍ਰਿਟੇਨ ਦੇ ਵੱਡੇ ਸਕੈਂਡਲ ਦੀ ਜਾਂਚ ਸ਼ੁਰੂ

ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਇਸ ਗਰਮੀਆਂ ਵਿੱਚ ਗਰੂਮਿੰਗ ਗੈਂਗਸ (ਬੱਚਿਆਂ ਦੇ ਜਿਨਸੀ ਸ਼ੋਸ਼ਣ ਕਰਨ ਵਾਲੇ ਗਿਰੋਹਾਂ) ਵਿਰੁੱਧ ਇੱਕ ਰਾਸ਼ਟਰੀ ਜਾਂਚ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਹ ਤਿੰਨ ਸਾਲਾ ਕਾਨੂੰਨੀ ਜਾਂਚ ਇਸ ਗੱਲ 'ਤੇ ਕੇਂਦਰਿਤ ਹੋਵੇਗੀ ਕਿ ਇਹ ਗੈਂਗ ਕਿਵੇਂ ਕੰਮ ਕਰਦੇ ਸਨ ਅਤੇ ਪੁਲਿਸ ਤੇ ਸਥਾਨਕ ਪ੍ਰਸ਼ਾਸਨ ਵਰਗੀਆਂ ਸੰਸਥਾਵਾਂ ਨੇ ਇਸ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ਼ ਕਿਉਂ ਕੀਤੀ। ਸੁਰੱਖਿਆ ਮੰਤਰੀ ਜੇਸ ਫਿਲਿਪਸ ਨੇ ਮੰਗ ਕੀਤੀ ਹੈ ਕਿ ਇਸ ਜਾਂਚ ਦਾ ਦਾਇਰਾ ਵਧਾ ਕੇ ਇਸ ਵਿੱਚ ਬਰਮਿੰਘਮ ਅਤੇ ਬਰੈਡਫੋਰਡ ਵਰਗੇ ਸ਼ਹਿਰਾਂ ਨੂੰ ਵੀ ਸ਼ਾਮਲ ਕੀਤਾ ਜਾਵੇ। ਮੌਜੂਦਾ ਸਥਿਤੀ: ਫਿਲਹਾਲ ਸਿਰਫ ਓਲਡਹਮ ਖੇਤਰ ਵਿੱਚ ਹੀ ਜਾਂਚ ਦੀ ਪੁਸ਼ਟੀ ਹੋਈ ਹੈ, ਪਰ ਹੋਰਨਾਂ ਸ਼ਹਿਰਾਂ ਵਿੱਚ ਵੀ ਅਜਿਹੇ ਮਾਮਲਿਆਂ ਨੂੰ ਦਬਾਉਣ ਦੇ ਦੋਸ਼ ਲੱਗ ਰਹੇ ਹਨ। ਮਾਹਿਰਾਂ ਅਨੁਸਾਰ ਇਹ ਸਿਰਫ਼ ਅਪਰਾਧੀਆਂ ਦੀ ਕਾਮਯਾਬੀ ਨਹੀਂ ਸੀ, ਸਗੋਂ ਇਹ ਸਿਸਟਮ ਦੀ ਇੱਕ ਬਹੁਤ ਵੱਡੀ 'ਸੰਸਥਾਗਤ ਨਾਕਾਮੀ' ਮੰਨੀ ਜਾ ਰਹੀ ਹੈ। ਪੁਲਿਸ ਅਤੇ ਪ੍ਰਸ਼ਾਸਨ 'ਤੇ ਇਹ ਦੋਸ਼ ਹੈ ਕਿ ਉਨ੍ਹਾਂ ਨੇ ਸ਼ਿਕਾਇਤਾਂ ਮਿਲਣ ਦੇ ਬਾਵਜੂਦ ਸਖ਼ਤ ਕਦਮ ਨਹੀਂ ਚੁੱਕੇ, ਜਿਸ ਕਾਰਨ ਅਪਰਾਧੀਆਂ ਦੇ ਹੌਸਲੇ ਵਧ ਗਏ।

****

ਅਮਰੀਕਾ-ਇਰਾਨ ਜੰਗਬੰਦੀ

ਜਹਾਜ਼ ਨੇ ਉਨ੍ਹਾਂ ਦੀਆਂ ਚਿਮਨੀਆਂ 'ਤੇ ਹਮਲਾ ਕੀਤਾ। ਇਸ ਤੋਂ ਪਹਿਲਾਂ ਇੱਕ ਅਮਰੀਕੀ ਫ਼ੌਜੀ ਜਹਾਜ਼ ਨੇ ਇੱਕ ਟੈਂਕਰ ਦੇ ਹੇਠਲੇ ਹਿੱਸੇ ਨੂੰ ਨੁਕਸਾਨ ਪਹੁੰਚਾਇਆ ਸੀ, ਜਿਸ ਬਾਰੇ ਅਮਰੀਕੀ ਫ਼ੌਜ ਦਾ ਕਹਿਣਾ ਸੀ ਕਿ ਉਹ ਉਸ ਦੀ ਨਾਕਾਬੰਦੀ ਤੋੜਨ ਦੀ ਕੋਸ਼ਿਸ਼ ਕਰ ਰਿਹਾ ਸੀ। ਉੱਥੇ ਹੀ ਇਰਾਨ ਦੀ ਇੱਕ ਨਿਊਜ਼ ਏਜੰਸੀ ਨੇ ਦੱਸਿਆ ਹੈ ਕਿ ਅਮਰੀਕਾ ਵੱਲੋਂ ਰਾਤ ਵੇਲੇ ਕੀਤੇ ਗਏ ਹਮਲੇ ਕਾਰਨ ਇੱਕ ਮਾਲਵਾਹਕ ਜਹਾਜ਼ ਨੂੰ ਅੱਗ ਲੱਗ ਗਈ, ਜਿਸ ਵਿੱਚ ਘੱਟੋ-ਘੱਟ ਇੱਕ ਮਲਾਹ ਦੀ ਮੌਤ ਹੋ ਗਈ ਅਤੇ 10 ਹੋਰ ਜ਼ਖ਼ਮੀ ਹੋ ਗਏ। ਅਜੇ ਇਹ ਸਾਫ਼ ਨਹੀਂ ਹੋ ਸਕਿਆ ਕਿ ਇਹ ਉਹੀ ਜਹਾਜ਼ ਹੈ ਜਿਸ 'ਤੇ ਅਮਰੀਕਾ ਨੇ ਹਮਲਾ ਕਰਨ ਦਾ ਦਾਅਵਾ ਕੀਤਾ ਸੀ ਜਾਂ ਕੋਈ ਹੋਰ।

***

ਕੀ ਨਵੇਂ ਬੇਅਦਬੀ ਕਾਨੂੰਨ ਕਾਰਨ ਸਿੱਖ ਗੁਰੂ ਗ੍ਰੰਥ

ਉਨ੍ਹਾਂ ਅਨੁਸਾਰ, ਅਜੇ ਤੱਕ ਕੌਮ ਵਿੱਚ ਕਾਨੂੰਨ ਨੂੰ ਲੈ ਕੇ ਕੋਈ ਸਹਿਮਤੀ ਨਹੀਂ ਬਣੀ, ਇਸ ਲਈ ਅਜਿਹੇ ਜਸ਼ਨ ਮਨਾਉਣਾ ਗਲਤ ਹੈ। ਜਥੇਦਾਰ ਗੜਗੱਜ ਵੱਲੋਂ ਇਸ ਸਬੰਧੀ ਬਾਕਾਇਦਾ ਦੋ ਸਫ਼ਿਆਂ ਦਾ ਲਿਖਤੀ ਆਦੇਸ਼ ਜਾਰੀ ਕਰਕੇ ਹਦਾਇਤ ਕੀਤੀ ਹੈ 15 ਦਿਨਾਂ ਅੰਦਰ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਬੁਲਾ ਕੇ ਇਤਰਾਜ਼ਯੋਗ ਮੱਦਾਂ ਨੂੰ ਸੋਧ ਐਕਟ ਵਿਚੋਂ ਹਟਾਇਆ ਜਾਵੇ। ਜਥੇਦਾਰ ਵੱਲੋਂ ਜਾਰੀ ਕੀਤੇ ਆਦੇਸ਼ ਨਾਲ ਸੋਧ ਐਕਟ ਨੂੰ ਲੈ ਕੇ ਪੰਜ ਸਫ਼ਿਆਂ ਦਾ ਇਤਰਾਜ਼ਾਂ ਵਾਲਾ ਪੱਤਰ ਵੀ ਸ਼ਾਮਿਲ ਹੈ। ਸਕੱਤਰੇਤ ਅਕਾਲ ਤਖ਼ਤ ਸਾਹਿਬ ਵੱਲੋਂ ਸਪੀਕਰ ਸੰਧਵਾਂ ਨੂੰ ਭੇਜੇ ਜਥੇਦਾਰ ਦੇ ਲਿਖਤੀ ਆਦੇਸ਼ ਵਿੱਚ ਗਿਆਨੀ ਗੜਗੱਜ ਨੇ ਸ. ਸੰਧਵਾਂ ਨੂੰ ਮੁੜ ਆਖਿਆ ਹੈ ਕਿ ਇਸ ਕਾਨੂੰਨੀ ਸੋਧ ਨੂੰ ਪਾਸ ਕਰਨ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ ਅਕਾਲ ਤਖ਼ਤ ਸਾਹਿਬ ਅਤੇ ਨੁਮਾਇੰਦਾ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਜਾਣ ਬੁੱਝ ਕੇ ਪੂਰੀ ਤਰ੍ਹਾਂ ਨਜ਼ਰ ਅੰਦਾਜ਼ ਕੀਤਾ ਗਿਆ ਹੈ। ਅਕਾਲ ਤਖ਼ਤ ਸਾਹਿਬ ਪੰਜਾਬ ਸਰਕਾਰ ਨੂੰ ਸਿੱਖ ਕਾਨੂੰਨੀ ਮਾਹਿਰਾਂ ਤੇ ਜੱਜਾਂ ਦੀ ਇੱਕ ਟੀਮ ਦੇਵੇਗਾ ਜਿਸ ਰਾਹੀਂ ਸਰਕਾਰ ਇਸ ਕਾਨੂੰਨੀ ਸੋਧ ਬਾਰੇ ਸਿੱਖਾਂ ਨਾਲ ਸਹਿਮਤੀ ਬਣਾ ਸਕਦੀ ਹੈ।

ਜਥੇਦਾਰ ਨੇ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਨੂੰ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ (ਉਮਰ ਕੈਦ) ਦੇਣ 'ਤੇ ਕੋਈ ਇਤਰਾਜ਼ ਨਹੀਂ ਹੈ, ਪਰ ਉਹ ਕਾਨੂੰਨ ਦੀ ਆੜ ਵਿੱਚ ਧਾਰਮਿਕ ਸੰਸਥਾਵਾਂ 'ਤੇ ਸਰਕਾਰੀ ਕੰਟਰੋਲ ਦੇ ਖ਼ਿਲਾਫ਼ ਹਨ। ਜਥੇਦਾਰ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਸਰਕਾਰ ਨੇ ਇਨ੍ਹਾਂ ਹੁਕਮਾਂ ਦੀ ਪਾਲਣਾ ਨਾ ਕੀਤੀ ਤਾਂ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਬੁਲਾ ਕੇ ਪੰਥਕ ਰਵਾਇਤਾਂ ਅਨੁਸਾਰ ਸਖ਼ਤ ਫੈਸਲਾ ਲਿਆ ਜਾਵੇਗਾ।

ਯਾਦ ਰਹੇ ਕਿ ਬੀਤੇ ਦਿਨੀਂ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਜਥੇਦਾਰ ਸਾਹਿਬ ਨਾਲ ਮੁਲਾਕਾਤ ਕੀਤੀ ਸੀ ਅਤੇ ਕਿਹਾ ਸੀ ਕਿ ਸਰਕਾਰ ਪੰਥ ਦੀਆਂ ਭਾਵਨਾਵਾਂ ਅਨੁਸਾਰ ਕੰਮ ਕਰਨ ਲਈ ਵਚਨਬੱਧ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਕੋਈ ਖ਼ਦਸ਼ਾ ਹੈ, ਤਾਂ ਉਸ ਨੂੰ ਨਿਯਮਾਂ ਵਿੱਚ ਸੋਧ ਕਰਕੇ ਦੂਰ ਕੀਤਾ ਜਾ ਸਕਦਾ ਹੈ। ਦੱਸ ਦੇਈਏ ਕਿ ਇਸ ਨਵੇਂ ਕਾਨੂੰਨ ਵਿੱਚ ਬੇਅਦਬੀ ਦੇ ਦੋਸ਼ੀਆਂ ਲਈ ਉਮਰ ਕੈਦ ਅਤੇ 25 ਲੱਖ ਰੁਪਏ ਤੱਕ ਦੇ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਦਿੱਤੇ ਗਏ 15 ਦਿਨਾਂ ਦੇ ਅਲਟੀਮੇਟਮ ਅਤੇ ਇਤਰਾਜ਼ਾਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ। 9 ਮਈ 2026 ਨੂੰ ਸੰਗਰੂਰ ਅਤੇ ਪਟਿਆਲਾ ਵਿਖੇ ਆਪਣੀ ਸ਼ੁਕਰਾਨਾ ਯਾਤਰਾ ਦੌਰਾਨ ਉਨ੍ਹਾਂ ਨੇ ਬੜੇ ਸਖ਼ਤ ਸ਼ਬਦਾਂ ਵਿੱਚ ਜੁਆਬ ਦਿੰਦਿਆਂ ਸਪੱਸ਼ਟ ਕੀਤਾ ਕਿ ਇਹ ਕਨੂੰਨ ਵਿਧਾਨ ਸਭਾ ਵਿੱਚ ਪਾਸ ਹੋਣ ਅਤੇ ਰਾਜਪਾਲ ਦੀ ਮਨਜ਼ੂਰੀ ਮਿਲਣ ਤੋਂ ਬਾਅਦ ਲਾਗੂ ਹੋ ਚੁੱਕਾ ਹੈ। ਉਨ੍ਹਾਂ ਕਿਹਾ, 'ਇਸ ਕਨੂੰਨ ਨੂੰ ਵਾਪਸ ਲੈਣ ਜਾਂ ਰੋਕਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।' ਉਨ੍ਹਾਂ ਇਸ ਨੂੰ ਇੱਕ ਸੰਵਿਧਾਨਕ ਪ੍ਰਕਿਰਿਆ ਰਾਹੀਂ ਬਣਿਆ ਕਾਨੂੰਨ ਦੱਸਿਆ। ਭਗਵੰਤ ਮਾਨ ਨੇ ਕਿਹਾ ਕਿ ਇਸ ਕਾਨੂੰਨ ਦਾ ਵਿਰੋਧ ਸਿਰਫ਼ 'ਇੱਕ ਖ਼ਾਸ ਪਰਿਵਾਰ' (ਬਾਦਲ ਪਰਿਵਾਰ ਵੱਲ ਇਸ਼ਾਰਾ) ਕਰ ਰਿਹਾ ਹੈ ਕਿਉਂਕਿ ਪਿਛਲੀਆਂ ਬੇਅਦਬੀ ਦੀਆਂ ਘਟਨਾਵਾਂ ਵਿੱਚ ਉਨ੍ਹਾਂ ਦਾ ਨਾਮ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਲੱਖਾਂ ਦੀ ਗਿਣਤੀ ਵਿੱਚ ਸੰਗਤ ਇਸ ਕਨੂੰਨ ਦਾ ਸਮਰਥਨ ਕਰ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਆਮ ਸਿੱਖ ਜਾਂ ਸ਼ਰਧਾਲੂ ਪਰਿਵਾਰਾਂ ਨੂੰ ਇਸ ਕਾਨੂੰਨ ਤੋਂ ਡਰਨ ਦੀ ਲੋੜ ਨਹੀਂ, ਉਹ ਆਪਣੇ ਘਰਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਸਕਦੇ ਹਨ, ਗੁਟਕਾ ਸਾਹਿਬ ਰੱਖ ਸਕਦੇ ਹਨ। ਇਹ ਕਾਨੂੰਨ ਦਹਿਸ਼ਤ ਫੈਲਾਉਣ ਲਈ ਨਹੀਂ, ਸਗੋਂ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਬਣਾਇਆ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਕਾਨੂੰਨ ਸੰਤਾਂ-ਮਹਾਂਪੁਰਸ਼ਾਂ ਅਤੇ ਉੱਘੇ ਕਾਨੂੰਨਦਾਨਾਂ ਨਾਲ ਵਿਚਾਰ ਚਰਚਾਵਾਂ ਕਰਨ ਤੋਂ ਬਾਅਦ ਹੀ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਜਥੇਦਾਰਾਂ ਦੀ ਪ੍ਰਵਾਹ ਨਹੀਂ, ਜੋ ਕਰਨਾ ਹੈ ਉਹ ਕਰ ਲੈਣ।

ਮੁੱਖ ਮੰਤਰੀ ਨੇ ਦੋਸ਼ ਲਾਇਆ ਕਿ ਕੁਝ ਲੋਕ ਅਕਾਲ ਤਖ਼ਤ ਸਾਹਿਬ ਦੀ ਵਰਤੋਂ ਕਰਕੇ ਸਮਾਨਾਂਤਰ ਸਰਕਾਰ ਚਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਇੱਕ ਸੰਵੇਦਨਸ਼ੀਲ ਧਾਰਮਿਕ ਮੁੱਦੇ ਦਾ ਸਿਆਸੀਕਰਨ ਕਰ ਰਹੇ ਹਨ।

ਕਾਨ ਫਿਲਮ ਫੈਸਟੀਵਲ 'ਚ

ਗੋਵਾਰੀਕਰ ਭਾਰਤ ਦੇ ਅਧਿਕਾਰਤ ਵਫ਼ਦ ਦੀ ਅਗਵਾਈ ਕਰਨਗੇ। ਇਸ ਤੋਂ ਇਲਾਵਾ ਮਰਾਠੀ ਸਿਨੇਮਾ ਤੋਂ ਅਸ਼ੋਕ ਸਰਾਫ ਅਤੇ ਗੁਜਰਾਤੀ ਸਿਨੇਮਾ ਤੋਂ ਮਾਨਸੀ ਪਾਰੇਖ ਵਰਗੇ ਸਿਤਾਰੇ ਵੀ ਭਾਰਤੀ ਸੱਭਿਆਚਾਰ ਦੀ ਝਲਕ ਪੇਸ਼ ਕਰਨਗੇ।

ਜਿੱਥੇ ਖੇਤਰੀ ਸਿਨੇਮਾ ਧਮਾਲ ਪਾਵੇਗਾ, ਉੱਥੇ ਬਾਲੀਵੁੱਡ ਦਾ ਗਲੈਮਰ ਵੀ ਘੱਟ ਨਹੀਂ ਹੋਵੇਗਾ। ਕਾਨ ਦੀ ਰਾਣੀ ਕਹੀ ਜਾਣ ਵਾਲੀ ਐਸ਼ਵਰਿਆ ਰਾਏ ਬੱਚਨ ਇੱਕ ਵਾਰ ਫਿਰ ਲੋਰਿਅਲ ਦੀ ਅੰਬੈਸਡਰ ਵਜੋਂ ਵਾਪਸੀ ਕਰ ਰਹੀ ਹੈ। ਇਸ ਦੇ ਨਾਲ ਹੀ ਆਲੀਆ ਭੱਟ, ਕਰਨ ਜੌਹਰ, ਤਾਰਾ ਸੁਤਾਰੀਆ ਅਤੇ ਮੌਨੀ ਰਾਏ ਵਰਗੇ ਸਿਤਾਰੇ ਵੀ ਰੈੱਡ ਕਾਰਪੇਟ ਦੀ ਸ਼ੋਭਾ ਵਧਾਉਣਗੇ। ਪਰ ਸਾਰੀਆਂ ਨਜ਼ਰਾਂ ਤਾਂ ਐਮੀ ਵਿਰਕ 'ਤੇ ਰਹਿਣਗੀਆਂ ਕਿ ਉਹ ਕਿਹੜੇ ਅੰਦਾਜ਼ ਵਿੱਚ ਪੰਜਾਬੀਅਤ ਨੂੰ ਉੱਥੇ ਪੇਸ਼ ਕਰਦੇ ਹਨ। ਕੀ ਉਹ ਸੂਟ-ਬੂਟ ਵਿੱਚ ਹੋਣਗੇ ਜਾਂ ਰਵਾਇਤੀ ਪਹਿਰਾਵੇ ਵਿੱਚ ? ਇਹ ਦੇਖਣਾ ਦਿਲਚਸਪ ਹੋਵੇਗਾ।

***

ਸੇਰੇਨਾ ਵਿਲੀਅਮਜ਼

ਸਾਲ 2016 ਵਿੱਚ ਉਹ ਰੈੱਡਿਟ ਵੈੱਬਸਾਈਟ ਦੇ ਕੋ-ਫਾਊਂਡਰ ਅਲੈਕਸਿਸ ਓਹਾਨੀਅਨ ਦੀ ਦੋਸਤ ਬਣ ਗਈ। ਫਿਰ ਉਨ੍ਹਾਂ ਦੀ ਮੰਗਣੀ ਹੋ ਗਈ। ਅਪ੍ਰੈਲ 2017 ਵਿੱਚ ਸੇਰੇਨਾ ਨੇ ਦੱਸਿਆ ਕਿ ਉਹ ਗਰਭਵਤੀ ਹੈ ਜਿਸ ਕਰਕੇ 2017 ਦਾ ਅਗਲਾ ਸੀਜ਼ਨ ਨਹੀਂ ਖੇਡ ਸਕੇਗੀ। ਸਤੰਬਰ 2017 ਵਿੱਚ ਉਸ ਨੇ ਧੀ ਨੂੰ ਜਨਮ ਦਿੱਤਾ ਤੇ ਦਸੰਬਰ 2017 'ਚ ਉਨ੍ਹਾਂ ਦਾ ਬਕਾਇਦਾ ਵਿਆਹ ਹੋ ਗਿਆ। ਉਨ੍ਹਾਂ ਦੀ ਦੂਜੀ ਧੀ 2023 ਵਿੱਚ ਜਨਮੀ। ਮਾਰਚ 2018 ਵਿੱਚ ਉਹ ਮੁੜ ਟੈਨਿਸ ਖੇਡਣ ਲੱਗੀ। ਉਸ ਸਾਲ ਉਹ ਵਿੰਬਲਡਨ ਤੇ ਯੂ.ਐੱਸ. ਓਪਨ ਦੇ ਫਾਈਨਲ ਵਿੱਚ ਤਾਂ ਪਹੁੰਚ ਗਈ, ਪਰ ਕੋਈ ਟੂਰਨਾਮੈਂਟ ਨਾ ਜਿੱਤ ਸਕੀ। 24 ਸਾਲਾਂ ਦੇ ਖੇਡ ਕਰੀਅਰ ਦੌਰਾਨ ਸੇਰੇਨਾ ਨੇ 33 ਗਰੈਂਡ ਸਲੈਮ ਫਾਈਨਲ ਖੇਡੇ ਜਿਨ੍ਹਾਂ 'ਚੋਂ 23 ਜਿੱਤੇ ਤੇ 10 ਫਾਈਨਲ ਮੈਚਾਂ ਵਿੱਚ ਉਪ ਜੇਤੂ ਰਹੀ।

ਟੈਨਿਸ ਕੋਰਟਾਂ 'ਚ ਸੇਰੇਨਾ ਦੀ ਜ਼ੋਰਦਾਰ ਸਰਵਿਸ, ਕਸਵੇਂ ਸ਼ਾਟ, ਫੈਸ਼ਨੀ ਕਿੱਟ, ਸਡੌਲ ਜੁੱਸਾ, ਵਾਲਾਂ ਦੀਆਂ ਮੀਢੀਆਂ ਤੇ ਕਦੇ ਰਿਬਨ ਪਿੱਛੇ ਝੂੰਮਦੇ ਖੁੱਲ੍ਹੇ ਵਾਲ ਟੈਨਿਸ ਪ੍ਰੇਮੀਆਂ ਦਾ ਮਨੋਰੰਜਨ ਕਰਦੇ ਰਹੇ। 2012 ਵਿੱਚ ਵੋਗ ਮੈਗਜ਼ੀਨ ਦੇ ਕਵਰ 'ਤੇ ਉਹਦੀ ਫੋਟੋ ਪਹਿਲੀ ਬਲੈਕ ਫੀਮੇਲ ਅਥਲੀਟ ਵਜੋਂ ਛਾਪੀ ਗਈ। ਉਸ ਨੇ ਫੈਸ਼ਨ ਸ਼ੋਆਂ ਦੇ ਮੇਲੇ ਲਾਏ ਤੇ ਫੈਸ਼ਨਾਂ ਦਾ ਬਿਜ਼ਨਸ ਵੀ ਕੀਤਾ।

ਸਾਲ 2013 ਦੇ ਆਸਟ੍ਰੇਲੀਅਨ ਓਪਨ ਵਿੱਚ ਉਹਦੀ ਸਰਵਿਸ ਦੀ ਸਪੀਡ 207 ਕਿਲੋਮੀਟਰ ਪ੍ਰਤੀ ਘੰਟਾ ਮਾਪੀ ਗਈ। ਉਸ ਦੇ ਫੋਰਹੈਂਡ ਤੇ ਬੈਕਹੈਂਡ ਦੋਵੇਂ ਤਰ੍ਹਾਂ ਦੇ ਸ਼ਾਟਾਂ ਦਾ ਕੋਈ ਸਾਨੀ ਨਹੀਂ ਸੀ। ਉਸ ਦਾ ਮਨਪਸੰਦ ਖੇਡ ਮੈਦਾਨ ਕਲੇਅ ਕੋਰਟ ਸੀ ਜਦ ਕਿ ਗਰਾਸ ਤੇ ਹਾਰਡ ਕੋਰਟਾਂ 'ਤੇ ਵੀ ਉਹਦੀ ਖੇਡ ਲਾਜਵਾਬ ਸੀ। ਉਸ ਦੀ ਹਰਮਨ ਪਿਆਰਤਾ ਦਾ ਇਹ ਆਲਮ ਹੈ ਕਿ ਇੰਸਟਗ੍ਰਾਮ 'ਤੇ ਉਹਦੇ 90 ਲੱਖ ਪ੍ਰਸੰਸਕ ਹਨ। ਉਹ ਚੋਟੀ ਦੀ ਖਿਡਾਰਨ ਹੋਣ ਨਾਲ ਮਮਤਾ ਭਰੀ ਮਾਂ ਵੀ ਹੈ। ਸਲੱਗ ਪਤਨੀ ਵੀ, ਦੋਸਤ ਵੀ ਅਤੇ ਕਰੋੜਾਂ ਬੱਚਿਆਂ ਤੇ ਨੌਜੁਆਨਾਂ ਦਾ ਰੋਲ ਮਾਡਲ ਵੀ।

***

ਕਿਵੇਂ ਰੋਕੀਏ ਪੰਜਾਬ ਨਾਲ

ਪਰ ਇਨ੍ਹਾਂ ਸਾਰਿਆਂ ਪੁਆੜਿਆਂ ਦੀ ਜੜ੍ਹ ਪੰਜਾਬ ਪੁਨਰਗਠਨ ਐਕਟ 1966 ਹੈ। ਇਸਦਾ ਕੋਈ ਇੱਕ ਸੈਕਸ਼ਨ ਵੀ ਪੰਜਾਬ ਦੇ ਪੱਖ ਦਾ ਨਹੀਂ ਬਲਕਿ ਬਹੁਤਿਆਂ ਸੈਕਸ਼ਨਾਂ ਦੀ ਆਖਰੀ ਸਤਰ 'ਜਿਵੇਂ ਕੇਂਦਰ ਨਿਰਦੇਸ਼ ਕਰੇਗਾ' ਨਾਲ ਸਮਾਪਤ ਹੁੰਦੀ ਹੈ। ਜਿਸ ਨੂੰ ਖ਼ਤਮ ਕੀਤੇ ਤੋਂ ਬਿਨਾਂ ਪੰਜਾਬ ਦਾ ਪਾਣੀ, ਪੰਜਾਬ ਦੀ ਰਾਜਧਾਨੀ ਅਤੇ ਪੰਜਾਬ ਦੀ ਯੂਨੀਵਰਸਿਟੀ ਅਤੇ ਹੋਰ ਪੰਜਾਬ ਦੇ ਹੱਕ ਸੰਵਿਧਾਨਕ ਤੌਰ 'ਤੇ ਨਹੀਂ ਬਚਾਏ ਜਾ ਸਕਦੇ।

ਪੰਜਾਬ ਦੀਆਂ ਸਿਆਸੀ ਪਾਰਟੀਆਂ ਸਮੇਤ ਭਾਜਪਾ ਇਹ ਕਹਿੰਦੀ ਹੈ ਕਿ ਪੰਜਾਬ ਦੇ ਪਾਣੀਆਂ ਤੇ ਪੰਜਾਬ ਦਾ ਹੱਕ ਹੈ ਤਾਂ ਪੰਜਾਬ ਦੀ ਵਿਧਾਨ ਸਭਾ ਵਿਚ ਪੰਜਾਬ ਪੁਨਰਗਠਨ ਐਕਟ ਦੇ ਸੈਕਸ਼ਨ 72 ਜਿਸ ਦੇ ਤਹਿਤ ਪੰਜਾਬ ਯੂਨੀਵਰਸਿਟੀ ਵੱਲ ਕੇਂਦਰ ਮੈਲੀ ਅੱਖ ਰੱਖਦਾ ਹੈ ਇਨ੍ਹਾਂ ਨੂੰ ਅਤੇ ਵਿਸ਼ੇਸ਼ ਤੌਰ ਤੇ ਸੈਕਸ਼ਨ 78, 79 ਤੇ 80 ਨੂੰ ਗੈਰ ਸੰਵਿਧਾਨਿਕ ਕਰਾਰ ਦੇਣ ਦਾ ਬਿੱਲ ਵਿਧਾਨ ਸਭਾ ਵਿਚੋਂ ਪਾਸ ਕਰਕੇ ਕਾਨੂੰਨ ਬਣਨ ਲਈ ਭੇਜਿਆ ਜਾਵੇ। ਕੀ ਉਦੋਂ ਵੀ ਰਾਸ਼ਟਰਪਤੀ ਇਹ ਕਹਿ ਸਕਣਗੇ ਕਿ ਸੈਕਸ਼ਨ 78, 79, 80 ਸੰਵਿਧਾਨਕ ਹਨ ? ਕੀ ਉਹ ਕਹਿ ਸਕਣਗੇ ਕਿ ਪਾਣੀ ਤੇ ਸੂਬਿਆਂ ਦਾ ਅਧਿਕਾਰ ਨਹੀਂ ? ਕੀ ਉਹ ਭਾਰਤੀ ਸੰਵਿਧਾਨ ਦੇ ਉਲਟ ਵਿਆਖਿਆ ਦੇ ਸਕਣਗੇ ? ਜੇ ਦੇ ਸਕਣਗੇ ਤਾਂ ਪੰਜਾਬ ਪ੍ਰਤੀ ਧੱਕਾ ਮੁਲਕ ਪੱਧਰ ਤੇ ਸਪੱਸ਼ਟ ਹੋ ਜਾਵੇਗਾ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ ਵਾਟਰ ਟਰਮੀਨੇਸ਼ਨ ਬਿੱਲ 2006 ਜਿਸ ਕਾਰਨ ਰੱਦ ਹੋਇਆ, ਉਹ ਕਾਰਨ ਸੈਕਸ਼ਨ 78, 79, 80 ਤਹਿਤ ਅਧਿਕਾਰਾਂ ਦਾ ਕੇਂਦਰ ਕੋਲ ਹੋਣਾ ਹੀ ਸੀ। ਅਤੇ ਇਨ੍ਹਾਂ ਸੈਕਸ਼ਨ ਨੂੰ ਰੱਦ ਕਰਾਉਣ ਲਈ ਪੰਜਾਬ 'ਚ ਰਾਜ ਕਰਦੀਆਂ ਪਾਰਟੀਆਂ ਬਿਲਕੁਲ ਸੰਜੀਦਾ ਨਹੀਂ, ਸਿਰਫ਼ ਗੱਲੀਂਬਾਤੀਂ ਪੰਜਾਬ ਦੇ ਪਾਣੀਆਂ ਦੀ ਰਖਵਾਲੀ ਕਰਦੀਆਂ ਹਨ, ਇਸ ਕਰਕੇ ਸੈਕਸ਼ਨ 78, 79, 80 ਨੂੰ ਰੱਦ ਕਰਾਉਣ ਲਈ ਕਾਨੂੰਨੀ, ਸਿਆਸੀ ਅਤੇ ਜਥੇਬੰਦਕ ਲੜਾਈ ਲੜਨ ਦੀ ਜ਼ਰੂਰਤ ਹੈ। ਜਥੇਬੰਦਕ ਲੜਾਈ ਨੂੰ ਪਹਿਲ ਦੇਣੀ ਪਏਗੀ ਫਿਰ ਹੀ ਗੱਲ ਅੱਗੇ ਤੁਰੇਗੀ, ਇਨ੍ਹਾਂ ਨੂੰ ਰੱਦ ਕਰਾਏ ਤੋਂ ਬਿਨਾਂ ਪੰਜਾਬ ਜੋ ਗੰਭੀਰ ਪਾਣੀ ਦੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ, ਉਹ ਆਪਣੀ ਹਸਤੀ ਨਹੀਂ ਬਚਾ ਸਕੇਗਾ। ਇਸ ਦੀ ਵਿਆਪਕ ਲਾਮਬੰਦੀ ਤੇ ਜਦੋਜਹਿਦ ਦੀ ਬੇਹੱਦ ਜ਼ਰੂਰਤ ਹੈ।

***

ਇਰਾਨ, ਅਮਰੀਕਾ-ਇਜ਼ਰਾਇਲ

ਇਰਾਨ ਦੀ ਤਬਾਹੀ ਤਾਂ ਹੋਵੇਗੀ ਹੀ ਪਰ ਅਮਰੀਕਾ ਅਤੇ ਇਜ਼ਰਾਇਲ ਲਈ ਵੀ ਇਹ ਜੰਗ ਇਕ ਬਹੁਤ ਕੌੜਾ ਸਬਕ ਹੋਵੇਗੀ। ਇਹ ਭਵਿੱਖ ਵਿੱਚ ਇਰਾਨ ਨੂੰ ਪ੍ਰਮਾਣੂੰ ਤਾਕਤ ਬਣ ਕੇ ਆਪਣਾ ਬਚਾਅ ਕਰਨ ਲਈ ਮਜਬੂਰ ਕਰਨ ਵਾਲੇ ਰਾਹੇ ਤੋਰਨ ਵਰਗੀ ਗੱਲ ਹੋਵੇਗੀ। ਮੱਧ ਪੂਰਬ ਦੇ ਖਾੜੀ ਦੇਸ਼ (ਕਤਰ, ਯੂ.ਏ.ਈ, ਬਹਿਰੀਨ, ਇਰਾਕ, ਸਊਦੀ ਅਰਬ,

ਜੌਰਡਨ, ਕੁਵੈਤ, ਓਮਾਨ) ਦਾ ਤਾਂ ਸਿੱਧਾ ਇਰਾਨ ਨਾਲ ਕੋਈ ਝਗੜਾ ਨਹੀਂ। ਪਰ ਇਹਨਾਂ ਦੀਆਂ ਧਰਤੀਆਂ ਉੱਤੇ ਅਮਰੀਕਾ ਦੇ ਫ਼ੌਜੀ ਅੱਡੇ ਹਨ। ਇਹਨਾਂ ਅੱਡਿਆਂ ਉੱਤੇ ਇਰਾਨ ਉੱਤੇ ਹਮਲੇ ਹੁੰਦੇ। ਇਹ ਵਿਚਕਾਰ ਫਸ ਗਏ ਹਨ। ਜੇ ਜੰਗ ਲਮਕਦੀ ਭੜਕਦੀ ਹੈ ਤਾਂ ਇਹਨਾਂ ਲਈ ਸਭ ਤੋਂ ਵੱਧ ਘਾਤਕ ਹੋਵੇਗੀ, ਖਾਸ ਕਰਕੇ ਕਤਰ, ਯੂ.ਏ.ਈ, ਬਹਿਰੀਨ, ਕੁਵੈਤ ਲਈ।

ਭਾਰਤ ਉੱਤੇ ਵੀ ਵੱਡਾ ਨਾਂਹ ਪੱਖੀ ਅਸਰ ਪਵੇਗਾ, ਕੁਝ ਤਾਂ ਪਹਿਲੋਂ ਪੈ ਈ ਚੁੱਕਾ। ਸਾਡਾ ਭਾਰਤ 'ਬਰਿਕਸ' ਦੇਸ਼ਾਂ ਦਾ ਇਸ ਵੇਲੇ ਪ੍ਰਧਾਨ ਹੈ ਤੇ ਇਰਾਨ ਵੀ ਮੈਂਬਰ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਹਮਲੇ ਤੋਂ 2 ਦਿਨ ਪਹਿਲਾਂ ਇਜ਼ਰਾਇਲ ਜਾ ਕੇ ਨੇਤਨਯਾਹੂ ਦਾ ਗੁਣਗਾਨ ਨਹੀਂ ਸੀ ਕਰਨਾ ਚਾਹੀਦਾ। ਇਰਾਨੀ ਲੀਡਰਾਂ ਤੇ 168 ਬੱਚੀਆਂ ਨੂੰ ਮਾਰਨ, ਭਾਰਤ ਦੇ ਸੱਦੇ ਉੱਤੇ ਆਏ 80 ਇਰਾਨੀ ਪ੍ਰਾਹੁਣਿਆਂ ਨੂੰ ਵਾਪਿਸ ਜਾਂਦਿਆਂ ਡੁਬੋ ਕੇ ਮਾਰਨ ਦੀ ਵੀ ਮੋਦੀ ਨਿੰਦਾ ਕਰਦੇ ਤਾਂ ਭਾਰਤ ਦਾ ਪਰਖੇ ਮਿੱਤਰ ਦੇਸ਼ ਇਰਾਨ ਨਾਲ ਵਿਸ਼ਵਾਸ ਬਣਿਆ ਰਹਿੰਦਾ। ਅਮਰੀਕਾ ਤਾਂ ਕਿਸੇ ਦਾ ਮਿੱਤ ਨਹੀਂ, ਨਾਟੋ ਦਾ ਵੀ ਨਹੀਂ। ਟਰੰਪ ਨੇ ਸਾਡੇ ਪ੍ਰਧਾਨ ਮੰਤਰੀ ਦੇ ਮੂੰਹ 'ਤੇ ਆਖਿਆ ਕਿ 'ਬਰਿਕਸ' ਗਠਜੋੜ ਮਰ ਚੁੱਕਾ, ਤੇ ਹੁਣ ਭਾਰਤ ਚੀਨ ਨੂੰ 'ਨਰਕ' ਆਖਿਆ। ਸਾਡੇ 'ਤੇ 18% ਟੈਰਿਫ਼ ਲਾ ਕੇ ਸਾਨੂੰ ਅਮਰੀਕਾ ਉੱਤੇ ਜ਼ੀਰੋ % ਟੈਰਿਫ਼ ਲਾਉਣ ਲਈ ਮਜਬੂਰ ਕੀਤਾ। ਅਸੀਂ ਅੱਗੋਂ ਮਾਈ ਬੈਸਟ ਫਰੈਂਡ ਪਤਾ ਨੀ ਕਿਹੜੇ ਡਰੋਂ ਕਹੀ ਜਾਨੇ ! ਤੇ ਭਾਰਤ ਦੀ ਏਸੇ ਕਮਜ਼ੋਰੀ ਦਾ ਨਤੀਜਾ ਜਾਪਦਾ ਕਿ ਅਮਰੀਕਾ ਇਰਾਨ ਦਰਮਿਆਨ ਗੱਲਬਾਤ ਕਰਾਉਣ ਲਈ ਸਭ ਵੱਲੋਂ ਪਾਕਿਸਤਾਨ ਨੂੰ ਵੱਧ ਭਰੋਸੇਯੋਗ ਸਮਝਿਆ ਗਿਆ। ਭਾਰਤ ਨੂੰ ਆਪਣੀ ਵਿਦੇਸ਼ ਨੀਤੀ ਬਾਰੇ ਅੰਤਰਝਾਤ ਦੀ ਲੋੜ ਹੈ। ਏਡੇ ਵੱਡੇ ਭਾਰਤ ਨੂੰ ਅਮਰੀਕਾ ਤੋਂ ਯਰਕਣ ਦੀ ਕੀ ਮਜਬੂਰੀ ਹੈ ? ਅਮਰੀਕਾ ਤਾਂ ਇਰਾਨ ਨੂੰ ਪੱਥਰ ਯੁੱਗ ਵਿਚ ਪੁਚਾ ਦੇਣ ਦੀਆਂ ਫੜ੍ਹਾਂ ਮਾਰਨ ਬਾਅਦ ਹੁਣ ਫਿਰ ਸਮਝੌਤੇ ਲਈ ਝੁਕ ਰਿਹਾ ਲਗਦਾ। ਖ਼ਬਰ ਹੈ ਕਿ ਇਰਾਨ ਵੱਲੋਂ ਰੱਖੀਆਂ 14 ਸ਼ਰਤਾਂ ਦੇ ਅਧਾਰ ਉੱਤੇ ਹੀ ਗੱਲ ਹੋ ਰਹੀ ਹੈ। ਇਰਾਨ ਕਹਿ ਰਿਹਾ ਕਿ ਸਮਝੌਤੇ ਵਿੱਚ ਅਸੀਂ ਦੇਸ਼ ਹਿੱਤ ਲਈ ਖੜ੍ਹਾਂਗੇ, ਚਾਹੇ ਜੰਗ ਹੀ ਕਰਨੀ ਪਵੇ। ਇਹ ਜੰਗ ਹੌਸਲੇ ਅਤੇ ਹਵਸ/ਹਉਮੈ ਦਰਮਿਆਨ ਹੈ।

ਭਾਵੇਂ ਵਾਰਤਾ ਹੋਣ ਦੀਆਂ ਖ਼ਬਰਾਂ ਹਨ ਪਰ ਮੁੜ ਜੰਗ ਭੜਕਣ ਦੀ ਸੰਭਾਵਨਾ ਤਾਂ ਅਜੇ ਬਰਕਰਾਰ ਹੈ। ਇਸ ਜੰਗ ਵਿੱਚ ਇਰਾਨ ਆਪਣੀ ਅਣਖ ਦੀ ਭਾਰੀ ਕੀਮਤ ਤਾਰੇਗਾ, ਅਮਰੀਕਾ ਆਪਣੀ ਹਉਮੈਂ ਅਤੇ ਸਵਾਰਥੀ ਮਨਸੂਬਿਆਂ ਲਈ ਇਨਸਾਨਾਂ ਦੀ ਬਲੀ ਲਵੇਗਾ, ਪਰ ਇਜ਼ਰਾਇਲ ਹਰ ਹਾਲਤ ਵਿੱਚ ਸਾਰੇ ਸੰਸਾਰ ਨੂੰ ਆਪਣਾ ਨਾਸੂਰ ਵਰਗਾ ਅਹਿਸਾਸ ਕਰਾਵੇਗਾ। ਕਾਸ਼ ! ਐਸਾ ਨਾ ਹੋਵੇ।

***

ਭਗਵੰਤ ਮਾਨ ਲਈ ਅਗਨੀ ਪ੍ਰੀਖਿਆ:

ਭਾਰਤੀ ਅਫਸਰਸ਼ਾਹੀ ਬਾਰੇ ਇਹ ਮਸ਼ਹੂਰ ਹੈ ਕਿ ਕਿਸੇ ਵੀ ਸਰਕਾਰ ਦੇ ਆਖਰੀ ਸਾਲ ਵੇਲੇ ਉਹ ਆਪਣੇ ਰਾਜਨੀਤਕ ਆਕਾਵਾਂ ਤੋਂ ਦੂਰੀ ਬਣਾ ਲੈਂਦੀ ਹੈ। ਕੇਂਦਰ ਸਰਕਾਰ ਵਿਚਲੇ ਚਾਣਕੀਆ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਆਪ ਅੰਦਰ ਕੀਤੀ ਸਰਜੀਕਲ ਸਟਰਾਈਕ ਨੇ ਮਾਨ ਸਰਕਾਰ ਅਤੇ ਇਸਦੀ ਪ੍ਰਸ਼ਾਸਨਕ ਪਕੜ ਨੂੰ ਰਾਜ ਵਿੱਚ ਕਮਜ਼ੋਰ ਕਰ ਦਿੱਤਾ ਹੈ। ਰਾਜ ਵਿੱਚ ਜਨਗਣਨਾ ਦਾ ਕਾਰਜ ਸ਼ੁਰੂ ਹੋਣ ਕਰਕੇ ਸਥਿਤੀਆਂ ਪੇਚੀਦਾ ਰੁਖ ਇਖ਼ਤਿਆਰ ਕਰ ਰਹੀਆਂ ਹਨ। ਇਸਦੇ ਮੱਦੇਨਜ਼ਰ ਵਿਧਾਨ ਸਭਾ ਚੋਣਾਂ ਸਮੇਂ ਤੋਂ ਪਹਿਲਾਂ ਜਾਂ ਬਾਅਦ ਕਰਾਈਆਂ ਜਾਣੀਆਂ ਤੈਅ ਹਨ। ਜੋ ਇੱਕ ਤਾਂ ਸਰਕਾਰ ਦੀ ਪ੍ਰਸ਼ਾਸਨ 'ਤੇ ਢਿੱਲੀ ਪੈਂਦੀ ਪਕੜ ਅਤੇ ਦੂਸਰੇ ਪਾਸੇ ਵਿਰੋਧੀ ਧਿਰਾਂ ਦਾ ਲਗਾਤਾਰ ਦਬਾਅ, ਸਭ ਤੋਂ ਸੰਗੀਨ ਬੇਅਦਬੀ ਕਾਨੂੰਨ ਪਾਸ ਕਰਕੇ ਸਿੱਖ ਭਾਈਚਾਰੇ ਅਤੇ ਧਾਰਮਿਕ ਸੰਸਥਾਵਾਂ ਦਾ ਵਿਰੋਧ ਸਰਕਾਰ ਨੂੰ ਇੱਕ ਦਿਨ ਵੀ ਚੈਨ ਨਾਲ ਕੰਮ ਕਰਨ ਦੀ ਇਜਾਜ਼ਤ ਨਹੀਂ ਦੇਵੇਗਾ।

ਮੀਡੀਆ ਲੋਕਤੰਤਰ ਦੇ ਚੌਥੇ ਮਜ਼ਬੂਤ ਅਤੇ ਜਾਗਰਤ ਸਤੰਭ ਵਜੋਂ ਸਰਕਾਰਾਂ ਨੂੰ ਉਹਨਾਂ ਦੀ ਕਾਰਜਸ਼ੈਲੀ ਸਬੰਧੀ ਲਗਾਤਾਰ ਸ਼ੀਸ਼ਾ ਵਿਖਾਉਣ ਦਾ ਕੰਮ ਕਰਦਾ ਹੈ। ਲੇਕਿਨ ਭਾਰਤ ਵਿੱਚ ਕੇਂਦਰ ਅਤੇ ਰਾਜ ਸਰਕਾਰਾਂ ਦਬਾ ਪਾ ਕੇ ਰੱਖਣ ਅਤੇ ਆਪੋ ਆਪਣੀ ਕਾਰਜਸ਼ੈਲੀ ਦਾ ਸ਼ੀਸ਼ਾ ਆਪਣੀ ਮਰਜ਼ੀ ਨਾਲ ਜਨਤਾ ਨੂੰ ਵਿਖਾਉਣ ਦੀ ਨੀਤੀ 'ਤੇ ਚੱਲ ਰਹੀਆਂ ਹਨ। ਪੰਜਾਬ ਅੰਦਰ ਮੀਡੀਆ ਲਗਾਤਾਰ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਦੇ ਦੋ ਪੁੜਾਂ ਵਿੱਚ ਪਿਸਦਾ ਚਲਾ ਆ ਰਿਹਾ ਹੈ। ਭਗਵੰਤ ਮਾਨ ਸਰਕਾਰ ਨੇ ਇਸ ਨੂੰ ਕਾਬੂ ਵਿੱਚ ਰੱਖਣ ਲਈ ਸਾਮ ਦਾਮ ਦੰਡ ਭੇਦ ਦੀ ਨੀਤੀ ਤੋਂ ਕੰਮ ਲਿਆ। ਤਾਕਤਵਰ ਮੀਡੀਆ ਘਰਾਣਿਆਂ ਨੂੰ ਨਹੀਂ ਬਖ਼ਸ਼ਿਆ। ਲੇਕਿਨ ਹੁਣ ਜਿਉਂ ਹੀ ਇਸਦੀ ਪਕੜ ਪ੍ਰਸ਼ਾਸਨ ਅਤੇ ਪੁਲਿਸ ਉੱਤੇ ਘਟਦੀ ਚਲੀ ਜਾਵੇਗੀ, ਮੀਡੀਆ ਇਸਦੇ ਪੋਤੜੇ ਫਰੋਲਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗਾ। ਸੋ ਰਹਿੰਦੇ ਕੁਝ ਮਹੀਨਿਆਂ ਦਾ ਸਮਾਂ ਨਿਸ਼ਚਿਤ ਤੌਰ 'ਤੇ ਭਗਵੰਤ ਮਾਨ ਸਰਕਾਰ ਲਈ ਕੋਈ ਸੌਖਾ ਨਹੀਂ ਹੋਵੇਗਾ।

***

ਗੰਭੀਰ ਹੋਇਆ ਪੱਛਮੀ ਏਸ਼ੀਆ

ਅਜਿਹਾ ਨਹੀਂ ਹੈ ਕਿ ਸਿਰਫ਼ ਗੈਸ ਦੀ ਹੀ ਕਿੱਲਤ ਦੇਖਣ ਨੂੰ ਮਿਲ ਰਹੀ ਹੈ। ਕਿਉਂਕਿ ਰਸਾਇਣਕ ਖਾਦਾਂ ਦੇ ਉਤਪਾਦਨ ਵਿਚ ਕੁਦਰਤੀ ਗੈਸ ਦੀ ਵਰਤੋਂ ਹੁੰਦੀ ਹੈ, ਇਸ ਲਈ ਉਸ ਦੇ ਵੀ ਭਾਅ ਵਧਣ ਅਤੇ ਉਸ ਦੀ ਸਪਲਾਈ ਪ੍ਰਭਾਵਿਤ ਹੋਣ ਦੀ ਸ਼ੰਕਾ ਹੈ। ਤਾਰਕੋਲ ਵੀ ਪੈਟਰੋਲੀਅਮ ਰਿਫਾਈਨਿੰਗ ਦਾ ਇਕ ਉਪ-ਉਤਪਾਦ ਹੈ ਅਤੇ ਦੇਸ਼ ਵਿਚ ਉਸ ਦੀ ਵੀ ਕਮੀ ਦੇਖੀ ਜਾ ਰਹੀ ਹੈ।

ਜੇਕਰ ਅਮਰੀਕਾ ਅਤੇ ਇਰਾਨ ਵਿਚਕਾਰ ਤਨਾਤਨੀ ਜਾਰੀ ਰਹਿੰਦੀ ਹੈ ਅਤੇ ਹੋਰਮੁਜ਼ ਸਮੁੰਦਰੀ ਮਾਰਗ ਨਹੀਂ ਖੁੱਲ੍ਹਦਾ ਤਾਂ ਪੱਛਮੀ ਏਸ਼ੀਆ ਦਾ ਸੰਕਟ ਪੂਰੀ ਦੁਨੀਆ ਲਈ ਕਿਤੇ ਵੱਡੇ ਸੰਕਟ ਵਿੱਚ ਤਬਦੀਲ ਹੋ ਜਾਵੇਗਾ। ਇਸ ਲਈ ਸਿਰਫ਼ ਅਮਰੀਕਾ ਅਤੇ ਇਜ਼ਰਾਇਲ ਹੀ ਨਹੀਂ ਸਗੋਂ ਇਰਾਨ ਵੀ ਦੋਸ਼ੀ ਹੋਵੇਗਾ ਕਿਉਂਕਿ ਹੁਣ ਉਹ ਵੀ ਹਠਧਰਮੀ ਦਿਖਾ ਰਿਹਾ ਹੈ। ਜਿੱਥੇ ਅਮਰੀਕਾ ਚਾਹੁੰਦਾ ਹੈ ਕਿ ਇਰਾਨ ਆਪਣੇ ਯੂਰੇਨੀਅਮ ਸੋਧਣ ਦੇ ਪ੍ਰੋਗਰਾਮ ਨੂੰ ਮੁਲਤਵੀ ਕਰੇ, ਉੱਥੇ ਹੀ ਪਹਿਲਾਂ ਹੀ ਇਸੇ ਮਸਲੇ 'ਤੇ ਅਮਰੀਕੀ ਨੁਮਾਇੰਦਿਆਂ ਨਾਲ ਗੱਲ ਕਰ ਰਹੇ ਇਰਾਨੀ ਆਗੂ ਹੁਣ ਇਹ ਕਹਿ ਰਹੇ ਹਨ ਕਿ ਇਸ 'ਤੇ ਕੋਈ ਸਮਝੌਤਾ ਨਹੀਂ ਹੋ ਸਕਦਾ। ਸਪਸ਼ਟ ਹੈ ਕਿ ਇਰਾਨ ਦਾ ਇਹ ਰੁਖ਼ ਨਾ ਤਾਂ ਅਮਰੀਕਾ ਨੂੰ ਸਵੀਕਾਰ ਹੋਵੇਗਾ, ਨਾ ਇਜ਼ਰਾਇਲ ਨੂੰ ਅਤੇ ਨਾ ਹੀ ਖਾੜੀ ਦੇਸ਼ਾਂ ਨੂੰ।

***

''ਛੋਟਾ ਘੱਲੂਘਾਰਾ ''

ਸਾਹਮਣਾ ਕਰਦੇ ਹੋਏ ਬਚ ਨਿਕਲਦੇ ਗਏ। ਕੁਝ ਸਿੰਘਾਂ ਨੇ ਆਪਣੇ ਘੜ ਬਿਆਸ ਦਰਿਆ 'ਚ ਠੇਲ੍ਹ ਦਿੱਤੇ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਲਲਕਾਰਿਆ ਕਿ ਮੌਤ ਨਾਲੋਂ ਲੜਦੇ ਸ਼ਹੀਦ ਹੋਣਾ ਹੀ ਚੰਗਾ ਹੈ। ਸਿੰਘ ਤੁਰਕੀ ਸੈਨਾ ਤੇ ਝਪਟ ਪਏ। ਤੁਰਕਾਨੀ ਸੈਨਾ ਦੇ ਆਗੂ ਮਿਰਜ਼ਾ ਹਿੰਮਤ ਬੇਗ, ਸੈਦ ਅਲੀ ਖਾਂ ਫ਼ੌਜਦਾਰ, ਜਸਪਤ ਰਾਏ ਦਾ ਲੜਕਾ ਹਰਭਜ ਰਾਏ, ਨਾਹਰ ਖਾਂ, ਕਰਮ ਬਖ਼ਸ਼ ਬੜੇ ਜ਼ੋਰ ਨਾਲ ਲੜੇ ਪਰ ਸਿੰਘਾਂ ਨੇ ਉਹਨਾਂ ਦੀ ਪੇਸ਼ ਨਾ ਜਾਣ ਦਿੱਤੀ। ਚਾਰ ਪੰਜ ਕੋਹ ਜਿਥੋਂ ਤਕ ਤੁਰਕਾਨੀ ਸੈਨਾ ਫੈਲੀ ਹੋਈ ਸੀ, ਨੂੰ ਚੀਰ ਕੇ ਸਿੰਘ ਨਿਕਲਦੇ ਗਏ। ਸਿੰਘਾਂ ਦੇ ਕਈ ਜਥੇਦਾਰ ਤੇ ਅਨੇਕਾਂ ਸਿੰਘ ਸ਼ਹੀਦੀ ਪ੍ਰਾਪਤ ਕਰ ਗਏ। ਤੁਰਕਾਨੀ ਸੈਨਾ ਦੇ ਕਈ ਨਾਮੀ ਜਰਨੈਲ ਹਰਭਜ ਰਾਏ, ਨਾਹਰ ਖਾਂ, ਕਰਮ ਬਖਸ, ਅਸਗਰ ਖਾਂ ਆਦਿ ਮਾਰੇ ਗਏ। ਸ੍ਰ. ਸੁੱਖਾ ਸਿੰਘ ਰਾਮਗੜ੍ਹੀਆ ਦੀ ਲੱਤ ਗੋਲੀ ਲਖਣ ਕਰਕੇ ਜ਼ਖਮੀ ਹੋ ਗਈ ਪਰ ਉਸਨੇ ਹੌਂਸਲਾ ਨਹੀਂ ਛੱਡਿਆ ਅਤੇ ਆਪਣੇ ਜਥੇ ਦੀ ਅਗਵਾਈ ਕਰਦਾ ਰਿਹਾ।

ਬੰਦਾ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੰਘਾਂ ਦਾ ਸਭ ਤੋਂ ਵੱਡਾ ਨੁਕਸਾਨ ਇਸ ਛੰਭ ਵਿਚੋਂ ਨਿਕਲਣ ਸਮੇਂ ਹੋਇਆ। ਇਸੇ ਲਈ ਇਸ ਨੂੰ ਸਿੱਖ ਇਤਿਹਾਸ ਵਿੱਚ ਛੋਟਾ ਘੱਲੂਘਾਰਾ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਮੁਗਲਾਂ ਦੇ ਦੋ ਦਹਾਕੇ ਚਲੇ ਇਸ ਤਸ਼ੱਦਦ ਵਿੱਚ ਫਿਰ 1762 ਈ. ਵਿੱਚ ਕੁੱਪ ਰਹੀੜੇ ਦੇ ਅਸਥਾਨ ਤੇ ਸਿੰਘਾਂ ਦੇ ਹੋਏ ਭਾਰੀ ਕਤਲੇਆਮ ਤੋਂ ਬਾਅਦ ਛੋਟਾ ਘੱਲੂਘਾਰਾ ਕਿਹਾ ਜਾਣ ਲੱਗਿਆ। ਘੱਲੂਘਾਰਾ ਸ਼ਬਦ ਅਫ਼ਗਾਨ ਬੋਲੀ ਵਿਚੋਂ ਹੈ, ਜਿਸਦਾ ਅਰਥ ਹੈ 'ਸਭ ਕੁਝ ਬਰਬਾਦ ਹੋ ਜਾਣਾ'।

ਛੰਭ ਵਿਚੋਂ ਨਿਕਲਣ ਸਮੇਂ ਕੁਝ ਸਿੰਘ ਕਠੂਹਾ ਤੇ ਜੰਮੂ ਆਦਿ ਰਾਵੀਓਂ ਪਾਰ ਚਲੇ ਗਏ। ਕੁਝ ਕਾਂਗੜਾ ਤੇ ਸਕੇਤ ਮੰਡੀ ਇਲਾਕਿਆਂ ਵਿੱਚ ਰਹਿਣ ਲੱਗੇ। ਕੁਝ ਜਥੇ ਬਿਆਸ ਪਾਰ ਕਰਕੇ ਪਹਾੜ ਦੇ ਨਾਲ ਨਾਲ ਕੀਰਤਪੁਰ ਚਲੇ ਗਏ ਉਥੋਂ ਫਿਰ ਮਾਝੇ ਵਿੱਚ ਪੁਜੇ। ਕੁਝ ਜਥੇ ਹਰਿਗੋਬਿੰਦ ਪੁਰ ਵਾਲੇ ਪਾਸਿਓਂ ਭੇਟਾ ਦੇ ਪੱਤਣ ਨੂੰ ਪਾਰ ਕਰਕੇ ਹੁਸ਼ਿਆਰਪੁਰ ਚਲੇ ਗਏ।

ਤਿੰਨ ਚਾਰ ਮਹੀਨੇ ਕਾਹਨੂੰਵਾਨ ਦੇ ਝਲ ਵਿੱਚ ਘਿਰੇ ਰਹਿਣ ਕਰਕੇ ਸਿੰਘਾਂ ਦੇ ਕੱਪੜੇ ਲੀੜੇ ਪਾਟੇ ਹੋਏ ਸ ਨ। ਪੈਰਾਂ ਵਿੱਚ ਜੋੜੇ ਵੀ ਨਹੀਂ ਸਨ। ਤਪੀ ਰੇਤ ਨੇ ਸਿੰਘਾਂ ਦੇ ਪੈਰਾਂ ਨੂੰ ਦਾਣਿਆਂ ਵਾਂਗ ਭੁੰਨ ਦਿੱਤਾ। ਸਿੰਘਾਂ ਨੇ ਪੈਰਾਂ ਨੂੰ ਕੱਪੜੇ ਤੇ ਦਰਖਤਾਂ ਦੇ ਪੱਤੇ ਛਿੱਲਾਂ ਨਾਲ ਬੰਨ ਕੇ ਰੇਤ ਨੂੰ ਪਾਰ ਕੀਤਾ। ਜਦੋਂ ਸਿੰਘ ਰਸਤਾ ਬਸਤਾਂ ਲੈ ਕੇ ਮੀਰਕੋਟ ਦੀ ਝਿੜੀ ਵਿੱਚ ਲੰਗਰ ਤਿਆਰ ਕਰਨ ਲੱਗੇ ਤਾਂ ਈਸ਼ੇ ਖਾਂ , ਜੋ ਦੋਆਬੇ ਦਾ ਹੁਕਮਰਾਨ ਸੀ, ਨੇ ਸਿੰਘਾਂ 'ਤੇ ਹਮਲਾ ਕਰ ਦਿੱਤਾ। ਟਾਕਰਾ ਕਰਕੇ ਹੋਏ ਸਿੰਘਾਂ ਦ ਜਥੇ ਅਲੀਵਾਲ ਦੇ ਪੁਲੋਂ ਸਤਲੁੱਜ ਪਾਰ ਕਰਕੇ ਮਾਲਵੇ ਵਿੱਚ ਦਾਖਲ ਹੋਏ। ਸਿੰਘ ਮਾਲਵੇ ਦੇ ਪਿੰਡਾਂ ਵਿੱਚ ਖਿੰਡ ਪੁੰਡ ਗਏ। ਮਾਲਵੇ ਦੀਆਂ ਸੰਗਤਾਂ ਨੇ ਸਿੰਘਾਂ ਨੂੰ ਸੰਭਾਲ ਲਿਆ। ਉਹਨਾਂ ਸਿੰਘਾਂ ਦੀ ਬੜੀ ਦੇਖ ਭਾਲ ਅਤੇ ਸੇਵਾ ਕੀਤੀ। ਕੁਝ ਹੀ ਦਿਨਾਂ ਵਿੱਚ ਸਿੰਘ ਤੰਦਰੁਸਤ ਹੋ ਕੇ ਆਪਣੇ ਘਰਾਂ ਨੂੰ ਪਰਤ ਗਏ। ਕੁਝ ਹੀ ਸਮੇਂ ਵਿੱਚ ਮਾਝੇ 'ਚ ਸਿੰਘਾਂ ਦੇ ਜਥੇ ਸਰਗਰਮ ਹੋ ਗਏ। ਸਿੰਘਾਂ ਨੇ ਇਕ ਸਾਲ ਵਿੱਚ ਹੀ ਅੰਮ੍ਰਿਤਸਰ ਵਿਖੇ ਰਾਮਗੜ੍ਹ ਨਾਮ ਦਾ ਕਿਲਾ ਬਣਾਇਆ। ਉਥੋਂ ਫਿਰ ਜੰਗ ਦੀਆਂ ਤਿਆਰੀਆਂ ਆਰੰਭ ਦਿੱਤੀਆਂ। ਲਖਪਤ ਰਾਏ ਦੁਆਬੇ ਵਿਚੋਂ ਲਾਹੌਰ ਪਰਤ ਗਿਆ।

ਛੋਟੇ ਘੱਲੂਘਾਰੇ ਦੀ ਯਾਦ ਵਿੱਚ ਗੁਰਦਾਸਪੁਰ ਵਿੱਚ ਛੰਭ ਕਾਹਨੂੰਵਾਨ ਵਿਖੇ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਨੇੜੇ ਹੀ ਅਬਦੁਲਾ ਵਾਲਾ ਕਾਹਨੂੰਵਾਨ ਵਿਖੇ ਅਜਾਇਬ ਘਰ ਹੈ।

***

ਚੋਣ ਨਤੀਜਿਆਂ ਦਾ ਰਾਸ਼ਟਰੀ

ਭਾਰਤੀ ਜਨਤਾ ਪਾਰਟੀ ਨੇ ਵੀ ਪਿਛਲੀ ਵਿਧਾਨ ਸਭਾ ਚੋਣ ਵਿੱਚ ਆਪਣੇ ਵੱਲੋਂ ਕੀਤੀਆਂ ਗਈਆਂ ਗ਼ਲਤੀਆਂ ਤੋਂ ਸਬਕ ਲੈਂਦਿਆਂ ਸਕਾਰਾਤਮਕ ਮੁਹਿੰਮ 'ਤੇ ਧਿਆਨ

ਕੇਂਦਰਿਤ ਕੀਤਾ, ਜਿਸ ਦਾ ਵੀ ਉਸ ਨੂੰ ਲਾਭ ਮਿਲਿਆ।

ਚੋਣ ਨਤੀਜਿਆਂ ਨੂੰ ਲੈ ਕੇ ਸਭ ਤੋਂ ਹੈਰਾਨ ਕਰਨ ਵਾਲਾ ਕੰਮ ਤਾਮਿਲਨਾਡੂ ਨੇ ਕੀਤਾ ਹੈ, ਜਿੱਥੇ 1967 ਤੋਂ ਬਾਅਦ ਪਹਿਲੀ ਵਾਰ ਦ੍ਰਵਿੜ ਕੇਂਦਰਿਤ ਰਾਜਨੀਤੀ ਤੋਂ ਇਲਾਵਾ ਕੋਈ ਪਾਰਟੀ ਸੱਤਾ ਦੇ ਸਿਖ਼ਰ 'ਤੇ ਉੱਭਰੀ ਹੈ। ਤਾਮਿਲਨਾਡੂ ਦੀ ਰਾਜਨੀਤੀ 'ਤੇ ਫ਼ਿਲਮ ਜਗਤ ਦਾ ਪ੍ਰਭਾਵ ਸਦਾ ਤੋਂ ਰਿਹਾ ਹੈ ਅਤੇ ਦੇਸ਼ ਵਿੱਚ ਪਹਿਲਾਂ ਵੀ ਵੱਡੇ ਸਿਆਸੀ ਉਲਟਫੇਰ ਹੋ ਚੁੱਕੇ ਹਨ, ਪਰ ਅਦਾਕਾਰ ਤੋਂ ਆਗੂ ਬਣੇ ਵਿਜੇ ਦੀ ਜਿੱਤ ਕਈ ਮਾਅਨਿਆਂ ਵਿੱਚ ਹੈਰਾਨ ਕਰਨ ਵਾਲੀ ਰਹੀ ਹੈ।

ਇਕ ਸਮੇਂ ਐੱਨਟੀਆਰ ਨੇ ਸਮੂਹ ਆਂਧਰਾ ਪ੍ਰਦੇਸ਼ ਦਾ ਦੌਰਾ ਕਰ ਕੇ ਆਪਣੇ ਸਿਨੇਮਾ ਆਧਾਰਿਤ ਅਕਸ ਨੂੰ ਸਿਆਸੀ ਰੂਪ ਦਿੱਤਾ ਸੀ, ਪਰ ਉਸ ਦੀ ਤੁਲਨਾ ਵਿਚ ਵਿਜੇ ਨੇ ਅਜਿਹਾ ਕੁਝ ਨਹੀਂ ਕੀਤਾ। ਆਮ ਆਦਮੀ ਪਾਰਟੀ ਅਤੇ ਅਸਮ ਗਣ ਪ੍ਰੀਸ਼ਦ ਜਿਹੇ ਇੱਕਦਮ ਸਫ਼ਲ ਹੋਏ ਸਿਆਸੀ ਤਜਰਬਿਆਂ ਦਾ ਪਿਛੋਕੜ ਵੀ ਕਿਤੇ ਨਾ ਕਿਤੇ ਕਿਸੇ ਸਮਾਜਿਕ-ਰਾਜਨੀਤਿਕ ਅੰਦੋਲਨ ਨਾਲ ਜੁੜਿਆ ਰਿਹਾ, ਪਰ ਵਿਜੇ ਦੀ ਟੀਵੀਕੇ ਦੇ ਨਾਲ ਅਜਿਹਾ ਵੀ ਕੁਝ ਨਹੀਂ ਸੀ। ਇਸ ਲਈ ਉਨ੍ਹਾਂ ਦੀ ਜਿੱਤ ਸੱਚਮੁੱਚ ਹੈਰਾਨ ਕਰਨ ਵਾਲੀ ਹੈ।

ਇਨ੍ਹਾਂ ਚੋਣਾਂ ਤੋਂ ਭਾਰਤੀ ਜਨਤਾ ਪਾਰਟੀ ਨੂੰ ਵੱਡੀ ਸਿਆਸੀ ਮਜ਼ਬੂਤੀ ਮਿਲੇਗੀ। ਕੇਰਲਮ ਅਤੇ ਤਮਿਲਨਾਡੂ ਵਿਚ ਨਾਕਾਮੀ ਦੇ ਬਾਵਜੂਦ ਅਸਾਮ ਵਿਚ ਪਹਿਲਾਂ ਤੋਂ ਵੱਧ ਮਜ਼ਬੂਤੀ ਅਤੇ ਬੰਗਾਲ ਦੇ ਸ਼ਾਨਦਾਰ ਜਨਾਦੇਸ਼ ਨਾਲ ਇਸ ਦਾ 'ਮਿਸ਼ਨ ਈਸਟ' ਲਗਪਗ ਪੂਰਾ ਹੋ ਗਿਆ ਹੈ। ਇਸ ਨਾਲ ਉਤਸ਼ਾਹਿਤ ਪਾਰਟੀ ਦੱਖਣ ਵਿੱਚ ਹੋਰ ਮਜ਼ਬੂਤੀ ਨਾਲ ਆਪਣੀ ਤਾਕਤ ਲਗਾਏਗੀ।

ਤ੍ਰਿਣਮੂਲ ਕਾਂਗਰਸ ਅਤੇ ਡੀ.ਐੱਮ.ਕੇ. ਦੀ ਅਜਿਹੀ ਜ਼ਬਰਦਸਤ ਹਾਰ ਵਿਰੋਧੀ ਪਾਰਟੀਆਂ ਦੇ ਮੋਰਚੇ ਆਈ.ਐੱਨ.ਡੀ.ਆਈ.ਏ. ਲਈ ਇੱਕ ਤਗੜਾ ਝਟਕਾ ਹੈ, ਕਿਉਂਕਿ ਇਹ ਇਸ ਗੱਠਜੋੜ ਦੇ ਪ੍ਰਮੁੱਖ ਥੰਮ੍ਹ ਰਹੇ ਹਨ। ਉਨ੍ਹਾਂ ਦੀ ਹਾਰ ਨਾਲ ਇਸ ਗੱਠਜੋੜ ਦਾ ਸੰਤੁਲਨ ਵੀ ਬਦਲੇਗਾ। ਕਾਂਗਰਸ ਦਾ ਦੋ ਸੂਬਿਆਂ ਵਿਚ ਦਾਅ ਲੱਗਾ ਸੀ, ਜਿਸ ਵਿੱਚ ਕੇਰਲਮ ਦੀ ਜਿੱਤ ਨਾਲ ਇਸ ਨੂੰ ਕੁਝ ਹੌਸਲਾ ਮਿਲੇਗਾ, ਪਰ ਅਸਾਮ ਉਸ ਲਈ ਜਿਸ ਤਰ੍ਹਾਂ ਮੁਸ਼ਕਿਲ ਹੋ ਰਿਹਾ ਹੈ, ਉਸ ਦੀ ਟੀਸ ਇਸ ਨੂੰ ਦੁਖੀ ਕਰਦੀ ਰਹੇਗੀ। ਲੋਕ ਸਭਾ ਸੀਟਾਂ ਦੇ ਹਿਸਾਬ ਨਾਲ ਵੱਡੇ ਸੂਬਿਆਂ ਵਿੱਚ ਲਗਾਤਾਰ ਹਾਸ਼ੀਏ 'ਤੇ ਪਹੁੰਚਣਾ ਵੀ ਉਸ ਲਈ ਚਿੰਤਾਜਨਕ ਪਹਿਲੂ ਬਣਦਾ ਜਾ ਰਿਹਾ ਹੈ। ਪਾਰਟੀ ਨੂੰ ਇਸ 'ਤੇ ਵਿਚਾਰ ਕਰਨਾ ਪਵੇਗਾ।

***

ਅਮਰੀਕਾ ਨਾਲ ਮਜ਼ਬੂਤ ਹੋਏ ਭਾਰਤ

ਇਸ ਨਾਲ ਕਰੀਬ 1,500 ਅਮਰੀਕੀ ਨੌਕਰੀਆਂ ਪੈਦਾ ਹੋਣ ਦੀ ਉਮੀਦ ਹੈ। ਪੀ.ਆਰ. ਜਿੰਦਲ ਗਰੁੱਪ ਦੀਆਂ ਕੰਪਨੀਆਂ ਜਿੰਦਲ ਪਾਈਪ ਯੂ.ਐੱਸ.ਏ. ਅਤੇ ਜਿੰਦਲ ਟਿਊਬਲਰ ਯੂ.ਐੱਸ.ਏ. ਟੈਕਸਾਸ ਅਤੇ ਮਿਸੀਸਿਪੀ 'ਚ ਵਿਸਤਾਰ 'ਤੇ 87 ਮਿਲੀਅਨ ਡਾਲਰ ਖਰਚ ਕਰਨਗੀਆਂ।

ਏ.ਆਈ. ਅਤੇ ਟੈਕਨਾਲੋਜੀ ਸੈਕਟਰ 'ਚ ਭਾਰਤ ਦੀ ਮਜ਼ਬੂਤ ਮੌਜੂਦਗੀ

ਭਾਰਤੀ ਟੈੱਕ ਕੰਪਨੀਆਂ ਵੀ ਅਮਰੀਕੀ ਬਾਜ਼ਾਰ 'ਚ ਤੇਜ਼ੀ ਨਾਲ ਵਿਸਤਾਰ ਕਰ ਰਹੀਆਂ ਹਨ। ਮੁੰਬਈ ਦੀ ਸਟਰਲਾਈਟ ਟੈਕਨਾਲੋਜੀਜ਼ ਲਿਮਟਿਡ ਅਮਰੀਕਾ 'ਚ 100 ਮਿਲੀਅਨ ਡਾਲਰ ਦਾ ਨਿਵੇਸ਼ ਕਰੇਗੀ, ਜਿਸ ਨਾਲ ਏ.ਆਈ. ਅਤੇ ਟੈਲੀਕਾਮ ਇਨਫਰਾਸਟ੍ਰਕਚਰ ਨੂੰ ਮਜ਼ਬੂਤੀ ਮਿਲੇਗੀ ਅਤੇ ਕਰੀਬ 500 ਨੌਕਰੀਆਂ ਪੈਦਾ ਹੋਣਗੀਆਂ। ਇੰਦੌਰ ਦੀ ਟੈਕਡੋਮ ਸਾਲਿਊਸ਼ਨਜ਼, ਕੇਰਲ ਦੀ ਰੋਸ਼ ਏ.ਆਈ., ਚੇਨਈ ਦੀ ਐਂਟਰੀ ਏ.ਆਈ. ਅਤੇ ਹਿਊਸਟਨ 'ਚ ਵਿਸਤਾਰ ਕਰ ਰਹੀ ਕਿਸਫਲੋ ਵਰਗੀਆਂ ਕੰਪਨੀਆਂ ਵੀ ਨਵੇਂ ਪ੍ਰਾਜੈਕਟਾਂ 'ਚ ਨਿਵੇਸ਼ ਕਰ ਰਹੀਆਂ ਹਨ।

ਰਿਸਰਚ ਅਤੇ ਇਨੋਵੇਸ਼ਨ 'ਤੇ ਵੀ ਜ਼ੋਰ

ਊਰਜਾ ਅਤੇ ਰਿਸਰਚ ਸੈਕਟਰ 'ਚ ਵੀ ਭਾਰਤੀ ਸੰਸਥਾਵਾਂ ਦੀ ਸਰਗਰਮੀ ਵਧੀ ਹੈ। ਭਾਰਤੀ ਉਦਯੋਗਿਕ ਸੰਸਥਾ ਮਦਰਾਸ ਗਲੋਬਲ ਰਿਸਰਚ ਫਾਊਂਡੇਸ਼ਨ ਕੈਲੀਫੋਰਨੀਆ 'ਚ ਰਿਸਰਚ ਅਤੇ ਕੋਲੈਬੋਰੇਸ਼ਨ ਹੱਬ ਸਥਾਪਿਤ ਕਰਨ ਲਈ 4.5 ਮਿਲੀਅਨ ਡਾਲਰ ਨਿਵੇਸ਼ ਕਰੇਗੀ।

2030 ਤੱਕ 500 ਅਰਬ ਡਾਲਰ ਵਪਾਰ ਦਾ ਟੀਚਾ

ਅਮਰੀਕੀ ਦੂਤਘਰ ਦੇ ਬਿਆਨ 'ਚ ਕਿਹਾ ਗਿਆ ਕਿ ਦੋਵਾਂ ਦੇਸ਼ਾਂ ਦਾ ਟੀਚਾ 2030 ਤੱਕ ਦੁਵੱਲੇ ਵਪਾਰ ਨੂੰ 500 ਅਰਬ ਡਾਲਰ ਤੱਕ ਪਹੁੰਚਾਉਣਾ ਹੈ। ਅਮਰੀਕੀ ਅਧਿਕਾਰੀਆਂ ਅਨੁਸਾਰ ਨਿਰਪੱਖ ਅਤੇ ਸੰਤੁਲਿਤ ਵਪਾਰ ਵਿਵਸਥਾ ਜ਼ਰੀਏ ਦੋਵਾਂ ਦੇਸ਼ਾਂ 'ਚ ਸਾਂਝੀ ਖ਼ੁਸ਼ਹਾਲੀ ਅਤੇ ਰੋਜ਼ਗਾਰ ਨੂੰ ਉਤਸ਼ਾਹ ਮਿਲੇਗਾ।

RAISING VOICE FOR TRUTH
ਹੋਕਾ TV

HOKA TV
(ਹੋਕਾ ਟੀ.ਵੀ.)

ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store
GET IT ON Google Play

ਹੋਰ ਜਾਣਕਾਰੀ ਲਈ ਵੇਖੋ

https://hokatv.com/guest/home